SARDAR SUPER MARKET
ਸਰਦਾਰ ਸੁਪਰ ਮਾਰਕਿਟ
ਸਸਤੀ ਅਤੇ ਸਿਹਤਮੰਦ
ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

The Punjabi Newspaper
ਪੰਜਾਬੀਅਤ ਦਾ ਪਹਰਾ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com

Vol: 8 No: 174 Website : www.punjabiakhbaar.ca Email: editor@punjabiakhbaar.ca Friday, 18 June 2021

## ਮੂਲ ਨਿਵਾਸੀਆਂ ਦੇ ਅਦਾਲਤਾਂ ਵਿਚ ਚੱਲ ਰਹੇ ਮੁੱਕਦਮੇ ਖਤਮ ਕਰਕੇ ਸੈਟਲਮੈਂਟ ਹੋਣੀ ਚਾਹੀਦੀ ਹੈ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਹਾਊਸ ਔਫ਼ ਕੌਮਨਜ਼ ਵਿੱਚ ਫੈਡਰਲ ਐਨਡੀਪੀ ਵੱਲੋਂ ਪੇਸ਼ ਉਹ ਮੋਸ਼ਨ ਪਾਸ ਹੋ ਗਿਆ ਹੈ ਜਿਸ ਵਿੱਚ ਮੰਗ ਕੀਤੀ ਗਈ ਸੀ ਕਿ ਟਰੂਡੋ ਸਰਕਾਰ ਮੂਲ ਨਿਵਾਸੀ ਬੱਚਿਆਂ ਅਤੇ ਰੈਜ਼ਿਡੈਂਸ਼ੀਅਲ ਸਕੂਲਾਂ ਵਿਚੋਂ ਬਚ ਕੇ ਨਿਕਲ ਆਏ ਵਿਅਕਤੀਆਂ ਨੂੰ ਕੋਰਟ ਵਿੱਚ ਜਾਣ ਤੋਂ ਰੋਕੇ। ਫੈਡਰਲ ਲਿਬਰਲ ਪਾਰਟੀ ਨੇ ਇਸ ਮੋਸ਼ਨ ਦਾ ਵਿਰੋਧ ਕੀਤਾ ਤੇ ਵੋਟਿੰਗ ਵਿੱਚ ਹਿੱਸਾ ਹੀ ਨਹੀਂ ਲਿਆ। ਜਦੋਂ ਕਿ 271 ਵੋਟਾਂ ਇਸ ਦੇ ਹੱਕ ਵਿੱਚ ਪਈਆਂ ਤੇ ਸਾਰੀਆਂ ਵਿਰੋਧੀ ਧਿਰਾਂ ਨੇ ਇਸ ਮੋਸ਼ਨ ਦੇ ਹੱਕ ਵਿੱਚ ਵੋਟ ਕੀਤੀ। ਲਿਬਰਲ ਕੈਬਿਨੇਟ ਵਿੱਚੋਂ ਕਿਸੇ ਵੀ ਮੈਂਬਰ ਨੇ ਇਸ ਮੋਸ਼ਨ ਦਾ ਸਮਰਥਨ ਨਹੀਂ ਕੀਤਾ ਤੇ ਪ੍ਰਾਇਮ ਮਨਿਸਟਰ ਤਾਂ ਸਾਹਮਣੇ ਹੀ ਨਹੀਂ ਆਏ। ਜਗਮੀਤ ਸਿੰਘ ਨੇ ਹਮਲਾਵਰ ਹੁੰਦਿਆਂ ਕਿਹਾ ਕਿ ਸਰਕਾਰ ਆਪਣੀ ਜ਼ਿੰਮੇਦਾਰੀ ਤੋਂ ਭੱਜ ਰਹੀ ਹੈ। ਹੁਣ ਇਸ ਮੋਸ਼ਨ ਦੇ ਪਾਸ ਹੋਣ ਮਗਰੋਂ 110 ਦਿਨਾਂ ਦੇ ਅੰਦਰ ਅੰਦਰ ਫੈਡਰਲ ਸਰਕਾਰ ਨੂੰ ਦੱਸਣਾ ਪਵੇਗਾ ਇਹਨਾਂ ਵਿਅਕਤੀਆਂ ਦੇ ਚੱਲ ਰਹੇ ਕੋਰਟ ਕੇਸਾਂ ਨੂੰ ਖ਼ਤਮ ਕਰਨ ਲਈ ਸਰਕਾਰ ਕੀ ਕਰ ਰਹੀ ਹੈ। ਕਈ ਸਰਵਾਇਵਰਜ਼ ਅਤੇ ਮੂਲ ਨਿਵਾਸੀ ਭਾਈਚਾਰਿਆਂ ਨੇ ਮੁਕੱਦਮੇ ਕਰਕੇ ਰੈਜ਼ਿਡੈਂਸ਼ੀਅਲ ਸਕੂਲਾਂ ਦੇ ਮਾਮਲੇ 'ਤੇ ਮੁਕੱਦਮੇ ਕੀਤੇ ਹੋਏ ਹਨ ਤੇ ਸਰਕਾਰ ਇਹਨਾਂ ਮਾਮਲਿਆਂ ਵਿੱਚ ਬਚਾਅ ਕਰ ਰਹੀ ਹੈ ਜਦੋਂ ਵਿਰੋਧੀ ਧਿਰਾਂ ਨੇ ਮੰਗ ਕੀਤੀ ਹੈ ਕਿ ਇਹ ਮਾਮਲੇ ਖ਼ਤਮ ਹੋਣੇ ਚਾਹੀਦੇ ਹਨ ਤੇ ਸੈਟਲਮੈਂਟ ਹੋਣੀ ਚਾਹੀਦੀ ਹੈ। ਮੂਲ ਨਿਵਾਸੀ ਭਾਈਚਾਰਿਆਂ ਦੇ ਕਈ ਮੁਖੀਆਂ ਨੇ ਪ੍ਰਾਇਮ ਮਨਿਸਟਰ ਤੇ ਉਹਨਾਂ ਦੀ ਪਾਰਟੀ ਦੀ ਇਸ ਗ਼ੈਰਹਾਜ਼ਰੀ ਦੀ ਆਲੋਚਨਾ ਕੀਤੀ ਹੈ ਤੇ ਕਿਹਾ ਹੈ ਕਿ ਉਹ ਭਾਈਚਾਰਿਆਂ ਲਈ ਸੁਹਿਰਦਤਾ ਨਹੀਂ ਵਿਖਾ ਸਕੇ।

Barinder Ubhi
Realtor
(204)807-5013
babbu_ubhi@yahoo.com
MAXPRO REAL ESTATE
1739 Pembina Hwy. Winnipeg, MB, R3T 2G6
P:(204) 218-2222
F:(204) 261-1488
www.maxproreal estate.ca

## ਐੱਸ. ਆਈ. ਟੀ. ਸਾਹਮਣੇ ਪੇਸ਼ ਨਹੀਂ ਹੋਣਗੇ ਪ੍ਰਕਾਸ਼ ਸਿੰਘ ਬਾਦਲ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 16 ਜੂਨ ਨੂੰ ਐੱਸ. ਆਈ. ਟੀ. ਅੱਗੇ ਪੇਸ਼ ਨਹੀਂ ਹੋਣਗੇ। ਬਾਦਲ ਨੇ ਐੱਸ. ਆਈ. ਟੀ. ਅੱਗੇ ਨਾ ਪੇਸ਼ ਹੋਣ ਪਿੱਛੇ ਖਰਾਬ ਸਿਹਤ ਦਾ ਹਵਾਲਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਏਮਜ਼ ਬਠਿੰਡਾ 'ਚ ਵੀ ਸਿਹਤ ਜਾਂਚ ਹੋਈ ਹੈ ਅਤੇ ਡਾਕਟਰੀ ਸਲਾਹ 'ਤੇ ਉਹ ਐੱਮ.ਐੱਲ. ਏ. ਫ਼ਲੈਟ 'ਚ ਆਰਾਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲਿਖਤੀ ਰੂਪ 'ਚ ਐੱਸ. ਆਈ. ਟੀ. ਨੂੰ 16 ਜੂਨ ਵਾਲੇ ਦਿਨ ਪੇਸ਼ ਨਹੀਂ ਹੋਣ ਬਾਰੇ ਉਨ੍ਹਾਂ ਵਲੋਂ ਭੇਜ ਦਿੱਤਾ ਜਾਵੇਗਾ। ਹਾਲਾਂਕਿ ਜਦੋਂ ਉਨ੍ਹਾਂ ਦੀ ਸਿਹਤ ਠੀਕ ਹੁੰਦੀ ਹੈ ਤਾਂ ਉਹ ਉਸੇ ਦਿਨ ਹੀ ਐੱਸ. ਆਈ. ਟੀ. ਦੀ ਜਾਂਚ 'ਚ ਆਪਣਾ ਪੂਰਾ ਸਹਿਯੋਗ ਦੇਣਗੇ। ਜ਼ਿਕਰਯੋਗ ਹੈ ਕਿ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੁੱਛਗਿੱਛ ਲਈ 16 ਜੂਨ ਨੂੰ ਤਲਬ ਕਰਨਾ ਸੀ। ਏ. ਡੀ. ਜੀ. ਪੀ. ਐੱਲ. ਕੇ. ਯਾਦਵ ਦੀ ਅਗਵਾਈ ਵਾਲੀ ਜਾਂਚ ਟੀਮ ਨੇ ਬਾਦਲ ਨੂੰ ਮੁਹਾਲੀ ਦੇ ਫ਼ੇਜ਼-8 ਵਿੱਚ ਪੁੱਛਗਿੱਛ ਲਈ ਬੁਲਾਇਆ ਸੀ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਕੋਟਕਪੂਰਾ ਅਤੇ ਬਹਿਬਲ ਗੋਲੀ ਕਾਂਡ ਦੇ ਸਬੰਧ ਵਿੱਚ ਕੁੰਵਰ ਵਿਜੈ ਪ੍ਰਤਾਪ ਦੀ ਅਗਵਾਈ ਹੇਠਲੀ ਟੀਮ ਅੱਗੇ ਪੁੱਛ-ਪੜਤਾਲ ਲਈ ਪੇਸ਼ ਹੋ ਚੁੱਕੇ ਹਨ।

ਜਾਂਚ ਟੀਮ ਨੇ ਸਾਬਕਾ ਡੀ. ਜੀ. ਪੀ. ਅਤੇ 5 ਹੋਰ ਆਈ. ਪੀ. ਐੱਸ. ਅਧਿਕਾਰੀਆਂ ਤੋਂ ਪੁੱਛ-ਪੜਤਾਲ ਮੁਕੰਮਲ ਕਰ ਕੇ ਹੁਣ ਪ੍ਰਕਾਸ਼ ਸਿੰਘ ਬਾਦਲ ਨੂੰ ਜਾਂਚ ਲਈ ਸੱਦਿਆ ਹੈ। ਜਾਣਕਾਰੀ ਮੁਤਾਬਕ ਗੋਲੀ ਕਾਂਡ ਤੋਂ ਪਹਿਲਾਂ ਤੱਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਫ਼ਰੀਦਕੋਟ ਪ੍ਰਸ਼ਾਸ਼ਨ ਨਾਲ ਲੰਬੀ ਗੱਲਬਾਤ ਹੋਈ ਸੀ ਅਤੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਪ੍ਰਸ਼ਾਸ਼ਨ ਨੂੰ ਗੱਲਬਾਤ ਰਾਹੀਂ ਮਾਮਲਾ ਨਜਿੱਠਣ ਲਈ ਕਿਹਾ ਸੀ। ਗੱਲਬਾਤ ਹੋਣ ਦੇ ਕਰੀਬ ਇੱਕ ਘੰਟੇ ਬਾਅਦ ਹੀ ਕੋਟਕਪੂਰਾ 'ਚ ਗੋਲੀ ਚੱਲ ਗਈ ਸੀ। ਜਾਂਚ ਟੀਮ ਇਹ ਜਾਣਨਾ ਚਾਹੁੰਦੀ ਹੈ ਕਿ ਜਦੋਂ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਵਜੋਂ ਮਾਮਲਾ ਗੱਲਬਾਤ ਰਾਹੀਂ ਨਿਬੇੜਨ ਦੇ ਆਦੇਸ਼ ਦਿੱਤੇ ਸਨ ਤਾਂ ਫ਼ਿਰ ਗੋਲੀ ਕਿਸ ਦੇ ਹੁਕਮਾਂ 'ਤੇ ਚਲਾਈ ਗਈ।

## ਸ਼ਹੀਦੀ ਦਿਹਾੜੇ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਲੋਂ ਕੌਮ ਨੂੰ ਗੁਰਬਾਣੀ ਤੇ ਸਿੱਖੀ ਨਾਲ ਜੁੜਨ ਦਾ ਸੰਦੇਸ਼

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਸ਼ਹੀਦਾਂ ਦੇ ਸਿਰਤਾਜ ਧੰਨ- ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਵੱਖ-ਵੱਖ ਥਾਵਾਂ 'ਤੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸ਼ਹੀਦੀ ਦਿਹਾੜੇ ਦੇ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਅਤੇ ਸਿੱਖੀ ਨਾਲ ਜੁੜਨ ਦੇ ਸੰਦੇਸ਼ ਦਿੱਤੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗੁਰੂ ਜੀ ਦੀ ਸ਼ਹਾਦਤ ਸਾਡੇ ਅੰਦਰ ਜ਼ੁਲਮ-ਜਬਰ ਦੇ ਨਾਲ ਲੜਨ ਦੀ ਤਾਕਤ ਪੈਦਾ ਕਰਦੀ ਹੈ। ਇਸ ਸ਼ਹਾਦਤ ਦੇ ਮੌਕੇ ਸਾਨੂੰ ਗੁਰਬਾਣੀ ਦੇ ਨਾਲ ਜੁੜਨਾ ਚਾਹੀਦਾ ਹੈ ਅਤੇ ਗੁਰਬਾਣੀ ਦਾ ਉਚਾਰਨ ਕਰਨਾ ਚਾਹੀਦਾ ਹੈ। ਜਥੇਦਾਰ ਨੇ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਨੂੰ ਵੀ ਗੁਰੂ ਦੇ ਲੜ ਅਤੇ ਗੁਰਬਾਣੀ ਨਾਲ ਜੋੜਨਾ ਚਾਹੀਦਾ ਹੈ। ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜਨ ਦੀ ਕੋਸ਼ਿਸ਼ ਕਰਨ, ਤਾਂ ਕਿ ਅਸੀਂ ਸੰਸਾਰ ਦੇ ਅੰਦਰ ਆਪਣੇ ਵੱਖਰੀ ਪਛਾਣ ਨੂੰ ਕਾਇਮ ਰੱਖਦੇ ਹੋਏ ਚੜ੍ਹਦੀ ਕਲਾ ਦੇ ਨਾਲ ਆਪਣਾ ਜੀਵਨ ਬਤੀਤ ਕਰੀਏ।

## ਵਿਨੀਪੈਗ ਤੋਂ ਕੈਲਗਰੀ 90 ਡਾਲਰ,ਕੈਲਗਰੀ ਤੋਂ ਟੋਰਾਂਟੋ 107 ਡਾਲਰ ਦੀਆਂ ਹਵਾਈ ਟਿਕਟਾਂ ਮਿਲਣ ਲੱਗੀਆਂ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਜਿਵੇਂ ਜਿਵੇਂ ਦੇਸ਼ ਵਿੱਚ ਕੋਰੋਨਾ ਵਾਇਰਸ ਦੀ ਕਰੋਪੀ ਦਾ ਅਸਰ ਘਟਣ ਲੱਗਿਆ ਹੈ, ਦੇਸ਼ ਦੀਆਂ ਦੋਵੇਂ ਪ੍ਰਮੁਖ ਏਅਰ-ਲਾਇਨਜ਼ - ਵੈਸਟਜੈਟ ਅਤੇ ਏਅਰ ਕੈਨੇਡਾ ਨੇ ਘਰੇਲੂ ਉਡਾਨਾਂ ਵਾਸਤੇ ਮੂਲ ਕਿਰਾਏ ਵਿੱਚ 20% ਦੀ ਛੋਟ ਦੇਣ ਦਾ ਐਲਾਨ ਕੀਤਾ ਹੈ ਤਾਂ ਕਿ ਲੋਕ ਘਰੇਲੂ ਯਾਤਰਾ ਮੁੜ ਕਰਨ ਵਿੱਚ ਦਿਲਚਸਪੀ ਲੈਣ। ਟੋਰੰਟੋ ਤੋਂ ਵੈਨਕੂਵਰ ਦਾ ਕਿਰਾਇਆ 117 ਡਾਲਰ, ਮੌਂਟਰੀਆਲ ਤੋਂ ਹੈਲੀਫੈਕਸ 86 ਡਾਲਰ ਅਤੇ ਵਿਨੀਪੈਗ ਤੋਂ ਕੈਲਗਰੀ ਦਾ ਕਿਰਾਇਆ ਸਿਰਫ਼ 90 ਡਾਲਰ ਲਿਆ ਗਿਆ ਹੈ। ਘਰੇਲੂ ਹਵਾਈ ਕਿਰਾਇਆਂ ਵਿੱਚ ਇਹ ਛੋਟ ਸਿਰਫ਼ ਐਤਵਾਰ ਤੱਕ ਹੀ ਸੀ ਤੇ ਉਡਾਨ ਇਸ ਸਾਲ ਦਸੰਬਰ ਤੱਕ ਕਿਸੇ ਵੀ ਸਮੇਂ ਭਰੀ ਜਾ ਸਕਦੀ ਹੈ। ਏਅਰ ਟ੍ਰਾਂਜ਼ੈਟ ਨੇ ਕੈਲਗਰੀ ਤੋਂ ਟੋਰੰਟੋ ਦਾ ਕਿਰਾਇਆ 107 ਡਾਲਰ ਲੈਣ ਦੀ ਗੱਲ ਆਖੀ ਹੈ। ਏਅਰ ਕੈਨੇਡਾ ਅਤੇ ਵੈਸਟਜੈਟ ਵੱਲੋਂ ਇਸੇ ਉਡਾਨ ਦਾ ਕਿਰਾਇਆ 105 ਡਾਲਰ ਲਿਆ ਗਿਆ। ਅਲਟਰਾ ਲੋਅ-ਕੌਸਟ ਕੈਰੀਅਰ ਫ਼ਲੇਅਰ ਏਅਰਲਾਇਨਜ਼ ਨੇ ਹੈਲਿਫੈਕਸ, ਸੇਂਟ ਜੌਨ, ਸ਼ੈਰਲਟ-ਟਾਉਨ ਅਤੇ ਔਟਵਾ ਲਈ ਆਪਣੀਆਂ ਉਡਾਨਾਂ ਚਲਾਉਣ ਦਾ ਐਲਾਨ ਵੀ ਕਰ ਦਿੱਤਾ ਹੈ।

ਆਪਣੇ ਫੋਨ ਵਿੱਚ ਪੰਜਾਬੀ ਅਖਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨਲੋਡ ਕਰੋ
PunjabiAkhbaar.ca
Android app
https://play.google.com/store/apps/details?id=com.mehramedia.punjabiakhbaar
ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰਿਓ
iPhone App
https://apps.apple.com/in/app/punjabi-akhbaar/id1559030797

Sukhbaz Deol
Financial Advisor
(204)998-7511
SAHARA INSURANCE GROUP
Visitor / Travel Insurance / Life Insurance
Super Visa Insurance / RRSP / RESP / Investments

ਸਟਾਈਲ ਇੰਡੀਆ
ਬਾਲੀਵੁੱਡ ਕਲੈਕਸ਼ਨ ਵਿੰਨੀਪੈਗ
STYLE India
BOLLYWOOD COLLECTION
• Latest Boutique suits
• Heavy Phulkari
• Frock suits
• Shimmer and Shunil suits
• Super soft blankets
ਇੰਡੀਆ ਨੂੰ ਪੈਸੇ ਭੇਜਣ ਲਈ ਵਧੀਆ ਰੇਟ
MoneyGram
ਪਾਸਪੋਰਟ ਸਾਈਜ਼ ਫੋਟੋ ਸਿਰਫ 10 ਡਾਲਰ
ਨਵੇਂ ਨਵੇਂ ਬੁਟੀਕ ਦੇ ਸੂਟ, ਭਾਰੀ ਫੁਲਕਾਰੀਆਂ, ਫਰਾਕ ਸੂਟ, ਸ਼ਿਮਰ ਐਂਡ ਸ਼ੁਨੀਲ ਸੂਟ, ਸੁਪਰ ਸੌਫਟ ਕੰਬਲ
102 Mandalay Dr. Winnipeg
(204) 632-9999

Yadwinder Deol
Realtor
MAXIMUM REALTY
ਘਰ ਵੇਚਣ ਜਾਂ ਖਰੀਦਣ ਲਈ ਸੰਪਰਕ ਕਰੋ!
Call TODAY to buy or sell your house
(204)803-2811

iccrc crcic
Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg, MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

Need a Mortgage?......
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
ਘਰ ਲੈਣ ਬਾਰੇ ਸੋਚਦੇ ਹੋ? ਘੱਟ ਰੇਟ ਤੇ ਮੋਰਗੇਜ ਲੈਣ ਲਈ ਅੱਜ ਹੀ ਕਮਲਜੀਤ ਸੰਧੂ ਨੂੰ ਫੋਨ ਕਰੋ।
SUPER VISA INSURANCE
SAHARA INSURANCE GROUP
Giving you the protection you need.
We offer best solution for you.
Super Visa Insurance
Critical Illness Insurance
Disability Insurance
Dental & Health Insurance
Mortgage Insurance
Life Insurance
Visitor Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

Gagan Bagri
Mortgage Advisor & Truck Loan Expert
EAST TO WEST LEASING
TRUCK/TRAILER & EQUIPMENT FINANCING
204-688-6486
100 MANDALAY DRIVE, WINNIPEG, MB
All Kind of Mortgages Saving You Both Time & Money
Lowest Rates Guaranteed
THE MORTGAGE WORLD

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

RAJ SANDHU
REALTOR®
Excellent Service...
Guaranteed Results!
ROYAL LEPAGE
Call: 204.227.5758
Email: rajsandhu@royallepage.ca
Thank you for your trust and support!

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
PERFECT ONE DRIVING SCHOOL LTD.
Class 1 & 3 Driving Training Center
PVI and MELT Approved School
NARINDER SAINI
ROBIN SANDHU
204 930 5822
204 899 5823
2040, Logan Avenue Manitoba, R2H 0H9
Email: info@perfectonedrivingschool.com
www.perfectonedrivingschool.com
Like us on

BEST DEAL DRIVING SCHOOL
204-583-4500
Jaspreet Kaur Thind
Class 5 Instructor
Class 5 • Brush up Courses • Pickup and Drop
Special Discount for New Comers and Students

CUSHMAN & WAKEFIELD Winnipeg
Stevenson
WE ARE YOUR FULL SERVICE COMMERCIAL REAL ESTATE PARTNER
KHUSH GREWAL
Senior Associate
T 204 934 6210
khush.grewal@cwstevenson.ca
17 NIHAL BAY
(+/-) 1,100 - 4,400 SF Units For Lease

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਣਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST Winnipeg (MB)
204 582 6666
204 880 8770

# ਕੈਲਗਰੀ ਵਿੱਚ ਕਿਤਾਬਾਂ ਦਾ ਮੇਲਾ - ਹਜ਼ਾਰਾਂ ਦੀ ਗਿਣਤੀ ਵਿੱਚ ਕਿਤਾਬਾਂ ਪਾਠਕਾਂ ਦੇ ਘਰਾਂ ਦਾ ਸ਼ਿੰਗਾਰ ਬਣੀਆਂ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਪਿਛਲੇ 10 ਸਾਲ ਤੋਂ ਪਰੋਗਰੈਸਿਵ ਕਲਚਰਲ ਐਸੋਸੀਏਸਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸਨਲ ਦੇ ਸਹਿਯੋਗ ਨਾਲ ਸਹੀਦ ਭਗਤ ਸਿੰਘ ਯਾਦਗਾਰੀ ਬੁੱਕ ਸੈਂਟਰ ਕੈਲਗਰੀ ਵੱਲੋਂ ਲਗਾਤਾਰ ਲਗਾਏ ਜਾ ਰਹੇ ਕਿਤਾਬਾਂ ਦੇ ਮੇਲੇ ਨੂੰ ਕਰੋਨਾਂ ਦੇ ਦਿਨ ਥੋੜੇ ਜਿਹੇ ਪਰਤਣ ਉਪਰੰਤ ਭਰਵਾਂ ਹੁੰਗਾਰਾ ਮਿਲਿਆ ।23 ਅਤੇ 13 ਜੂਨ 2021 ਦੋ ਦਿਨ ਲਗਾਤਾਰ ਇਸ ਮੇਲੇ ਵਿੱਚੋਂ ਕਿਤਾਬਾਂ ਪਾਠਕਾਂ ਸੰਗ ਉਹਨਾਂ ਦੇ ਘਰਾਂ ਵੱਲ ਨੂੰ ਚਾਲੇ ਪਾਉਂਦੀਆਂ ਰਹੀਆਂ। ਪੰਜਾਬੀ ਅਖਬਾਰ ਦੀ ਟੀਮ ਵੱਲੋਂ ਜਦੋਂ ਇੱਕ ਵੱਡਾ ਸਾਰਾ ਕਿਤਾਬਾਂ ਦਾ ਝੋਲਾ ਭਰੀ ਜਾਂਦੇ ਇੱਕ ਖਰੀਦਦਾਰ ਨੂੰ ਪੁੱਛਿਆ ਕਿ ਉਹ ਇੰਨੀਂ ਵੱਡੀ ਗਿਣਤੀ ਵਿੱਚ ਕਿਤਾਬਾਂ ਕਿਉਂ ਖਰੀਦ ਰਹੇ ਹਨ ਤਾਂ ਉਹਨਾਂ ਦਾ ਜੁਆਬ ਸੀ ਕਿ ਭਲਾਂ ਜੇ ਮੁੜਕੇ ਕਰੋਨਾ ਆ ਗਿਆ ਤਾਂ ਫਿਰ ਘਰ ਗੁਜਾਰਾ ਕਿਵੇਂ ਹੋਊ ? ਭਾਵੇਂ ਇਹ ਮੇਲਾ ਕੈਲਗਰੀ ਸਹਿਰ ਵਿੱਚ ਹੀ ਲੱਗਿਆ ਸੀ ਪਰ ਇਸ ਮੇਲੇ ਵਿੱਚ ਕਿਤਾਬਾਂ ਖਰੀਦਣ ਦੇ ਸੌਕੀਨ ਐਡਮੰਟਨ ਅਤੇ ਹੋਰ ਆਸਪਾਸ ਦੇ ਛੋਟੇ ਪਿੰਡਾਂ ਕਸਬਿਆਂ ਸੀਹਰਾਂ ਤੋਂ ਵੀ ਪੁੱਜੇ ਹੋਏ ਸਨ।ਇਸ ਮੇਲੇ ਦੇ ਸੰਚਾਲਕ ਮਾਸਟਰ ਭਜਨ ਸਿੰਘ ਗਿੱਲ ਨੇ ਦੱਸਿਆ ਕਿ ਇਸ ਵਾਰ ਵੀ ਪਾਠਕਾਂ ਵੱਲੋਂ ਬਹੁਤ ਵੱਡਾ ਹੁੰਗਾਰਾ ਮਿਲਿਆ ਹੈ । ਲੋਕ ਘਰਾਂ ਵਿੱਚ ਕਰੋਨਾ ਮਹਾਮਾਰੀ ਕਾਰਣ ਅੰਦਰ ਵੜੇ ਹੋਏ ਸਨ ਪਰ ਕਿਤਾਬਾਂ ਹੀ ਤੁਹਾਡੀਆਂ ਅਜਿਹੇ ਮੌਕੇ ਅਜਿਹੀਆਂ ਸਾਥੀ ਹਨ ਜੋ ਅਜਿਹੀ ਹਾਲਾਤ ਵਿੱਚ ਤੁਹਾਡਾ ਸਾਥ ਨਿਭਾਉਂਦੀਆਂ ਹਨ।ਮਾਸਟਰ ਭਜਨ ਗਿੱਲ ਹੋਰਾਂ ਨੇ ਆਪਣਾ ਇਹ ਵਾਅਦਾ ਫਿਰ ਦੁਹਰਾਇਆ ਕਿ ਉਹ ਭਵਿੱਖ ਵਿੱਚ ਇਸੇ ਤਰਾਂ ਉਸਾਰੂ ਸੋਚ ਵਾਲੇ ਸੱਭਿਆਚਾਰ ਨੂੰ ਪਰਫੁਲਤ ਕਰਨ ਲਈ ਕਿਤਾਬੀ ਰੂਪ ਵਿੱਚ ਇਹੋ ਜਿਹੇ ਉਪਰਾਲੇ ਕਰਦੇ ਰਹਿਣਗੇ । ਉਹਨਾਂ ਆਪਣੇ ਸਹਿਯੋਗੀ ਸ: ਹਰਚਰਨ ਸਿੰਘ ਪਰਹਾਰ ਦਾ ਵੀ ਵਿਸੇਸ ਧੰਨਵਾਦ ਕੀਤਾ ਜਿਹਨਾਂ ਨੇ ਆਪਣੀ ਸਿੱਖ ਵਿਰਸਾ ਵਾਲੀ ਪੁਰਾਣੀ ਬਿਲਡਿੰਗ ਇਸ ਮੇਲੇ ਲਈ ਪ੍ਰਦਾਨ ਕੀਤੀ । ਮੇਲੇ ਵਿੱਚ ਕਿਤਾਬਾਂ ਖਰੀਦਣ ਦੇ ਚਾਹਵਾਨ ਲੋਕਾਂ ਨੇ ਕਰੋਨਾਂ ਪਾਬੰਦੀਆਂ ਦਾ ਵਿਸੇਸ ਧਿਆਨ ਰੱਖਿਆ,ਹਾਲ ਅੰਦਰ ਦਾਖਲੇ ਮੌਕੇ ਲੋਕ ਖੁਦ ਹੀ ਆਪਣੀ ਵਾਰੀ ਦਾ ਧਿਆਨ ਰੱਖ ਰਹੇ ਸਨ।

## ਹੁਣ ਤੁਸੀਂ ਬਿਨਾ ਅਪਾਇੰਟਮੈਂਟ ਵੀ ਵੈਕਸੀਨ ਲਗਵਾ ਸਕਦੇ ਹੋ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਨੌਰਥ ਈਸਟ ਦੇ ਜੈਨੇਸਿਸ ਸੈਂਟਰ ਵਿੱਚ ਅਤੇ ਸਾਊਥ ਈਸਟ ਦੀ ਐਵੇਨਿਊ 'ਤੇ ਸਥਿਤ ਈਸਟ ਕੈਲਗਰੀ ਹੈਲਥ ਸੈਂਟਰ ਵਿੱਚ ਵੌਕ ਇਨ ਵੈਕਸਿਨੇਸ਼ਨ ਦੇਣ ਦਾ ਐਲਾਨ ਕੀਤਾ ਗਿਆ ਹੈ। ਜਿਹਨਾਂ ਵਿਅਕਤੀਆਂ ਨੇ ਅਜੇ ਆਪਣਾ ਪਹਿਲਾ ਟੀਕਾ ਲਗਵਾਉਣਾ ਹੈ, ਉਹ ਇਹਨਾਂ ਕਲਿਨਿਕਸ ਵਿੱਚ ਬਿਨਾ ਅਪੌਇੰਟਮੈਂਟ ਬਣਵਾਇਆਂ ਜਾ ਸਕਦੇ ਹਨ। ਇੱਥੇ ਮੌਡਰਨਾ ਜਾਂ ਫਾਇਜ਼ਰ ਦਵਾਈ ਦਾ ਟੀਕਾ ਲਗਾਇਆ ਜਾਵੇਗਾ। ਵਿਅਕਤੀ ਕੋਲ ਐਲਬਰਟਾ ਆਈਡੀ ਅਤੇ ਹੈਲਥ ਕੇਅਰ ਕਾਰਡ ਹੋਣ ਚਾਹੀਦਾ ਹੈ ਤੇ ਮਾਸਕ ਪਾਕੇ ਆਉਣਾ ਜ਼ਰੂਰੀ ਹੋਵੇਗਾ। ਉੱਧਰ ਸਿਟੀ ਔਫ ਕੈਲਗਰੀ ਨੇ ਨਵੰਬਰ, 2020 ਤੋਂ ਲੱਗੀ ਐਮਰਜੰਸੀ ਹਟਾਉਣ ਦਾ ਐਲਾਨ ਕੀਤਾ ਹੈ। ਮੇਅਰ ਨਾਹੀਦ ਨੈਂਸ਼ੀ ਨੇ ਕਿਹਾ ਕਿ ਐਮਰਜੰਸੀ ਹਟਾਉਣ ਦਾ ਮਤਲਬ ਖੁੱਲ੍ਹਾਂ ਮਿਲਣਾ ਨਹੀਂ ਹੈ ਤੇ ਇਨਡੋਰ ਪਬਲਿਕ ਸਪੇਸਿਜ਼ ਵਿੱਚ ਮਾਸਕ ਪਾ ਕੇ ਰੱਖਣਾ ਪਹਿਲਾਂ ਵਾਂਗ ਜ਼ਰੂਰੀ ਰਹੇਗਾ।

## ਮੁਸਲਮਾਨ ਔਰਤਾਂ ਦੇ ਨਕਾਬ ਪਹਿਨਣ ਸੰਬੰਧੀ ਪਾਬੰਦੀ ਲਗਾਉਣ ਬਾਰੇ ਟਿਮ ਉੱਪਲ ਹੁਣ ਮੁਆਫੀ ਮੰਗ ਰਿਹਾ ਐ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਸਟੀਵਨ ਹਾਰਪਰ ਦੀ ਸਰਕਾਰ ਵਿਚ ਮਲਟਿ-ਕਲਚਰਲਿਜ਼ਮ ਦੇ ਸਟੇਟ ਮਨਿਸਟਰ ਰਹੇ ਅਤੇ ਐਡਮੰਟਨ ਤੋਂ ਮੌਜੂਦਾ ਕੰਜ਼ਰਵੇਟਿਵ ਪਾਰਟੀ ਦੇ ਸੰਸਦ ਮੈਂਬਰ ਟਿਮ ਉੱਪਲ ਨੇ ਉਸ ਵੇਲੇ ਸੱਭਿਆਚਾਰਕ ਤੌਰ 'ਤੇ ਵੰਡੀਆਂ ਪਾਉਣ ਵਾਲੀਆਂ ਨੀਤੀਆਂ ਦਾ ਵਿਰੋਧ ਨਾ ਕਰਨ ਲਈ ਆਪਣੇ ਵੱਲੋਂ ਮਾਫੀ ਮੰਗੀ ਹੈ। ਹਾਰਪਰ ਸਰਕਾਰ ਵੇਲੇ ਮੰਤਰੀ ਰਹਿੰਦਿਆਂ ਉੱਪਲ ਨੇ ਮਸੁਲਮਾਨ ਔਰਤਾਂ ਨੂੰ ਨਕਾਬ ਪਹਿਨ ਕੇ ਸਿਟਿਜ਼ਨਸ਼ਿਪ ਦਾ ਹਲਫ਼ ਲੈਣ ਤੋਂ ਰੋਕਣ ਸੰਬੰਧੀ ਬਿਲ ਵੀ ਪੇਸ਼ ਕੀਤਾ ਸੀ। ਉਹਨਾਂ ਨੇ ਹਾਰਪਰ ਸਰਕਾਰ ਵੱਲੋਂ 'ਬਾਰਬੇਰਿਕ ਕਲਚਰਲ ਪ੍ਰੈਕਟਿਸਿਜ਼' ਦੇ ਮੁੱਦੇ ਉੱਤੇ ਚੋਣ ਲੜੀ ਅਤੇ ਅਮਰਜੀਤ ਸੋਹੀ ਹੱਥੋਂ ਮਾਮੂਲੀ ਫ਼ਰਕ ਨਾਲ ਹਾਰ ਗਏ ਸਨ। ਆਪਣੀ ਫੇਸਬੁਕ ਪੋਸਟ ਵਿੱਚ ਟਿਮ ਉੱਪਲ ਨੇ ਲਿਖਿਆ ਹੈ ਕਿ ਹੁਣ ਜਦੋਂ ਉਹਨਾਂ ਲੋਕਾਂ ਨਾਲ ਗੱਲ ਕੀਤੀ ਹੈ ਤਾਂ ਉਹਨਾਂ ਨੂੰ ਅਹਿਸਾਸ ਹੋਇਆ ਹੈ ਕਿ ਉਹ ਗ਼ਲਤ ਸਨ ਤੇ ਅਜਿਹਾ ਨਹੀਂ ਕਰਨਾ ਚਾਹੀਦਾ ਸੀ। ਉਹਨਾਂ ਮਾਫੀ ਮੰਗਦਿਆਂ ਕਿਹਾ ਕਿ ਉਸ ਸਮੇਂ ਇਹਨਾਂ ਨੀਤੀਆਂ ਦਾ ਵਿਰੋਧ ਕਰਨਾ ਚਾਹੀਦਾ ਸੀ।

## ਕੀ ਕੈਲਗਰੀ ਵਿੱਚ ਮਾਸਕ 31 ਦਸੰਬਰ ਤੱਕ ਪਾਉਣੇ ਪੈਣਗੇ ?




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸਿਟੀ ਕੌਂਸਲ ਵੱਲੋਂ ਆਪਣੀ ਆਉਂਦੀ ਮੀਟਿੰਗ ਵਿੱਚ ਸਿਟੀ ਦੇ ਮਾਸਕ ਬਾਇ-ਲੌਅ ਉੱਪਰ ਮੁੜ ਵਿਚਾਰ ਕੀਤਾ ਜਾਵੇਗਾ। ਮੇਅਰ ਨਾਹੀਦ ਨੈਂਸ਼ੀ ਦਾ ਕਹਿਣਾ ਹੈ ਕਿ ਉਹ ਆਪਣੇ ਮਾਹਿਰਾਂ ਨਾਲ ਗੱਲਬਾਤ ਕਰਕੇ, ਸ਼ਹਿਰ ਵਾਸੀਆਂ ਵਾਸਤੇ ਜੋ ਠੀਕ ਅਤੇ ਸੁਰੱਖਿਅਤ ਹੋਇਆ, ਉਹੀ ਫੈਸਲਾ ਕਰਨਗੇ। ਕੈਲਗਰੀ ਵਿੱਚ 31 ਦਸੰਬਰ ਤੱਕ ਮਾਸਕ ਪਾਏ ਜਾਣ ਵਾਸਤੇ ਬਾਇ-ਲੌਅ ਲਾਗੂ ਕੀਤਾ ਗਿਆ ਹੈ। ਸੂਬਾ ਸਰਕਾਰ ਤੀਸਰੇ ਪੜਾਅ ਤਹਿਤ ਸਾਰੀਆਂ ਪਾਬੰਦੀਆਂ ਖ਼ਤਮ ਕਰ ਰਹੀ ਹੈ ਤੇ ਪ੍ਰੀਮੀਅਰ ਜੇਸਨ ਕੈਨੀ ਨੇ ਦੋਵਾਂ ਵੱਡੇ ਸ਼ਹਿਰਾਂ ਨੂੰ ਕਿਹਾ ਹੈ ਕਿ ਡਾ. ਡੀਨਾ ਹਿਨਸ਼ੌਅ ਦੀ ਸਲਾਹ ਮੁਤਾਬਕ ਚੱਲਣ ਤੇ ਤੀਜੇ ਪੜਾਅ ਵਿੱਚ ਪੂਰੇ ਸੂਬੇ ਦੇ ਨਾਲ ਚੱਲਣ। ਐਡਮੰਟਨ ਅਤੇ ਕੈਲਗਰੀ ਦੇ ਮੇਅਰਜ਼ ਦਾ ਕਹਿਣਾ ਹੈ ਕਿ ਲੋਕਾਂ ਦੀ ਸੁਰੱਖਿਆ ਲਈ ਜੋ ਜ਼ਰੂਰੀ ਹੋਇਆ, ਉਹੀ ਕੀਤਾ ਜਾਵੇਗਾ।

## ਸਿਟੀ ਆਫ ਕੈਲਗਰੀ ਕੋਲੋਂ ਸਟੈਂਪੀਡ ਕਮੇਟੀ ਨੇ ਮਾਈਕ ਸਹਾਇਤਾ ਮੰਗੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸਟੈਂਪੀਡ ਨੂੰ ਪਿਛਲੇ ਸਾਲ ਇਸ ਮੇਲੇ ਦਾ ਆਯੋਜਨ ਨਾ ਕੀਤੇ ਜਾਣ ਕਰਕੇ ਸਾਢੇ 26 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਦਰਜ ਕੀਤਾ ਗਿਆ ਹੈ ਤੇ ਇਸ ਸਾਲ ਸਟੈਂਪੀਡ ਕਮੇਟੀ ਨੇ ਸਿਟੀ ਕੋਲੋਂ ਮਾਇਕ ਸਹਾਇਤਾ ਮੰਗੀ ਹੈ। ਕੈਲਗਰੀ ਸਟੈਂਪੀਡ, ਨੌਨ ਪ੍ਰੌਫਿਟ ਸੰਸਥਾ ਹੈ ਤੇ ਪਿਛਲੇ ਸਾਲਾਂ ਵਿੱਚ ਇਸ ਨੇ ਆਪਣੇ ਮਾਲੀਏ ਅਤੇ ਵਾਧੂ ਪਈ ਰਕਮ ਤੋਂ 150 ਮਿਲੀਅਨ ਡਾਲਰ ਕਢਵਾਏ ਹਨ ਤੇ ਪਿਛਲਾ ਅਜਿਹਾ ਪਹਿਲਾ ਸਾਲ ਸੀ ਜਦੋਂ ਸਟੈਂਪੀਡ ਨੂੰ 25 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ। ਸਟੈਂਪੀਡ ਦੀ ਕਾਰਜਕਾਰੀ ਚੇਅਰ ਡੈਨਾ ਪੀਅਰਜ਼ ਦਾ ਕਹਿਣਾ ਹੈ ਪਿਛਲੇ ਸਾਲ 24 ਮਿਲੀਅਨ ਡਾਲਰ ਦਾ ਖ਼ਰਚਾ ਹੋਇਆ ਜਦੋਂ ਕਿ ਇਸ ਤੋਂ ਪਿਛਲੇ ਸਾਲ ਇਹ ਖ਼ਰਚਾ 104 ਮਿਲੀਅਨ ਡਾਲਰ ਸੀ। ਪਿਛਲੇ ਸਾਲ ਕੋਰੋਨਾ ਵਾਇਰਸ ਕਾਰਨ 80% ਸਟਾਫ਼ ਲੇਅ ਔਫ਼ ਕੀਤਾ ਗਿਆ ਸੀ ਜਿਸ ਕਰਕੇ ਖ਼ਰਚਾ ਘੱਟ ਹੋਇਆ ਹੈ। ਇਸ ਸਾਲ ਲਈ ਸਟੈਂਪੀਡ 11.7 ਮਿਲੀਅਨ ਡਾਲਰ ਦਾ ਘਾਟਾ ਦਰਸਾ ਰਹੀ ਹੈ ਤੇ ਇਸ ਦੀ ਪੂਰਤੀ ਲਈ ਸਿਟੀ ਤੋਂ ਆਸ ਲਗਾਈ ਹੋਈ ਹੈ।

## ਸੀ ਐਨ ਟਰੱਕ ਓਨਰ ਅਪਰੇਟਰਾਂ ਦੀ ਯੂਨੀਅਨ ਦੇ ਪ੍ਰਧਾਨ ਸੁਖਵਿੰਦਰ ਸਿੰਘ ਸੰਧੂ ਬਣੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਕੈਲਗਰੀ ਵਿਖੇ ਸਥਾਪਿਤ ਸੀ ਐਨ ਟੀ ਐਲ ਦੇ ਟਰੱਕ ਓਨਰ ਅਪਰੇਟਰ ਯੂਨੀਅਨ ਦੀ ਚੋਣ ਬੀਤੀ 28 ਮਈ ਨੂੰ ਹੋਈ ਜਿਸ ਵਿੱਚ ਸੁਖਵਿੰਦਰ ਸਿੰਘ ਸੰਧੂ ਪ੍ਰਧਾਨ ਚੁਣੇ ਗਏ ਹਨ। ਨਤੀਜੇ 29 ਮਈ ਦੀ ਸਾਮ ਨੂੰ ਦੇਰ ਰਾਤ ਐਲਾਨੇ ਗਏ । ਯੂਨੀਫਾਰ ਲੋਕਲ 4001 ਦੇ ਪਰੈਜ਼ੀਡੈਂਟ ਸ: ਤੇਜਿੰਦਰ ਸਿੰਘ ਸ਼ੇਰਗਿੱਲ ਅਨੁਸਾਰ ਆਖਰੀ ਨਤੀਜਿਆਂ ਵਿੱਚ ਦੋ ਉਮੀਂਦਵਾਰ ਮੈਦਾਨ ਵਿੱਚ ਸਨ ਜਿਹਨਾਂ ਵਿੱਚੋਂ ਗੁਰਜਿੰਦਰਪਾਲ ਸਿੰਘ ਬਰਾੜ ( ਬੀ ਸੀ -70) ਉਰਫ ਰਿੱਕੀ ਬਰਾੜ ਨੂੰ 85 ਵੋਟ ਮਿਲੇ ਜਦੋਂ ਕਿ ਜੇਤੂ ਉਮੀਂਦਵਾਰ ਸੁਖਵਿੰਦਰ ਸਿੰਘ ਸੰਧੂ ( ਬੀ ਸੀ -346) ਨੂੰ 90 ਵੋਟਾਂ ਪਰਾਪਤ ਹੋਈਆਂ । 5 ਵੋਟਾਂ ਦੇ ਫਰਕ ਨਾਲ ਸੁਖਵਿੰਦਰ ਸਿੰਘ ਸੰਧੂ ਨੂੰ ਜੇਤੂ ਕਰਾਰ ਦਿੱਤਾ ਗਿਆ । ਹੁਣ 30 ਮਈ 2021 ਤੋਂ ਕੈਲਗਰੀ ਟਰਮੀਨਲ ਉੱਪਰ ਨਵੇਂ ਚੇਅਰਪਰਸਨ ਸੁਖਵਿੰਦਰ ਸਿੰਘ ਸੰਧੂ ਹੋਣਗੇ । ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਦੋ ਟਰਮਾਂ ਲਗਾਤਾਰ ਰਿੱਕੀ ਬਰਾੜ ਨੇ ਸੇਵਾ ਨਿਭਾਈ ਹੈ ।ਇੱਕ ਬਾਰ ਉਹ ਸਰਬਸੰਮਤੀ ਨਾਲ ਚੁਣੇ ਗਏ ਸਨ ਅਤੇ ਦੂਸਰੀ ਬਾਰ ਇੱਕ ਵੋਟ ਦੇ ਫਰਕ ਨਾਲ ਪ੍ਰਧਾਨ ਬਣੇ ਸਨ ਪਰ ਇਸ ਬਾਰ 5 ਵੋਟਾਂ ਦੇ ਫਰਕ ਨਾਲ ਇਹ ਅਹੁਦਾ ਸੁਖਵਿੰਦਰ ਸੰਧੂ ਕੋਲ ਆ ਗਿਆ ਹੈ।

ਰੈਡਸਟੋਨ ਡੁਪਲੈਕਸ-ਬਹੁਤ ਤੇਜੀ ਨਾਲ ਵਿਕ ਰਹੇ ਹਨ




Two models both 1602 sq.ft. starting in the low $400's

PIPER
- 3 ਬੈੱਡਰੂਮ, 2.5 ਬਾਥਰੂਮ
- 9 ਫੁੱਟ ਮੇਨ ਫਲੋਰ ਛੱਤ, ਓਪਨ ਪਲੈਨ ਦਾ ਘਰ
- ਸਾਈਡ ਤੇ ਐਂਟਰੀ, ਵੱਡੇ ਪਰਿਵਾਰ ਲਈ ਸਹੂਲਤ
- ਕਿਚਨ ਵਿੱਚ ਆਇਲੈਂਡ, ਸਿੰਕ ਏਰੀਆ 'ਤੇ ਵੱਡੀ ਖਿੜਕੀ
- ਸ਼ਾਨਦਾਰ ਸਟੋਨ ਕਿਚਨ ਕਾਊਂਟਰ ਟੌਪ
- ਉਪਰਲੀ ਮੰਜ਼ਲ 'ਤੇ ਲੌਂਡਰੀ ਦੀ ਸਹੂਲਤ
- ਸੈਕੰਡਰੀ ਬੈੱਡਰੂਮ, ਸ਼ੋਰ ਸ਼ਰਾਬੇ ਤੋਂ ਰਹਿਤ ਮੁੱਖ ਬੈੱਡਰੂਮ ਤੋਂ ਦੂਰ,
- ਵੱਡੇ ਸਾਇਜ਼ ਦਾ ਮਾਸਟਰ ਸੁਈਟ, 3 ਪੀਸ ਸੁਈਟ ਅਤੇ ਵੱਡੀ ਵੌਕ ਇਨ ਕਲੋਜ਼ੈੱਟ

PENN
- 9 ਫੁੱਟ ਮੇਨ ਫਲੋਰ ਛੱਤ, ਓਪਨ ਪਲੈਨ ਦਾ ਘਰ
- ਸਾਈਡ ਤੇ ਐਂਟਰੀ, ਵੱਡੇ ਪਰਿਵਾਰ ਲਈ ਸਹੂਲਤ
- ਕਿਚਨ ਵਿੱਚ ਆਇਲੈਂਡ, ਦੋ ਦਰਵਾਜ਼ਿਆਂ ਵਾਲੀ ਵੌਲ ਪੈਂਟਰੀ ਤੇ ਰੌਸ਼ਨ ਕੋਨਾ
- ਸ਼ਾਨਦਾਰ ਸਟੋਨ ਕਿਚਨ ਕਾਊਂਟਰ ਟੌਪ
- ਉਪਰਲੀ ਮੰਜ਼ਲ 'ਤੇ ਲੌਂਡਰੀ ਦੀ ਸਹੂਲਤ
- ਸੈਕੰਡਰੀ ਬੈੱਡਰੂਮ, ਸ਼ੋਰ ਸ਼ਰਾਬੇ ਤੋਂ ਰਹਿਤ ਮੁੱਖ ਬੈੱਡਰੂਮ ਤੋਂ ਦੂਰ
- ਮਾਸਟਰ ਸੁਈਟ 4 ਪੀਸ ਵਾਲੀ ਅਤੇ ਵੱਡੀ ਵੌਕ ਇਨ ਕਲੋਜ਼ੈੱਟ




CONTACT US TODAY FOR MORE INFORMATION
NuVista HOMES A QUALICO Company
ANGELA RAY 403-454-8171
Email:redstone2@nuvistahomes.com




Sukhi Da Dhaba
Restaurant & Sweet Shop
5058-68 St NE Calgary (AB) 403 452 5513

ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ

1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ



A PLUS
- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।

A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2





Kewal Sangha
587 582 6666

- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸੰਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।



A Plus
Immigration & NRI Solutions
nriservicecalgary@gmail.com

# ਪੰਜਾਬ ਇੰਸੋਰੈਂਸ ਵੱਲੋਂ ਕੱਢੇ ਲੱਕੀ ਡਰਾਅ ਦੌਰਾਨ 500 ਡਾਲਰ ਦਾ ਇਨਾਮ ਸਤਿੰਦਰ ਕੌਰ ਨੇ ਜਿੱਤਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 14 ਜੂਨ ਨੂੰ ਪੰਜਾਬ ਇੰਸੋਰੈਂਸ ਕੈਲਗਰੀ ਵੱਲੋਂ ਕੱਢੇ ਗਏ ਲੱਗੇ ਲੱਕੀ ਡਰਾਅ ਵਿੱਚ 500 ਕਨੇਡੀਅਨ ਡਾਲਰ ਦਾ ਇਨਾਮ ਸਤਿੰਦਰ ਕੌਰ ਦੇ ਹਿੱਸੇ ਆਇਆ। ਇਸ ਸਬੰਧੀ ਗੱਲਬਾਤ ਦੌਰਾਨ ਪੰਜਾਬ ਇੰਸੋਰੈਂਸ ਦੇ ਰੀਜਨਲ ਮੈਨੇਜਰ ਹਰਪਿੰਦਰ ਸਿੱਧੂ ਨੇ ਦੱਸਿਆ ਕਿ ਉਹਨਾਂ ਦੀ ਟੀਮ ਵੱਲੋਂ ਆਪਣੇ ਭਾਈਚਾਰੇ ਅੰਦਰ ਇੰਸੋਰੈਂਸ ਸਬੰਧੀ ਜਾਗਰੂਕਤਾ ਲਿਆਉਣ ਲਈ ਅਜਿਹੇ ਉਪਰਾਲੇ ਕੀਤੇ ਜਾਂਦੇ ਹਨ। ਹਰ ਸਾਲ ਲੋਹੜੀ ਮੌਕੇ ਡਰਾਅ ਕੱਢਿਆ ਜਾਣਾ ਉਹਨਾਂ ਦੀ ਟੀਮ ਦੀ ਪੁਰਾਣੀ ਰਵਾਇਤ ਤਾਂ ਹੈ ਹੀ ਪਰ ਹੁਣ ਇਹਨੀ ਦਿਨੀ ਕਰੋਨਾ ਕਾਰਣ ਸਾਰੇ ਲੋਕ ਹੀ ਆਪਣੇ ਘਰਾਂ ਅੰਦਰ ਬੰਦ ਜਿਹੇ ਹੋਏ ਬੈਠੇ ਸਨ ਸੋ ਇਸ ਬਹਾਨੇ ਇੱਕ ਤਾਂ ਲੋਕਾਂ ਵਿੱਚ ਇੰਸੋਰੈਂਸ ਸਬੰਧੀ ਜਾਗਰੂਕਤਾ ਵੀ ਪੈਦਾ ਹੋ ਗਈ ਅਤੇ ਲੱਕੀ ਡਰਾਅ ਜਿੱਤਣ ਵਾਲੀ ਸਤਿੰਦਰ ਕੌਰ ਨੇ ਵੀ ਆਪਣੀ ਜਿੱਤ ਉੱਪਰ ਮਾਣ ਮਹਿਸੂਸ ਕੀਤਾ। ਜੇਤੂ ਸਤਿੰਦਰ ਕੌਰ ਨੂੰ ਚੈਕ ਸੌਂਪਣ ਮੌਕੇ ਉਹਨਾਂ ਟੀਮ ਦੇ ਸਹਿਯੋਗੀ ਗੁਰਿੰਦਰ ਚਾਹਲ ਅਤੇ ਮੁਨੀਸ ਮੋਹਨ ਵੀ ਹਾਜਿਰ ਸਨ।

# ਕੈਲਗਰੀ ਸਟੈਂਪੀਡ ਪਰੇਡ ਇਸ ਵਾਰ ਸੜਕਾਂ ਦੀ ਬਜਾਇ ਯੂ ਟਿਊਬ ਉੱਪਰ ਹੀ ਦੇਖੀ ਜਾ ਸਕੇਗੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਗਲੇ ਮਹੀਨੇ ਜਦੋਂ ਕਿ ਕੈਲਗਰੀ ਸਟੈਂਪੀਡ ਮੇਲੇ ਨੂੰ ਲੈ ਕੇ ਤਿਆਰੀਆਂ ਸ਼ੁਰੂ ਹੋ ਗਈਆਂ ਹਨ ਅਤੇ ਸਿਹਤ ਪਾਬੰਦੀਆਂ ਵਿੱਚ ਢਿੱਲ ਦੇਣ ਦਾ ਦੂਜਾ ਪੜਾਅ ਸ਼ੁਰੂ ਹੋ ਗਿਆ ਹੈ, ਅਜਿਹੇ ਵਿੱਚ ਨਵੇਂ ਡੈਲਟਾ ਵੇਰੀਐਂਟ ਦੇ ਮਾਮਲਿਆਂ ਵਿੱਚ ਆ ਰਹੀ ਤੇਜ਼ੀ ਨੇ ਸਿਹਤ ਅਧਿਕਾਰੀਆਂ ਨੂੰ ਨਵੀਂ ਚਿੰਤਾ ਵਿੱਚ ਪਾ ਦਿੱਤਾ ਹੈ। ਸਟੈਂਪੀਡ ਦੀ ਪੈਰੇਡ ਇਸ ਵਾਰ ਡਾਊਨ-ਟਾਊਨ ਵਿੱਚ ਨਹੀਂ ਹੋਵੇਗੀ ਤੇ ਨਾ ਹੀ ਇਸ ਵਿੱਚ ਆਮ ਜਨਤਾ ਸ਼ਾਮਿਲ ਹੋ ਸਕੇਗੀ। ਇਸ ਵਾਰ ਦੀ ਸਟੈਂਪੀਡ ਪੈਰੇਡ ਔਨਲਾਇਨ ਹੋਵੇਗੀ ਤੇ ਯੂ-ਟਿਊਬ 'ਤੇ ਦੇਖੀ ਜਾ ਸਕੇਗੀ। ਐਲਬਰਟਾ ਸਰਕਾਰ ਵੱਲੋਂ ਜੂਨ ਦੇ ਆਖ਼ਰੀ ਹਫ਼ਤੇ ਤੀਜੇ ਪੜਾਅ ਦੀਆਂ ਢਿੱਲਾਂ ਦਿੱਤੇ ਜਾਣ ਦੀ ਸੰਭਾਵਨਾ ਹੈ। ਕੋਰੋਨਾ ਵਾਇਰਸ ਦੇ ਨਵੇਂ ਡੈਲਟਾ ਵੇਰੀਐਂਟ ਨੇ ਸਿਹਤ ਅਧਿਕਾਰੀਆਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਇੰਗਲੈਂਡ ਅਤੇ -ਟੈਰੀ- ਵਿੱਚ ਡੈਲਟਾ ਵੇਰੀਐਂਟ ਨੇ ਬਹੁਤ ਤੇਜ਼ੀ ਨਾਲ ਪੈਰ ਪਸਾਰੇ ਹਨ ਤੇ ਕੈਨੇਡਾ ਦੇ ਐਲਬਰਟਾ, ਬੀ.ਸੀ., ਮੈਨਿਟੋਬਾ, -ਟੈਰੀ- ਅਤੇ ਸੈਸਕੈਚੇਵਾਨ ਵਿੱਚ ਇਸ ਵੇਰੀਐਂਟ ਦੀ ਆਮਦ ਹੋ ਚੁੱਕੀ ਹੈ ਤੇ ਇਸ ਸੰਬੰਧੀ ਟੈਸਟਿੰਗ-ਸਕਰੀਨਿੰਗ ਤੇਜ਼ ਕੀਤੀ ਜਾ ਰਹੀ ਹੈ। -ਟੈਰੀ- ਵਿੱਚ ਇਸ ਵੇਰੀਐਂਟ ਦੇ ਤੇਜ਼ ਫੈਲਾਅ ਦਾ ਖ਼ਦਸ਼ਾ ਬਣਿਆ ਹੋਇਆ ਹੈ।


SUPERVISA
Medical Insurance

Punjab Insurance Inc

SERVICES
- Life Insurance
- Mortgage Insurance
- Critical Illness Insurance
- Disability Insurance



Navdeep Singh Sran
587 999 3571
nav22sran@gmail.com

Gurinder Chahal
MANAGER
587 707 7000
cgyquotes@gmail.com

Harpinder Sidhu
REGIONAL MANAGER
403 404 3500
sidhu.harpinder@gmail.com

ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ

ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ



Mega
Sanjha Punjab
GROCERY STORE




ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ, ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ, ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ ਮਹਿਸੂਸ ਹੀ ਨਹੀਂ ਹੋਣ ਦਿੰਦੇ।

ਕਰੋਨਾ ਕਾਰਣ ਤੁਹਾਡੀ ਸੋਸ਼ਲ ਡਿਸਟੈਂਸ ਦੇ ਪੁਖਤਾ ਪਰਬੰਧ ਹਨ।

Mega
Sanjha Punjab




ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਤੀਜੀ ਲੋਕੇਸ਼ਨ ਹੁਣ ਕੋ-ਅੱਪ ਸਟੋਰ ਵਾਲੀ ਬਿਲਡਿੰਗ ਵਿੱਚ ਖੁੱਲ ਗਈ ਹੈ



THREE LOCATIONS TO SERVE YOU

3690 Westwinds Dr NE,
Calgary, AB T3J 5H3

7171 80 Ave NE #117,
Calgary, AB T3J 0P6

570-6520 Falconridge
BLVD NE Calgary

# ਐਨ ਡੀ ਪੀ ਦਾ ਕਹਿਣਾ ਹੈ ਕਿ ਸਰਕਾਰ ਲੋਕਾਂ ਦੀ ਆਵਜ਼ ਸੁਣਨ ਤੋਂ ਇਨਕਾਰੀ ਰਹੀ ਹੈ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿਧਾਨਸਭਾ ਵਿੱਚ ਮੁੱਖ ਵਿਰੋਧੀ ਧਿਰ ਐਨ.ਡੀ.ਪੀ. ਲੀਡਰ ਰੇਚੈੱਲ ਨੌਟਲੀ ਦਾ ਕਹਿਣਾ ਹੈ ਕਿ ਸਾਲ 2023 ਵਿੱਚ ਉਹ ਸੱਤਾ ਹਾਸਲ ਕਰਨ ਲਈ ਭਰਪੂਰ ਕੋਸ਼ਿਸ਼ ਕਰਨਗੇ ਅਤੇ ਮੁੜ-ਨਵਿਆਉਣ ਯੋਗ ਐਨਰਜੀ ਦੇ ਖੇਤਰ ਵਿੱਚ ਸੂਬੇ ਨੂੰ ਵੱਡਾ ਪਾਵਰ-ਹਾਊਸ ਬਣਾਉਣ ਲਈ ਕੰਮ ਕਰਨਗੇ। ਉਹਨਾਂ ਕਿਹਾ ਕਿ ਸਾਲ 2035 ਤੱਕ ਐਲਬਰਟਾ ਦੇ ਇਲੈਕਟ੍ਰਿਸਟੀ ਗਰਿੱਡ ਨੂੰ ਜ਼ੀਰੋ-ਐਮਿਸ਼ਨਜ਼ ਤੱਕ ਲੈ ਜਾਇਆ ਜਾਵੇਗਾ। ਉਹਨਾਂ ਕਿਹਾ ਕਿ ਜੀਓ- ਥਰਮਲ ਐਨਰਜੀ, ਹਾਇਡ੍ਰੋਜਨ ਫਿਊਅਲ,ਅਤੇ ਕੱਚੇ ਤੇਲ ਤੋਂ ਕਾਰਬਨ ਫਾਇਬਰ ਬਣਾਉਣ ਦੀ ਦਿਸ਼ਾ ਵਿੱਚ ਕੰਮ ਕੀਤਾ ਜਾਵੇਗਾ। ਐਲਬਰਟਾ ਐਨਡੀਪੀ ਦੀ 3 ਦਿਨ ਚੱਲੀ ਇਸ ਸਾਲ ਦੀ ਸਾਲਾਨਾ ਕਨਵੈਨਸਨ ਨੂੰ ਸੰਬੋਧਨ ਕਰਦਿਆਂ ਐਨਡੀਪੀ ਲੀਡਰ ਨੇ ਮੌਜੂਦਾ ਯੂਨਾਇਟਿਡ ਕੰਜ਼ਰਵੇਟਿਵ ਪਾਰਟੀ ਸਰਕਾਰ 'ਤੇ ਤਾਬੜਤੋੜ ਹਮਲੇ ਕੀਤੇ ਤੇ ਕਿਹਾ ਕਿ ਇਹ ਸਰਕਾਰ ਲੋਕਾਂ ਦੀ ਅਵਾਜ਼ ਨੂੰ ਸੁਣਨ ਤੋਂ ਇਨਕਾਰੀ ਰਹੀ ਹੈ ਤੇ ਕੋਵਿਡ-19 ਮਹਾਮਾਰੀ ਨਾਲ ਨਜਿੱਠਣ ਲਈ ਬੁਰੀ ਤਰਾਂ ਅਸਫ਼ਲ ਰਹੀ ਹੈ। ਸਾਬਕਾ ਪ੍ਰੀਮੀਅਰ ਨੇ ਕਿਹਾ ਕਿ ਜੇ ਉਹਨਾਂ ਦੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਉਹ ਸੂਬੇ ਵਿੱਚ ਯੂਨਿਵਰਸਲ ਚਾਇਲਡ ਕੇਅਰ ਲੈ ਕੇ ਆਉਣਗੇ, ਚਾਹੇ ਇਸ ਵਾਸਤੇ ਫੈਡਰਲ ਸਰਕਾਰ ਮੱਦਦ ਕਰੇ ਜਾਂ ਨਾ। ਇਸ ਦਾ ਖ਼ਰਚਾ ਪ੍ਰਤੀ ਦਿਨ 10 ਡਾਲਰ ਹੋਵੇਗਾ। ਉਹਨਾਂ ਕਿਹਾ ਕਿ ਉਹਨਾਂ ਦੀ ਪਾਰਟੀ ਪਿਛਲੇ ਸਮੇਂ ਸਰਕਾਰ ਵਿੱਚ ਰਹਿਣ ਦੇ ਦੌਰਾਨ ਜਿੰਨੀ ਮਜ਼ਬੂਤ ਸੀ, ਅੱਜ ਉਸ ਤੋਂ ਵੀ ਵੱਧ ਮਜ਼ਬੂਤੀ ਦੀ ਹਾਲਤ ਵਿੱਚ ਹੈ। ਪਾਰਟੀ ਦੀ ਇਸ ਸਾਲ ਦੀ ਕਨਵੈਂਸ਼ਨ ਔਨਲਾਇਨ ਹੀ ਰਹੀ ਹੈ। ਨੌਟਲੀ ਨੂੰ ਪਾਰਟੀ ਦੇ 98.2% ਮੈਂਬਰਾਂ ਵੱਲੋਂ ਆਪਣੀ ਲੀਡਰ ਵਜੋਂ ਮਾਨਤਾ ਦਿੱਤੀ ਗਈ ਹੈ।

# ਕ੍ਰਿਮੀਨਲ ਚਾਰਜਿਜ਼ ਵਾਲੇ ਵਿਅਕਤੀਆਂ ਦੇ ਖਿਲਾਫ ਚਾਰਜ਼ ਡ੍ਰੌਪ ਹੋ ਜਾਣੇ ਸਹੀ ਗੱਲ ਨਹੀਂ

ਐਡਮੰਟਨ(ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਔਡਿਟਰ ਜਨਰਲ ਨੇ ਸਿਫਾਰਿਸ਼ ਕੀਤੀ ਹੈ ਕਿ ਐਲਬਰਟਾ ਕ੍ਰਾਉਨ ਪ੍ਰੌਸਿਕਿਊਸ਼ਨ ਸਰਵਿਸ - ਏ.ਸੀ.ਪੀ.ਐਸ. ਚਾਹੀਦਾ ਹੈ ਕਿ ਉਹ ਇਸ ਗੱਲ ਦੀ ਪੜਤਾਲ ਕਰੇ ਕਿ ਵਿਅਕਤੀਆਂ ਖਿਲਾਫ਼ ਲੱਗੇ ਚਾਰਜਿਜ਼ ਡ੍ਰੌਪ ਕੀਤੇ ਜਾਣ ਲਈ ਕਿਹੜੇ ਕਿਹੜੇ ਕਾਰਨ ਜ਼ਿੰਮੇਦਾਰ ਹਨ। ਸੁਪਰੀਮ ਕੋਰਟ ਔਫ਼ ਕੈਨੇਡਾ ਨੇ ਸਾਲ 2016 ਵਿੱਚ ਫੈਸਲਾ ਲਿੱਤਾ ਸੀ ਕਿ ਕਿਸੇ ਵੀ ਵਿਅਕਤੀ ਦੇ ਖਿਲਾਫ਼ ਚਾਰਜਿਜ਼ ਲੱਗਣ ਤੋਂ 18 ਮਹੀਨੇ ਦੇ ਅੰਦਰ ਅੰਦਰ ਪ੍ਰੋਵਿੰਸ਼ੀਅਲ ਕੋਰਟ ਵਿੱਚ ਅਤੇ 30 ਮਹੀਨਿਆਂ ਦੇ ਅੰਦਰ ਕੋਰਟ ਔਫ਼ ਕੁਈਨ'ਜ਼ ਬੈਂਚ ਵਿੱਚ ਮੁਕੱਦਮਾ ਸ਼ੁਰੂ ਹੋ ਜਾਣਾ ਚਾਹੀਦਾ ਹੈ ਤੇ ਜੇ ਅਜਿਹਾ ਨਹੀਂ ਹੁੰਦਾ ਤਾਂ ਚਾਰਟਰ ਔਫ਼ ਰਾਇਟਸ ਦੇ ਉਲੰਘਣ ਦਾ ਹਵਾਲਾ ਦੇ ਕੇ ਚਾਰਜਿਜ਼ ਡ੍ਰੌਪ ਕੀਤੇ ਜਾ ਸਕਦੇ ਹਨ। ਵਿਧਾਨਸਭਾ ਵਿੱਚ ਦਿੱਤੀ ਆਪਣੀ ਰਿਪੋਰਟ ਵਿੱਚ ਐਲਬਰਟਾ ਦੇ ਔਡਿਟਰ ਜਨਰਲ ਡਗ ਵਾਇਲੀ ਨੇ ਕਿਹਾ ਹੈ ਕਿ ਕ੍ਰਿਮੀਨਲ ਚਾਰਜਿਜ਼ ਵਾਲੇ ਵਿਅਕਤੀਆਂ ਦੇ ਖਿਲਾਫ ਚਾਰਜਿਜ਼ ਡ੍ਰੌਪ ਹੋ ਜਾਣੇ ਸਹੀ ਗੱਲ ਨਹੀਂ ਹੈ ਤੇ ਅਜਿਹਾ ਹੋਣ ਤੋਂ ਰੋਕਿਆ ਜਾ ਸਕਦਾ ਹੈ। ਸਾਲ 2016 ਤੋਂ ਮਾਰਚ 2020 ਦਰਮਿਆਨ 66 ਮਾਮਲਿਆਂ ਵਿੱਚ ਚਾਰਜਿਜ਼ ਡ੍ਰੌਪ ਹੋਏ ਦੱਸੇ ਗਏ ਹਨ। ਹੁਣ ਇਹਨਾਂ ਦੇ ਕਾਰਨਾਂ ਦੀ ਜਾਂਚ ਕਰਨ ਨੂੰ ਕਿਹਾ ਗਿਆ ਹੈ।

























## ਗਰੀਨ ਪਾਰਟੀ ਦੇ ਕੁੱਲ ਤਿੰਨ ਵਿੱਚੋਂ ਇੱਕ ਐਮ ਪੀ ਬੀਬੀ ਲਿਬਰਲ ਵਿੱਚ ਜਾ ਰਲੀ ਹੈ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਨਿਊ ਬ੍ਰੰਜ਼ਵਿਕ ਦੇ ਫ੍ਰੈਡਰਿਕਟਨ ਤੋਂ ਗ੍ਰੀਨ ਪਾਰਟੀ ਦੀ ਇੱਕ ਮਾਤਰ ਮੈਂਬਰ ਪਾਰਲੀਮੈਂਟ ਜੈਨਿਕਾ ਐਟਵਿਨ ਆਪਣੀ ਪਾਰਟੀ ਛੱਡ ਕੇ ਲਿਬਰਲ ਪਾਰਟੀ ਵਿੱਚ ਸ਼ਾਮਿਲ ਹੋ ਗਈ ਹੈ। ਪਿਛਲੀਆਂ ਚੋਣਾਂ ਵਿੱਚ ਉਸ ਨੇ ਗ੍ਰੀਨ ਪਾਰਟੀ ਲਈ ਇਤਿਹਾਸ ਸਿਰਜਿਆ ਸੀ ਤੇ ਲਿਬਰਲ ਪਾਰਟੀ ਦੇ ਉਮੀਦਵਾਰ ਨੂੰ ਹਰਾਇਆ ਸੀ। ਉਸ ਦੇ ਪਾਰਟੀ ਬਦਲ ਜਾਣ ਕਾਰਨ ਗ੍ਰੀਨ ਪਾਰਟੀ ਨੂੰ ਰਾਜਨੀਤਕ ਝਟਕਾ ਲੱਗਿਆ ਹੈ ਤੇ ਸੰਸਦ ਵਿੱਚ ਉਹਨਾਂ ਦੇ 3 ਮੈਂਬਰਾਂ ਤੋਂ ਗਿਣਤੀ ਘਟ ਕੇ 2 ਰਹਿ ਗਈ ਹੈ। ਉਸ ਦਾ ਪਾਰਟੀ ਲੀਡਰ ਐਨੈਮੀ ਪੌਲ ਨਾਲ ਝਗੜਾ ਚੱਲ ਰਿਹਾ ਸੀ ਜਿਸ ਕਰਕੇ ਉਸ ਵੱਲੋਂ ਦਲ-ਬਦਲੀ ਕੀਤੀ ਗਈ ਹੈ।

## ਅਲਬਰਟਾ ਦੀ ਪਾਈਪ ਲਾਈਨ ਆਲੇ ਪ੍ਰੌਜੈਕਟ ਦਾ ਭੋਗ ਪੈ ਗਿਐ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਕਸ ਐਲ ਕੀ-ਸਟੋਨ ਪਾਇਪਲਾਇਨ ਪ੍ਰੋਜੈਕਟ ਆਖ਼ਰ ਸਦਾ ਲਈ ਖ਼ਤਮ ਹੋ ਗਿਆ ਹੈ ਤੇ ਇਸ ਦੇ ਨਾਲ ਹੀ ਐਲਬਰਟਾ ਵਾਸੀਆਂ ਨੂੰ 1.3 ਬਿਲੀਅਨ ਡਾਲਰ ਦਾ ਨੁਕਸਾਨ ਵੀ ਹੋ ਗਿਆ ਹੈ। ਪਿਛਲੇ ਸਾਲ ਐਲਬਰਟਾ ਸਰਕਾਰ ਨੇ ਐਲਾਨ ਕੀਤਾ ਸੀ ਕਿ ਐਕੁਇਟੀ ਦੇ ਰੂਪ ਵਿੱਚ ਸਰਕਾਰ ਇਸ ਪ੍ਰੋਜੈਕਟ ਵਿੱਚ 1.3 ਬਿਲੀਅਨ ਡਾਲਰ ਦੀ ਇਨਵੈਸਟਮੈਂਟ ਕਰੇਗੀ ਅਤੇ ਇਸ ਤੋਂ ਇਲਾਵਾ ਕਈ ਹੋਰ ਬਿਲੀਅਨ ਡਾਲਰ ਦੇ ਲੋਨ ਦੀ ਗਾਰੰਟੀ ਦਿੱਤੀ ਜਾਵੇਗੀ ਤਾਂ ਕਿ ਪਾਇਪ-ਲਾਇਨ ਵਿਛਾਈ ਜਾ ਸਕੇ ਤੇ ਇਸ ਕੰਮ ਚੱਲਦਾ ਰਹੇ। ਪਿਛਲੇ ਕਈ ਮਹੀਨਿਆਂ ਤੋਂ ਐਲਬਰਟਾ ਵਾਲੇ ਪਾਸੇ ਇਸ ਦਾ ਕੰਮ ਚੱਲ ਰਿਹਾ ਸੀ ਤੇ ਸਾਊਥ ਈਸਟ ਐਲਬਰਟਾ ਵਿੱਚ 1000 ਦੇ ਕਰੀਬ ਕਰਮਚਾਰੀ ਕੰਮ 'ਤੇ ਲੱਗੇ ਹੋਏ ਸਨ। ਅਮੈਰਿਕਾ ਵਿੱਚ ਜੋ ਬਾਇਡਨ ਨੇ ਰਾਸ਼ਟਰਪਤੀ ਬਣਦਿਆਂ ਹੀ ਸਭ ਤੋਂ ਪਹਿਲਾ ਕੰਮ



ਇਸ ਪ੍ਰੋਜੈਕਟ ਦਾ ਲਾਇਸੰਸ ਰੋਕਣ ਦਾ ਕੀਤਾ ਤੇ ਇਹ ਪਾਇਪ-ਲਾਇਨ ਠੱਪ ਹੋ ਗਈ। ਜਦੋਂ ਅਮੈਰਿਕਾ ਨੇ ਪੂਰੀ ਤਰ੍ਹਾਂ ਨਾਂਹ ਕਰ ਦਿੱਤੀ ਤਾਂ ਹੁਣ ਐਲਬਰਟਾ ਸਰਕਾਰ ਅਤੇ ਪਾਇਪ ਵਿਛਾ ਰਹੀ ਟੀ.ਸੀ. ਐਨਰਜੀ ਨੇ ਇਸ ਕੰਮ ਨੂੰ ਰੋਕਣ ਦਾ ਫੈਸਲਾ ਕਰ ਲਿਆ ਹੈ। ਜੇ ਇਹ ਪਾਇਪਲਾਇਨ ਪੂਰੀ ਹੁੰਦੀ ਤਾਂ ਇਸ ਦੀ ਲੰਬਾਈ 1897 ਕਿਲੋਮੀਟਰ ਹੋਣੀ ਸੀ ਤੇ ਇਸ ਰਾਹੀਂ 8 ਲੱਖ 30 ਹਜ਼ਾਰ ਬੈਰਲ ਕੱਚਾ ਤੇਲ ਹਰ ਰੋਜ਼ ਅਮੈਰਿਕਾ ਨੂੰ ਭੇਜਿਆ ਜਾਣਾ ਸੀ। ਵਿਰੋਧੀ ਧਿਰ ਐਨਡੀਪੀ ਨੇ ਮੰਗ ਕੀਤੀ ਹੈ। ਜੇਸਨ ਕੈਨੀ ਸਰਕਾਰ ਇਸ ਮਾਮਲੇ ਵਿੱਚ ਪੂਰੀ ਤਰ੍ਹਾਂ ਫੇਲ ਹੋਈ ਹੈ ਤੇ ਇਸ ਦਾ ਪੂਰਾ ਵੇਰਵਾ ਜਾਰੀ ਕਰਨ ਨੂੰ ਕਿਹਾ ਹੈ।

## ਜੇਸਨ ਕੈਨੀ ਦਾ ਗਰਾਫ ਹੇਠਾਂ ਹੀ ਡਿਗਦਾ ਜਾ ਰਿਹਾ ਹੈ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਇੱਕ ਨਵੇਂ ਆਏ ਪੋਲ ਸਰਵੇਖਣ ਵਿੱਚ ਦੱਸਿਆ ਜਾ ਰਿਹਾ ਹੈ ਕਿ ਦੇਸ਼ ਭਰ ਵਿੱਚ ਕਿਸੇ ਵੀ ਸੂਬੇ ਦੇ ਪ੍ਰੀਮੀਅਰ ਵੱਜੋਂ ਪੌਪੁਲੈਰਿਟੀ ਦੇ ਗ੍ਰਾਫ਼ ਵਿੱਚ ਜੇਸਨ ਕੈਨੀ ਸਭ ਤੋਂ ਹੇਠਾਂ ਚਲੇ ਗਏ ਹਨ ਅਤੇ ਸੂਬੇ ਵਿੱਚ ਨਵੀਂ ਉੱਭਰ ਰਹੀ ਸੱਜੇ ਪੱਖੀ ਧਿਰ, ਵਾਇਲਡਰੋਜ਼ ਇੰਡਿਪੈਂਡੈਂਟ ਪਾਰਟੀ ਆਪਣੀਆਂ ਜੜ੍ਹਾਂ ਮਜ਼ਬੂਤ ਕਰ ਰਹੀ ਹੈ। ਐਲਬਰਟਾ ਵਿੱਚ ਸੱਤਾਧਾਰੀ ਯੂ.ਸੀ.ਪੀ. ਹੁਣ ਵਿਰੋਧੀ ਧਿਰ ਐਨ.ਡੀ.ਪੀ. ਤੋਂ 11 ਪੁਆਇੰਟ ਪਿੱਛੇ ਹੋ ਗਈ ਹੈ। ਜੂਨ 2019 ਵਿੱਚ ਜੇਸਨ ਕੈਨੀ ਦੀ ਪੌਪੁਲੈਰਿਟੀ 61 ਪੁਆਇੰਟਸ 'ਤੇ ਸੀ ਜਿਹੜੀ ਹੁਣ 31 ਪੁਆਇੰਟ ਘਟ ਗਈ ਹੈ। ਐਨ.ਡੀ.ਪੀ. ਨੂੰ ਸੂਬੇ ਵਿੱਚ 41% ਲੋਕਾਂ ਦਾ ਸਮਰਥਨ ਮਿਲਦਾ ਦੱਸਿਆ ਗਿਆ ਹੈ ਜਦੋਂ ਕਿ ਯੂ.ਸੀ.ਪੀ. ਨੂੰ 30% ਲੋਕ ਪਸੰਦ ਕਰਦੇ ਦੱਸੇ ਗਏ ਹਨ। ਐਲਬਰਟਾ ਪਾਰਟੀ ਨੂੰ 7% ਅਤੇ ਲਿਬਰਲ ਪਾਰਟੀ ਨੂੰ 1% ਲੋਕ ਪਸੰਦ ਕਰ ਰਹੇ ਦਰਸਾਏ ਗਏ ਹਨ। ਇਹ ਸਰਵੇਖਣ ਐਂਗਸ ਰੀਡ ਵੱਲੋਂ ਕਰਵਾਇਆ ਗਿਆ ਹੈ। ਫੈਸਲਾ ਲੈਣ ਵਾਲੇ ਵੋਟਰਾਂ ਵਿੱਚੋਂ 20% ਦਾ ਕਹਿਣਾ ਹੈ ਕਿ ਉਹ ਵਾਇਲਡਰੋਜ਼ ਇੰਡਿਪੈਂਡੈਂਟ ਪਾਰਟੀ ਨੂੰ ਵੋਟ ਪਾਉਣਗੇ ਜਿਸ ਨਾਲ ਇੱਕ ਵਾਰ ਫਿਰ ਯੂਸੀਪੀ ਦੀਆਂ ਵੋਟਾਂ ਵੰਡੇ ਜਾਣ ਦਾ ਖ਼ਤਰਾ ਪੈਦਾ ਹੋ ਗਿਆ ਹੈ ਜਿਸ ਦਾ ਸਿੱਧਾ ਸਿੱਧਾ ਫਾਇਦਾ ਐਨ.ਡੀ.ਪੀ. ਨੂੰ ਹੋਵੇਗਾ। ਰਾਜਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ ਜੇਸਨ ਕੈਨੀ ਪ੍ਰਤੀ ਗੁੱਸਾ, ਪਾਰਟੀ ਦੀ ਘਟਦੀ ਪੌਪੁਲੈਰਿਟੀ ਅਤੇ ਐਨਡੀਪੀ ਦੀ ਵਧਦੀ ਚੜ੍ਹਤ – ਸਾਰੇ ਫੈਕਟਰ ਐਨ.ਡੀ.ਪੀ. ਦੇ ਹੱਕ ਵਿੱਚ ਜਾ ਰਹੇ ਹਨ।




Halyna Miller, LL.B.
Ten Years of Experience as a
Canadian Immigration Lawyer

MILLER IMMIGRATION LAW FIRM

We Speak Your Language: English and Punjabi

MILLER IMMIGRATION LAW FIRM
CANADIAN IMMIGRATION LAW

Assisting You With All Types of Applications for Temporary and Permanent Residence in Canada, and Canadian Citizenship

TEMPORARY RESIDENCE:

- Visitor Visas, including Super Visas and Business Visitor Visas
- Study Permits
- Work Permits, including:
  - Work permits based on Labour Market Impact Assessments (LMIAs)
  - Work permits under the Global Talent Stream
  - NAFTA and GATS work permits
  - Open work permits

PERMANENT RESIDENCE:

- Express Entry streams
- Provincial Nominee Programs
- Childcare Provider and Home Support Worker Pilot Programs
- Applications made under Humanitarian and Compassionate Considerations
- Family Class Applications to sponsor parents, grandparents, spouses and children
- Entrepreneurial and Investor Applications:
  - Self-Employed Persons program
  - Start-Up Visa Program
  - Provincial Nominee Programs

Offices in Calgary and Edmonton:

Calgary Office:
First Alberta Place
730-777 8 Avenue SW
Calgary, Alberta T2P 3R5

Edmonton Office:
First Edmonton Place
1400 - 10665 Jasper Avenue
Edmonton, Alberta
T5J 3S9

Contact us:

General Email: info@millerlawfirm.ca
Direct Email: hmiller@millerlawfirm.ca
General Phone Line: 587 - 392 - 5199
Direct Phone Line: 587 - 392 - 5200

APNA BAZAAR
APNA BAZAAR
SOUTH ASIAN GROCERY STORE
ਆਪਣਾ ਬਜ਼ਾਰ ਸਾਊਥ ਏਸ਼ੀਅਨ ਗਰੌਸਰੀ ਸਟੋਰ
ਤਾਜੀਆਂ ਸਬਜੀਆਂ, ਦਾਲਾਂ, ਮਸਾਲੇ, ਆਟਾ, ਵੇਸਣ,
ਆਚਾਰ, ਮੁਰੱਬੇ, ਬਰਤਨ ਆਦਿ ਨਿੱਤ ਦੀ ਵਰਤੋਂ ਵਾਲਾ
ਸਾਰਾ ਸਮਾਨ ਇੱਕੋ ਛੱਤ ਹੇਠ ਮਿਲਦਾ ਹੈ।
102 Hampton Cir #40,
Saskatoon, SK S7R 0B7
PH: 306 491 4742

Universal Immigration Consultancy
UIC Immigration Consultant
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
ਕੈਨੇਡਾ ਵਿੱਚ ਰਹਿ ਰਹੇ ਅੰਤਰ ਰਾਸ਼ਟਰੀ ਗਰੈਜੂਏਟਅਤੇ ਕਾਮਿਆਂ ਲਈ
ਖੁਸ਼ਖ਼ਬਰੀ
ਕਨੇਡਾ ਸਰਕਾਰ ਨੇ ਕਨੇਡਾ ਵਿੱਚ ਰਹਿ ਰਹੇ 90,000 ਕਾਮਿਆਂ ਨੂੰ ਪੱਕੇ ਕਰਨ ਦਾ ਇਤਹਿਾਸਕ ਫੈਸਲਾ ਲਿਆ ਹੈ । ਜਿਹੜੇ ਕਾਮੇ ਪਿਛਲੇ ਇੱਕ ਸਾਲ ਤੋਂ ਕਨੇਡਾ ਸਰਕਾਰ ਵੱਲੋਂ ਪ੍ਰਵਾਨਿਤ ਕਿੱਤਿਆਂ ਵਿੱਚ ਕੰਮ ਕਰ ਰਹੇ ਹਨ ,ਉਹ ਇਸ ਫੈਸਲੇ ਦਾ ਫਾਇਦਾ ਉਠਾ ਸਕਦੇ ਹਨ। ਵਧੇਰੇ ਜਾਣਕਾਰੀ ਅਤੇ ਫਾਇਲ ਲਗਵਾਉਣ ਲਈ ਸਾਡੇ ਨਾਲ ਸੰਪਰਕ ਕਰੋ
SASKATOON, SK
Unit # 4 - 3000 Diefenbaker Dr, Saskatoon, SK S7L 7K2 (Near Superstore West)
REGINA, SK
Unit-1, 1428 Lorne St
Regina SK S4R 2K4
Regulated Canadian Immigration Consultant, CEO
Member of ICCRC

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ
ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ
ਮਿੰਟਾਂ ਵਿੱਚ ਟਰੱਕ ਲੋਨ ਦੀ
ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ
ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ
ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ
ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ
ਦੇ ਨਾਲ ਵਾਜਬ ਦਾਮ 'ਤੇ ਕਰਵਾਉਣ
ਲਈ ਜ਼ਰੂਰ ਆਓ।
Insurance Claims
Courtesy Cars
All Work
Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobody.ca


# ਮਕਸੂਦ ਅਹਿਮਦ ਦੇ ਕਾਤਲ ਨੂੰ ਅਦਾਲਤ ਨੇ ਬਰੀ ਕਰਨ ਤੋਂ ਕੀਤੀ ਕੋਰੀ ਨਾਂਹ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਪ੍ਰੋਡਿਊਸ ਮਾਰਕਿਟ ਦੇ ਮਾਲਕ ਮਕਸੂਦ ਅਹਿਮਦ ਦਾ ਸਾਲ 2014 ਵਿੱਚ ਬੇਰਹਿਮੀ ਨਾਲ ਕਤਲ ਕਰ ਦੇਣ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਏ ਗਏ ਲੌਇਡ ਕੌਲੀ ਨਾਮ ਦੇ ਕਾਲੇ ਮੂਲ ਦੇ ਇੱਕ ਵਿਅਕਤੀ ਦੀ ਉਸ ਅਪੀਲ ਨੂੰ ਖਾਰਜ ਕਰ ਦਿੱਤਾ ਗਿਆ ਹੈ ਜਿਸ ਵਿੱਚ ਉਸ ਨੇ ਮੰਗ ਕੀਤੀ ਸੀ ਕਿ ਉਸ ਦੇ ਸਾਥੀ ਵੱਲੋਂ ਕਤਲ ਕਰਨ ਦੇ ਸੰਬੰਧ ਵਿੱਚ ਜੁਰਮ ਇਕਬਾਲ ਕਰ ਲੈਣ ਮਗਰੋਂ ਉਸ ਨੂੰ ਇਸ ਮਾਮਲੇ ਵਿੱਚੋਂ ਬਰੀ ਕੀਤਾ ਜਾਣਾ ਚਾਹਿਦਾ ਹੈ। ਐਲਬਰਟਾ ਕੋਰਟ ਔਫ਼ ਅਪੀਲ ਦੇ 3 ਮੈਂਬਰੀ ਪੈਨਲ ਨੇ ਸਰਬਸੰਮਤੀ ਨਾਲ ਤੇ ਫੈਸਲੇ ਵਿੱਚ ਕਿਹਾ ਕਿ ਸਿਰਫ਼ ਇਸੇ ਨਾਲ ਹੀ ਲੌਇਡ ਕੌਲੀ ਨੂੰ ਇਸ ਮਾਮਲੇ ਵਿੱਚੋਂ ਬਾਹਰ ਨਹੀਂ ਕੱਢਿਆ ਜਾ ਸਕਦਾ। ਕੌਲੀ ਦੇ ਸਾਥੀ ਜੀਨ ਬਰਟਰੈਂਡ ਹੇਵਿਐਰਿਮੈਨਾ ਨੇ ਕਬੂਲ ਕੀਤਾ ਹੈ ਕਿ ਉਸ ਨੇ ਚਾਕੂ ਨਾਲ ਇੱਕ ਜਾਂ ਦੋ ਵਾਰ ਅਹਿਮਦ ਮਕਸੂਦ ਉੱਪਰ ਕੀਤੇ ਸਨ। ਵੀਡੀ- ਸਰਵੇਲੈਂਸ ਵਿੱਚ ਵੀ ਇਹ ਨਜ਼ਰ ਆਉਂਦਾ ਹੈ। ਅਹਿਮਦ ਦੇ ਸਰੀਰ ਉੱਪਰ ਛੁਰੇ ਦੇ 8 ਵਾਰ ਸਨ ਜਿਹਨਾਂ ਵਿੱਚੋਂ 2 ਜਾਨਲੇਵਾ ਸਾਬਤ ਹੋਏ ਸਨ। ਇਸ ਮਾਮਲੇ ਵਿੱਚ ਕੌਲੀ ਸੈਕੰਡ ਡਿਗਰੀ ਮਰਡਰ ਦਾ ਦੋਸ਼ੀ ਹੈ।

# ਹੁਣ ਅਲਬਰਟਾ ਦੇ ਜਨਤਕ ਇਕੱਠਾਂ ਵਿੱਚ 150 ਲੋਕ ਸ਼ਾਮਿਲ ਹੋ ਸਕਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਲੱਗੀਆਂ ਸਿਹਤ ਸੰਬੰਧੀ ਪਾਬੰਦੀਆਂ ਵਿੱਚ ਢਿੱਲਾਂ ਦੇਣ ਦਾ ਸਿਲਸਿਲਾ 10 ਜੂਨ 2021 ਤੋਂ ਸ਼ੁਰੂ ਹੋ ਗਿਆ ਹੈ। ਇਸ ਯੋਜਨਾ ਤਹਿਤ ਆਉਟਡੋਰ ਗ਼ੈਦਰਿੰਗ ਵਿੱਚ 20 ਲੋਕ ਸਰੀਰਕ ਦੂਰੀ ਰੱਖ ਕੇ ਇਕੱਠੇ ਹੋ ਸਕਣਗੇ ਅਤੇ ਵਿਆਹਾਂ-ਅੰਤਮ ਸਸਕਾਰਾਂ ਵਿੱਚ 20 ਲੋਕ ਸ਼ਾਮਲ ਹੋ ਸਕਣਗੇ ਪਰ ਰਿਸੈਪਸ਼ਨਜ਼ 'ਤੇ ਪਾਬੰਦੀ ਜਾਰੀ ਰਹੇਗੀ। ਰੈਸਟੋਰੈਂਟਸ, ਪੱਬਜ਼ ਅਤੇ ਬਾਰਾਂ ਵਿੱਚ ਇੱਕ ਟੇਬਲ 'ਤੇ 6 ਲੋਕ ਬੈਠ ਕੇ ਖਾਣਾ ਖਾ ਸਕਣਗੇ। ਧਾਰਮਿਕ ਸਥਾਨਾਂ ਅਤੇ ਰੀਟੇਲ ਸਟੋਰਾਂ ਵਿੱਚ ਫਾਇਰ ਕੋਡ ਮੁਤਾਬਕ ਇੱਕ ਤਿਹਾਈ ਲੋਕ ਅੰਦਰ ਜਾ ਸਕਣਗੇ। ਜਿਮਜ਼ ਅਤੇ ਦੂਜੀਆਂ ਇਨਡੋਰ ਫਿਟਨੈਸ ਫੈਸਿਲਿਟੀਆਂ ਵਿੱਚ 3 ਮੀਟਰ ਦੀ ਦੂਰੀ ਰੱਖ ਕੇ ਪ੍ਰੈਕਟਿਸ ਕੀਤੀ ਜਾ ਸਕੇਗੀ। ਸਾਰੀਆਂ ਖੇਡਾਂ ਮੁੜ ਚਾਲੂ ਹੋ ਰਹੀਆਂ ਹਨ। ਜਨਤਕ ਤੌਰ 'ਤੇ ਆਉਟਡੋਰ ਇਕੱਠਾਂ ਜਿਵੇਂ ਸਮਾਜਕ ਪ੍ਰੋਗਰਾਮਾਂ ਆਦਿ ਵਿੱਚ 150 ਲੋਕ ਜਾ ਸਕਣਗੇ। ਸਰਕਾਰ ਨੇ ਲੋਕਾਂ ਨੂੰ ਸਾਵਦਾਨੀ ਵਰਤਣ ਅਤੇ ਅਹਿਤਿਆਤ ਨਾਲ ਚੱਲਣ ਸੰਬੰਧੀ ਦਿਸ਼ਾ ਨਿਦੇਸ਼ਾਂ ਦਾ ਪਾਲਣ ਕਰਦੇ ਰਹਿਣ ਨੂੰ ਕਿਹਾ ਹੈ।




# ਨਸਲੀ ਹਿੰਸਾ ਵਿਚ ਮਾਰੇ ਗਏ ਇੱਕੋ ਪਰਿਵਾਰ ਦੇ 4 ਮੈਂਬਰਾਂ ਨੂੰ ਮੋਮਬੱਤੀਆਂ ਬਾਲਕੇ ਦਿੱਤੀ ਸ਼ਰਧਾਜਲੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਸੂਬੇ ਦੇ ਲੰਡਨ ਸ਼ਹਿਰ ਵਿੱਚ ਬੀਤੇ ਦਿਨੀਂ ਨਸਲੀ ਹਿੰਸਾ ਦਾ ਸ਼ਿਕਾਰ ਹੋਣ ਕਰਕੇ ਮਾਰੇ ਗਏ ਮੁਸਲਿਮ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦਿਆਂ ਸੈਂਕੜੇ ਲੋਕਾਂ ਨੇ ਮਰਨ ਵਾਲਿਆਂ ਨੂੰ ਯਾਦ ਕਰਦਿਆਂ ਉਹਨਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ ਤੇ ਨਸਲਵਾਦ, ਵੱਖਵਾਦ, ਇਜ਼ਲੈਮੋਫੋਬੀਆ, ਨਫ਼ਰਤ ਅਤੇ ਭੇਦਭਾਵ ਦੇ ਖਿਲਾਫ਼ ਜ਼ੋਰਦਾਰ ਤਕਰੀਰਾਂ ਕੀਤੀਆਂ ਗਈਆਂ। ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹੱਲਨ, ਸਾਬਕਾ ਪਾਰਲੀਮੈਂਟ ਮੈਂਬਰ ਕੈਂਟ ਹੇਅਰ, ਸਮਾਜਿਕ ਕਾਰਕੁੰਨ ਸਾਇਮਾ ਜਮਾਲ, ਪਰਮੀਤ ਸਿੰਘ ਬੋਪਾਰਾਇ, ਅਸਜਦ ਬੁਖਾਰੀ, ਸਈਦ ਸੁਰਵਰਦੀ, ਰਿਆਜ਼ ਖਵਾਜਾ, ਸੋਹੇਬ ਵਾਸਿਫ਼ ਅਤੇ ਅਤੇ ਹੋਰਨਾ ਬੁਲਾਰਿਆਂ ਨੇ ਨਸਲਵਾਦ ਨੂੰ ਨੱਥ ਪਾਉਣ, ਸਖ਼ਤ ਕਾਨੂੰਨ ਬਣਾਉਣ ਤੇ ਲਾਗੂ ਕਰਨ ਅਤੇ ਅਤਿਵਾਦੀ ਕਾਰਵਾਈਆਂ ਅੰਜਾਮ ਦੇਣ ਵਾਲਿਆਂ ਉੱਤੇ ਤੁਰੰਤ ਅਤੇ ਸਖ਼ਤ ਕਾਰਵਾਈ ਕੀਤੇ ਜਾਣ ਸੰਬੰਧੀ ਕਾਨੂੰਨ ਬਣਾਉਣ ਦੀ ਮੰਗ ਕੀਤੀ ਗਈ। ਸਾਰੇ ਹੀ ਬੁਲਾਰਿਆਂ ਨੇ ਇਸ ਦਰਦਨਾਕ ਘਟਨਾ ਵਿੱਚ ਬਚ ਰਹੇ 9 ਸਾਲਾ ਬੱਚੇ ਦੀ ਸਿਹਤਯਾਬੀ ਅਤੇ ਚੰਗੇ ਭਵਿੱਖ ਦੀ ਅਰਦਾਸ ਕੀਤੀ। ਇਸ ਸੋਗ ਸਭਾ ਵਿੱਚ ਮੂਲ ਨਿਵਾਸੀਆਂ ਤੋਂ ਇਲਾਵਾ ਵੱਖ ਵੱਖ ਭਾਈਚਾਰਿਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ ਤੇ ਅਖੀਰ 'ਤੇ ਮੋਮਬੱਤੀਆਂ ਵੀ ਬਾਲੀਆਂ ਗਈਆਂ।

# 215 ਅੰਕੜੇ ਵਾਲੀਆਂ ਟੀ ਸ਼ਰਟਾਂ ਪਾ ਕੇ ਮੂਲ ਨਿਵਾਸੀਆਂ ਨੇ ਰੋਸ ਮਾਰਚ ਕੱਢਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਸੂ'ਟੀਨਾ ਨੇਸ਼ਨ ਅੰਦਰ 800 ਦੇ ਕਰੀਬ ਮੂਲ ਨਿਵਾਸੀਆਂ ਨੇ ਸੰਤਰੀ ਰੰਗ ਦੇ ਕੱਪੜੇ ਪਾ ਕੇ ਉਹਨਾਂ ਬੱਚਿਆਂ ਦੀ ਯਾਦ ਵਿੱਚ ਇੱਕ ਮਾਰਚ ਕੱਢਿਆ ਹੈ ਜਿਹਨਾਂ ਦੀਆਂ ਹੱਡੀਆਂ ਪਿਛਲੇ ਦਿਨੀਂ ਬ੍ਰਿਟਿਸ਼ ਕੋਲੰਬੀਆ ਦੇ ਕੈਮਲੂਪਸ ਦੇ ਇਕ ਪੁਰਾਣੇ ਰੈਜ਼ਿਡੈਂਸ਼ੀਅਲ ਸਕੂਲ ਹੇਠੋਂ ਮਿਲੀਆਂ ਸਨ। ਬਹੁਤੀਆਂ ਟੀ-ਸ਼ਰਟਸ ਉੱਪਰ 215 ਅਤੇ ਕਈ ਉਪਰ 'ਐਵਰੀ ਚਾਇਲਡ ਮੈਟਰਜ਼' ਲਿਖਿਆ ਹੋਇਆ ਸੀ। ਬੱਚਿਆਂ ਦੀ ਆਤਮਿਕ ਸ਼ਾਂਤੀ ਵਾਸਤੇ ਪ੍ਰਾਰਥਨਾਵਾਂ ਕੀਤੀਆਂ ਗਈਆਂ ਤੇ ਪਾਇਪ ਸੈਰੇਮਨੀ ਵੀ ਰੱਖੀ ਗਈ ਸੀ। ਇਹਨਾਂ ਨੇ ਮੰਗ ਕੀਤੀ ਹੈ ਕਿ ਸਾਰੇ ਪੁਰਾਣੇ ਰੈਜ਼ਿਡੈਂਸ਼ੀਅਲ ਸਕੂਲਾਂ ਦੀਆਂ ਜ਼ਮੀਨਾਂ ਦੀ ਜਾਂਚ ਹੋਣੀ ਚਾਹੀਦੀ ਹੈ। ਐਲਬਰਟਾ ਵਿੱਚ ਅਜਿਹੇ 25 ਸਕੂਲ ਸਨ ਤੇ ਸੂਬੇ ਵਿੱਚ 821 ਬੱਚਿਆਂ ਦੀ ਮੌਤ ਉਹਨਾਂ ਦੀ ਪੜ੍ਹਾਈ ਦੇ ਦੌਰਾਨ ਹੋਈ ਸੀ। 1960 ਦੇ ਦਹਾਕੇ ਤੱਕ ਇਹਨਾਂ ਰੈਜ਼ਿਡੈਂਸ਼ੀਅਲ ਸਕੂਲਾਂ ਦਾ ਪ੍ਰਬੰਧ ਕੈਥੋਲਿਕ ਚਰਚ ਦੇ ਹੱਥਾਂ ਵਿੱਚ ਸੀ।



# ਦੋਵੇਂ ਡੋਜ਼ਿਜ਼ ਲੱਗੀਆਂ ਹੋਣ ਉਪਰੰਤ ਵੀ ਕਰੋਨਾ ਚਿੰਬੜ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਫੁਟਹਿਲਜ਼ ਮੈਡਿਕਲ ਸੈਂਟਰ ਵਿੱਚ ਕੋਰੋਨਾ ਵਾਇਰਸ ਦੇ ਡੈਲਟਾ ਵੇਰੀਐਂਟ ਨੇ ਸਿਹਤ ਅਧਿਕਾਰੀਆਂ ਦੇ ਸਾਹ ਸੂਤ ਲਏ ਹਨ। ਯੁਨਾਇਟਿਡ ਨਰਸਿਜ਼ ਔਫ਼ ਐਲਬਰਟਾ ਦੀ ਵਾਇਸ ਪ੍ਰੈਜ਼ਿਡੈਂਟ ਵੇਅਨ ਸਟੌਪਾ ਦਾ ਕਹਿਣਾ ਹੈ ਇਸ ਵੇਰੀਐਂਟ ਨੇ ਸਭ ਨੂੰ ਡਰਾ ਦਿੱਤਾ ਹੈ ਤੇ ਉਹਨਾਂ ਦੀਆਂ ਚਿੰਤਾਵਾਂ ਵਧ ਗਈਆਂ ਹਨ। ਡਬਲ ਵੈਕਸਿਨ ਲੈ ਚੁੱਕੇ ਲੋਕ ਵੀ ਇਸ ਵੇਰੀਐਂਟ ਦੀ ਲਪੇਟ ਵਿੱਚ ਆ ਰਹੇ ਹਨ। ਫੁਟਹਿਲਜ਼ ਹੌਸਪਿਟਲ ਵਿੱਚ ਇਸ ਸਮੇਂ 16 ਮਰੀਜ਼ ਦੋ ਯੂਨਿਟਸ ਵਿੱਚ ਦਰਜ ਕੀਤੇ ਹਨ ਤੇ 6 ਵਰਕਰਜ਼ ਇਸ ਦੀ ਲਪੇਟ ਵਿੱਚ ਹਨ। ਇਹਨਾਂ ਵਿੱਚੋਂ 11 ਵਿਅਕਤੀਆਂ ਨੂੰ ਦੋਵੇਂ ਡੋਜ਼ਿਜ਼ ਲੱਗ ਚੁੱਕੀਆਂ ਹਨ। ਏ.ਐਚ.ਐਸ. ਦਾ ਕਹਿਣਾ ਹੈ ਕਿ ਇਸ ਵਾਇਰਸ ਦਾ ਅਸਰ ਅਜੇ ਖ਼ਤਮ ਹੋਇਆ ਨਹੀਂ ਸਮਝਿਆ ਜਾਣਾ ਚਾਹੀਦਾ। ਇਹਨਾਂ ਪੀੜਤ ਮਰੀਜ਼ਾਂ ਵਿੱਚੋਂ ਇਕ ਨੂੰ ਆਈ.ਸੀ.ਯੂ. ਵਿੱਚ ਲੈ ਜਾਣਾ ਪਿਆ ਹੈ। ਸਾਰੇ ਮਰੀਜ਼ਾਂ ਵਿੱਚ ਇਸ ਵਾਇਰਿਸ ਦੇ ਮਾਮੂਲੀ ਲੱਛਣ ਹਨ ਤੇ ਦਵਾਈ 91% ਅਸਰਕਾਰਕ ਹੈ। ਸਧਾਰਨ ਰੂਪ ਵਿੱਚ ਦੂਜੀ ਡੋਜ਼ ਲੱਗਣ ਤੋਂ 14 ਦਿਨਾਂ ਬਾਦ ਦਵਾਈ ਪੂਰਾ ਅਸਰ ਕਰਦੀ ਹੈ।

PUNJAB LAND DOCUMENTS WRITER & SERVICES PROVIDER (REGD.)

ਕੈਨੇਡਾ ਬੈਠਿਆਂ ਹੀ ਹੁਣ ਤੁਸੀਂ ਆਪਣੇ ਪੰਜਾਬ ਨਾਲ ਸਬੰਧਿਤ ਇਹੋ ਜਿਹੇ ਕੰਮ ਕਰਵਾ ਸਕਦੇ ਹੋ।

1. ਜ਼ਮੀਨਾਂ ਦੀ ਜਮਾਂਬੰਦੀ ਪਰਾਪਤ ਕਰੋ, ਮਾਲਕੀ, ਗਿਰਦਾਵਰੀ, ਫਰਦ ਨਾਲ ਛੇੜਛਾੜ ਦੇਖੋ, ਰਕਬਾ ਕੱਢਿਆ ਜਾਂਦਾ ਹੈ।
2. ਜ਼ਮੀਨ, ਟਰਾਂਸਫਰ, ਤਕਸੀਮ, ਕੇਸ ਪੈਰਵੀ, ਮੋਟਰ ਕੁਨੈਕਸਨ, ਵਸੀਅਤ, ਮੁਖਤਿਆਰਨਾਮੇ, ਕਿਰਾਇਨਾਮਾ, ਭੋਂ ਮਾਮਲਾ, ਤਬਾਦਲਾ, ਜ਼ਮੀਨੀ ਹੱਕ ਆਦਿ।
3. ਜ਼ਮੀਨ ਮਾਲਕ ਦੀ ਮੌਤ ਪਿੱਛੋਂ ਵਰਾਸਤ, ਕਿਸੇ ਕਿਸਮ ਦੇ ਇੰਤਕਾਲ ਨਾਮ ਕਰਵਾਉਣਾ।
4. ਹਲਫੀਆ ਬਿਆਨ, ਅਥਾਰਟੀ ਲੈਟਰ, ਫਰਦ ਬਦਰ (ਸੋਧ), ਗਿਰਦਾਵਰੀ ਦਰੁਸਤੀ, ਵਾਰਸ ਸਰਟੀਫਿਕੇਟ, ਪੈਨ ਕਾਰਡ, ਬੈਂਕਾਂ ਸਬੰਧੀ, ਕਿਸੇ ਮਹਿਕਮੇ ਦੇ N.R.I (ਥਾਣੇ) ਸ਼ਿਕਾਇਤ ਦਰਖਾਸਤਾਂ।
5. ਜ਼ਮੀਨ (ਪ੍ਰਾਪਰਟੀ) ਸਬੰਧੀ ਕੋਈ ਮਸਲਾ-ਝਮੇਲਾ, ਕਬਜਾ, ਅਦਾਲਤੀ ਕੇਸ, ਦਾਜ ਦਹੇਜ, ਜਨਮ ਤੇ ਮੈਰਿਜ ਸਰਟੀਫਿਕੇਟ।
6. ਕਿਸੇ ਤਹਿਸੀਲ, ਦਫ਼ਤਰ ਜਾਂ ਅਦਾਲਤ ਦਾ ਰਿਕਾਰਡ ਲੈਣਾ ਜ਼ਮੀਨੀ ਨਕਸ਼ੇ ਲੈਣੇ।
7. ਜ਼ਮੀਨਾਂ ਦੇ ਦਸਤਾਵੇਜਾਂ ਬਾਰੇ ਰੈ-ਮਸ਼ਵਰਾ, ਧੋਖਾ ਧੜੀ, ਅਦਾਲਤੀ ਸਟੇਅ ਆਦਿ।
8. ਪ੍ਰਾਪਰਟੀ ਵੇਚਣ-ਖਰੀਦਣ ਲਈ, (ਸਿਰਫ ਜਿਲਾ ਲੁਧਿਆਣਾ, ਮੋਗਾ, ਬਰਨਾਲਾ) ਜ਼ਮੀਨਾਂ ਕੈਨੇਡਾ ਬੈਠੇ ਖਰੀਦੋ ਅਤੇ ਨਾਮ ਕਰਵਾਓ।

Office: 6105 Saddlehorn Dr NE Calgary (AB)

A.S.Toor (Documents Writer)
ਅਵਤਾਰ ਸਿੰਘ ਤੂਰ (ਡਾਕੂਮੈਂਟਸ ਰਾਈਟਰ)
587-581-1313
ਈ ਮੇਲ: avtartoor1961@gmail.com

ਤੁਸੀਂ ਖੁਦ ਪੰਜਾਬ ਜਾਕੇ ਦਫਤਰਾਂ ਦੀ ਖੱਜਲ-ਖੁਆਰੀ ਤੋਂ ਬਚਣ ਲਈ, ਆਪਣਾ ਕੀਮਤੀ ਸਮਾਂ ਬਚਾਉਂਦੇ ਹੋਏ ਕੈਲਗਰੀ ਵਿਖੇ ਸਾਡੇ ਦਫਤਰ ਨਾਲ ਸੰਪਰਕ ਕਰੋ। ਡਾਕੂਮੈਂਟਸ ਇੰਡੀਆ ਰੂਲਜ ਮੁਤਾਬਿਕ ਇੱਥੇ (ਕੈਨੇਡਾ) ਵਿਖੇ ਹੀ ਲਿਖੇ ਜਾਂਦੇ ਹਨ।

All kinds of mobile and immobile properties documents are written and prepared here.
EXPERIENCE FOR 35 YEARS CIVIL COURT IN JAGRAON (LDH) PB.

WARD TIRECRAFT
COMMERCIAL AGRICULTURE PASSENGER
HD ALIGNMENT
CERTIFIED SGI INSPECTION STATION
ਜਾਨਦਾਰ ਤੇ ਵਜਨਦਾਰ ਨਵੇਂ ਟਾਇਰ ਖਰੀਦਣ ਲਈ ਸਾਡੇ ਸਟੋਰ ਤੇ ਆਓ
Enjoy Greater Vehicle Performance With Our Wide Selection of Quality Tires From Leading Brands!
Free Installation & Balance on set of 4
10% OFF — 10% off on semi truck alignment when you buy 2 new steer tires.
FREE SERVICES — Free installation and balancing with purchase of 4 passenger tires
CALL TODAY FOR AN ESTIMATE!
(306) 230-9025, (306) 715-8716
801 - 48th Street East, Saskatoon, SK S7K 0X5
www.wardtires.com
UNIROYAL · Laufenn · Hankook · GENERAL TIRE · BFGoodrich · COOPER TIRES · TOYO TIRES · MICHELIN · HERCULES TIRES · GOODYEAR · BRIDGESTONE · FALKEN · GT RADIAL · Firestone · Continental · YOKOHAMA · KUMHO TIRE · PIRELLI

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੈ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

## ਸੰਪਾਦਕੀ



ਗੁੱਸੇ ਦੇ ਵਕਤ ਥੋੜਾ ਰੁੱਕ ਜਾਣ ਨਾਲ, ਤੇ ਗਲਤੀ ਕਰਦੇ ਵਕਤ ਥੋੜਾ ਝੁੱਕ ਜਾਣ ਨਾਲ, ਜ਼ਿੰਦਗੀ ਆਸਾਨ ਹੋ ਜਾਂਦੀ ਹੈ।

# ਗਰੀਬਾਂ ਦੀ ਸਿਹਤ ਦੀ ਚਿੰਤਾ

ਧਰਤੀ ਉਤੇ ਸਾਰੇ ਲੋਕ ਸਿਹਤਮੰਦ ਹੋਣ, ਇਸ ਤੋਂ ਵੱਡੀ ਇਨਸਾਨ ਦੀ ਪ੍ਰਾਪਤੀ ਕੀ ਹੋ ਸਕਦੀ ਹੈ। ਚਾਹੇ ਅਮੀਰ ਦੇਸ਼ ਹੋਵੇ ਜਾਂ ਗਰੀਬ ਦੇਸ਼, ਸਭ ਅੱਜ ਇਸ ਚਿੰਤਾ ਵਿੱਚ ਹਨ ਕਿ ਸਿਹਤ ਦੇ ਮੋਰਚੇ ਉਤੇ ਦੁਨੀਆ ਨੂੰ ਕਿਵੇਂ ਸੁੱਰਖਿਅਤ ਬਣਾਇਆ ਜਾਵੇ। ਜੀ-7 ਦੇ ਸ਼ਿਖਰ ਸੰਮੇਲਨ ਵਿੱਚ ਭਾਰਤ ਨੇ 'ਵਨ ਅਰਥ-ਵਨ ਹੈਲਥ' ਦਾ ਮੰਤਰ ਦਿੱਤਾ ਹੈ। ਭਾਵੇਂ ਪੂਰੇ ਸਮੂਹ ਨੇ ਨਹੀਂ ਪਰ ਜਰਮਨੀ ਦੀ ਚਾਂਸਲਰ ਐਂਜਲਾ ਮਾਰਕਲ ਨੇ ਇਸ ਨਾਹਰੇ ਦਾ ਜ਼ੋਰਦਾਰ ਸਮਰਥਨ ਕੀਤਾ। ਵੀਡੀਓ ਕਾਨਫਰੰਸਿੰਗ ਦੇ ਜ਼ਰੀਏ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਫ ਕਿਹਾ ਕਿ ਅੱਜ ਦੁਨੀਆਂ ਦੀ ਪਹਿਲੀ ਜ਼ਰੂਰਤ ਧਰਤੀ ਦੇ ਹਰ ਨਾਗਰਿਕ ਦੇ ਲਈ ਇਕੋ ਜਿਹੀ ਸਿਹਤ ਦੀ ਹੈ ਅਤੇ ਇਹ ਤਾਂ ਸੰਭਵ ਹੋ ਸਕੇਗਾ ਜਦੋਂ ਹਰ ਜਗ੍ਹਾ ਸਿਹਤ ਸਹੂਲਤਾਂ ਵੀ ਇਕੋ ਜਿਹੀਆਂ ਹੋਣ। ਪਰ ਜਦੋਂ ਅੱਜ ਦੇਖਿਆ ਜਾਵੇ ਤਾਂ ਹਾਲਾਤ ਇਕ ਦਮ ਉਲਟ ਹਨ। ਅੱਧੀ ਤੋਂ ਜ਼ਿਆਦਾ ਦੁਨੀਆਂ ਗਰੀਬੀ ਦੀ ਮਾਰ ਸਹਿਣ ਕਰ ਰਹੀ ਹੈ। ਇਸ ਤੋਂ ਕੋਈ ਇਨਕਾਰ ਨਹੀਂ ਕਰੇਗਾ ਕਿ ਸਿਹਤ, ਕੁਪੋਸ਼ਣ, ਭੁਖਮਰੀ ਜਿਹੇ ਸੰਕਟ ਗਰੀਬੀ ਦੀ ਹੀ ਦੇਣ ਹਨ ਅਤੇ ਇਸ ਦੇ ਲਈ ਅਮੀਰ ਦੇਸ਼ਾਂ ਦੀਆਂ ਨੀਤੀਆਂ ਹੀ ਕਾਫੀ ਹੱਦ ਤੱਕ ਜ਼ਿੰਮੇਵਾਰ ਹਨ। ਉਦੋਂ ਧਰਤੀ ਉਤੇ ਹਰ ਨਾਗਰਿਕ ਦੇ ਸਿਹਤਮੰਦ ਹੋਣ ਦਾ ਸੁਪਨਾ ਕਿਵੇਂ ਸਾਕਾਰ ਹੋਵੇ, ਇਸ ਉਤੇ ਹੁਣ ਖੁਦ ਨੂੰ ਗਰੀਬਾਂ ਦਾ ਮਸੀਹਾ ਕਹਿਣ ਵਾਲੇ ਦੇਸ਼ਾਂ ਨੂੰ ਸੋਚਣਾ ਪਵੇਗਾ। ਗਰੀਬੀ ਤੋਂ ਛੁਟਕਾਰਾ ਪਾਏ ਬਿਨਾਂ ਤਾਂ 'ਵਨ ਅਰਥ-ਵਨ ਹੈਲਥ' ਦਾ ਨਾਹਰਾ ਸੁਪਨਾ ਬਣ ਕੇ ਰਹਿ ਜਾਵੇਗਾ। ਦੁਨੀਆਂ ਮਹਾਂਮਾਰੀ ਦੇ ਭਿਆਨਕ ਦੌਰ ਵਿਚੋਂ ਗੁਜਰ ਰਹੀ ਹੈ। ਸੰਕਟ ਹਾਲੇ ਟਲਿਆ ਨਹੀਂ ਹੈ। ਬਸ ਰਾਹਤ ਦੀ ਗੱਲ ਇੰਨੀ ਹੈ ਕਿ ਵਿਕਸਤ ਦੇਸ਼ਾਂ ਵਿੱਚ ਟੀਕਾਕਰਨ ਮੁਹਿੰਮ ਜ਼ੋਰਾਂ ਉਤੇ ਹੋਣ ਦੀ ਵਜ੍ਹਾ ਕਾਰਨ ਸੰਕਟ ਵਿਚੋਂ ਨਿਕਲਣ ਵਿੱਚ ਮਦਦ ਮਿਲ ਗਈ ਹੈ ਪਰ ਇਹ ਰਾਹਤ ਕੁਝ ਦੇਸ਼ਾਂ ਵਿੱਚ ਨਜ਼ਰ ਆ ਰਹੀ ਹੈ। ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਹਾਲਾਤ ਤਾਂ ਦੱਸ ਰਹੇ ਹਨ ਕਿ ਉਨ੍ਹਾਂ ਨੂੰ ਹਾਲੇ ਲੰਬਾ ਸੰਘਰਸ਼ ਕਰਨਾ ਪਵੇਗਾ। ਗਰੀਬ ਦੇਸ਼ਾਂ ਵਿੱਚ ਤਾਂ ਹਾਲੇ ਜਾਂਚ ਦੇ ਵੀ ਇੰਤਜ਼ਾਮ ਨਹੀਂ ਹਨ। ਜਦੋਂ ਭਾਰਤ ਜਿਹਾ ਦੁਨੀਆਂ ਦਾ ਸਭ ਤੋਂ ਵੱਡਾ ਟੀਕਾ ਨਿਰਮਾਤਾ ਖੁਦ ਟੀਕਿਆਂ ਦੀ ਭਿਆਨਕ ਕਮੀ ਵਿਚੋਂ ਗੁਜਰ ਰਿਹਾ ਹੈ ਤਾਂ ਬਾਕੀ ਮੁਲਕਾਂ ਦਾ ਕੀ ਆਲਮ ਹੋਵੇਗਾ, ਇਸ ਦਾ ਅਨੁਮਾਨ ਸਹਿਜ ਹੀ ਲੱਗ ਜਾਂਦਾ ਹੈ। ਜ਼ਿਆਦਾਤਰ ਟੀਕਾ ਨਿਰਮਾਤਾ ਕੰਪਨੀਆਂ ਅਮਰੀਕਾ ਅਤੇ ਯੂਰਪ ਦੀਆਂ ਹਨ। ਇਨ੍ਹਾਂ ਦੇ ਟੀਕੇ ਮਹਿੰਗੇ ਵੀ ਹਨ ਅਤੇ ਪਹਿਲਾਂ ਇਹ ਆਪਣੇ ਦੇਸ਼ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਲੱਗੇ ਹਨ। ਅਜਿਹੇ ਵਿੱਚ ਸਮੂਹ ਸੱਤ ਦੇ ਦੇਸ਼ਾਂ ਨੇ ਗਰੀਬ ਦੇਸ਼ਾਂ ਨੂੰ ਇੱਕ ਅਰਬ ਟੀਕੇ ਦਾਨ ਦੇਣ ਦਾ ਜੋ ਐਲਾਨ ਕੀਤਾ ਹੈ, ਉਸ ਨੂੰ ਫਿਲਹਾਲ ਵੱਡੀ ਪਹਿਲ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਇਸ ਤੋਂ ਇਹ ਵੀ ਝਲਕਦਾ ਹੈ ਕਿ ਮਹਾਂਮਾਰੀ ਨੂੰ ਲੈ ਕੇ ਵਿਕਸਤ ਦੇਸ਼ਾਂ ਵਿੱਚ ਕਿਸ ਕਦਰ ਚਿੰਤਾ ਪਾਈ ਜਾ ਰਹੀ ਹੈ। ਅਮੀਰ ਮੁਲਕ ਹੁਣ ਇਸ ਹਕੀਕਤ ਨੂੰ ਸਮਝ ਚੁੱਕੇ ਹਨ ਕਿ ਜਦੋਂ ਤੱਕ ਸਾਰੇ ਦੇਸ਼ ਮਹਾਂਮਾਰੀ ਦੇ ਚੁੰਗਲ ਵਿਚੋਂ ਨਹੀਂ ਨਿਕਲ ਜਾਂਦੇ, ਉਦੋਂ ਤੱਕ ਕੌਮਾਂਤਰ ਅਰਥ ਵਿਵਸਥਾ ਨੂੰ ਪੱਟੜੀ 'ਤੇ ਲਿਆ ਸਕਣਾ ਆਸਾਨ ਨਹੀਂ ਹੋਵੇਗਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਚਿੰਤਾ ਵਿੱਚ ਉਨ੍ਹਾਂ ਦੇ ਆਪਣੇ ਹਿੱਤ ਨਹਿੱਤ ਹਨ। ਸਮੂਹ ਸੱਤ ਦੇ ਦੇਸ਼ਾਂ ਵਿੱਚ ਅਮਰੀਕਾ, ਬ੍ਰਿਟੇਨ, ਫਰਾਂਸ, ਇਟਲੀ, ਜਰਮਨੀ, ਜਾਪਾਨ ਅਤੇ ਕੈਨੇਡਾ ਹਨ। ਇਨ੍ਹਾਂ ਸਾਰਿਆਂ ਨੇ ਕੋਰੋਨਾ ਦੀ ਭਾਰੀ ਮਾਰ ਸਹਿਣ ਕੀਤੀ ਹੈ। ਇਸ ਲਈ ਇਹ ਸਮਾਂ ਮਹਾਂਮਾਰੀ ਤੋਂ ਸਬਕ ਦਾ ਵੀ ਹੈ। ਜੋ ਦੇਸ਼ ਟੀਕਾ ਬਣਾਉਣ ਵਿੱਚ ਅੱਗੇ ਹਨ, ਉਨ੍ਹਾਂ ਦੀ ਤਰਜ਼ੀਹ ਇਹੀ ਹੋਣੀ ਚਾਹੀਦੀ ਹੈ ਕਿ ਬਾਜ਼ਾਰ ਅਤੇ ਮੁਨਾਫੇ ਤੋਂ ਪਰੇ ਹਟ ਕੇ ਦੁਨੀਆਂ ਦੇ ਉਸ ਹਰ ਦੇਸ਼ ਨੂੰ ਟੀਕਾ ਮੁਹਈਆ ਕਰਵਾਉਣ ਜੋ ਇਸ ਪਹੁੰਚ ਤੋਂ ਬਾਹਰ ਹਨ। ਆਪਣੀ ਗੱਲ ਕਰੀਏ ਤਾਂ ਅਸੀਂ ਭਾਵੇਂ ਟੀਕਿਆਂ ਦੀ ਕਮੀ ਦੇ ਸੰਕਟ ਵਿਚੋਂ ਨਿਕਲ ਰਹੇ ਹਾਂ, ਪਰ ਅਮਰੀਕਾ ਸਣੇ ਕਈ ਦੇਸ਼ਾਂ ਨੂੰ ਟੀਕੇ ਬਰਾਮਦ ਕੀਤੇ ਜਦਕਿ ਅਮਰੀਕਾ ਜਿਹੇ ਦੇਸ਼ ਨੇ ਹੀ ਟੀਕੇ ਬਣਾਉਣ ਦੇ ਲਈ ਭਾਰਤ ਨੂੰ ਕੱਚਾ ਮਾਲ ਦੇਣ ਤੋਂ ਇਹ ਕਹਿੰਦੇ ਹੋਏ ਇਨਕਾਰ ਕਰ ਦਿੱਤਾ ਸੀ ਕਿ ਪਹਿਲਾਂ ਅਸੀਂ ਆਪਣੀਆਂ ਲੋੜਾਂ ਪੂਰੀਆਂ ਕਰਾਂਗੇ। ਜੇਕਰ ਅਮੀਰ ਦੇਸ਼ ਇਸ ਰਵਈਏ ਦੇ ਨਾਲ ਚੱਲਣਗੇ ਤਾਂ ਧਰਤੀ ਉਤੇ ਸਭ ਦੇ ਲਈ ਸਮਾਨ ਸਿਹਤ ਦਾ ਨਿਸ਼ਾਨਾ ਸ਼ਾਇਦ ਹੀ ਕਦੇ ਹਾਸਲ ਹੋ ਸਕੇਗੀ।

**ਸੁਖਜਿੰਦਰ ਸਮਰਾ**
ਮੋ. 95835-92000


**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। – ਸੰਪਾਦਕ

# ਕਿਉਂ ਇਹ ਸਵੈ ਘੋਸ਼ਿਤ ਯੋਗ ਗੁਰੂ ਐਲੋਪੈਥੀ ਦੀ ਵਿਰੋਧਤਾ ਕਰ ਰਿਹਾ ਹੈ ?




ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062



ਭਾਰਤ ਦਾ ਇੱਕ ਸਵੈ ਘੋਸ਼ਿਤ ਯੋਗ ਗੁਰੂ ਅਤੇ ਆਯੁਰਵੈਦਿਕ ਦਵਾਈ ਨਿਰਮਾਤਾ ਆਪਣੇ ਬੇਤੁਕੇ ਬਿਆਨਾਂ ਕਾਰਨ ਹਮੇਸ਼ਾਂ ਚਰਚਾ ਵਿੱਚ ਰਹਿੰਦਾ ਹੈ। ਕਦੇ ਸੰਜੀਵਨੀ ਬੂਟੀ ਦੀ ਖੋਜ ਕਰਨ ਦਾ ਦਾਅਵਾ, ਕਦੇ ਕੈਂਸਰ, ਸ਼ੂਗਰ,ਬਲੱਡ ਪ੍ਰੈਸ਼ਰ ਅਤੇ ਏਡਜ਼ ਸਮੇਤ ਹਰੇਕ ਬਿਮਾਰੀ ਦਾ ਇਲਾਜ਼ ਕਰਨ ਦੀਆਂ ਗੱਪਾਂ ਅਤੇ ਹੁਣ ਕਰੋਨਾ ਠੀਕ ਕਰਨ ਦੀਦਵਾਈ ਲੱਭਣ ਸਬੰਧੀ ਝੂਠ ਮਾਰ ਰਿਹਾ ਹੈ। ਅੰਧ ਭਗਤ ਉਸ ਦੀ ਹਰੇਕ ਗੱਪ ਨੂੰ ਇਲਾਹੀ ਹੁਕਮ ਸਮਝ ਕੇ ਉਸਵੱਲੋਂ ਤਿਆਰ ਕੀਤੀ ਜਾਣ ਵਾਲੀ ਖੇਹ ਸਵਾਹ ਅਤੇ ਗਊ ਮੂਤਰ ਆਦਿ ਨੂੰ ਅੰਮ੍ਰਿਤ ਸਮਝ ਕੇ ਪੀ ਜਾਂਦੇ ਹਨ।ਬਿਨਾਂ ਕਿਸੇ ਮੈਡੀਕਲ ਡਿਗਰੀ ਤੋਂ ਇੱਕ ਅਨਪੜ੍ਹ ਵਿਅਕਤੀ ਦੁਆਰਾ ਐਨਾ ਵੱਡਾ ਮੈਡੀਕਲ ਸਾਮਰਾਜ ਕਾਇਮ ਕਰਲੈਣਾ ਸਿਰਫ ਭਾਰਤ ਵਿੱਚ ਹੀ ਸੰਭਵ ਹੈ। ਜੇ ਕਿਸੇ ਪੱਛਮੀ ਦੇਸ਼ ਵਿੱਚ ਇਸ ਨੇ ਅਜਿਹੀ ਫੈਕਟਰੀ ਲਗਾਈ ਹੁੰਦੀ ਜਾਂਅਜਿਹੇ ਦਾਅਵੇ ਕੀਤਾ ਹੁੰਦੇ ਤਾਂ ਕਦੇ ਦਾ ਜੇਲ੍ਹ ਯਾਤਰਾ ਕਰ ਚੁੱਕਾ ਹੁੰਦਾ। ਇਹ ਅਜਿਹੇ ਦਾਅਵੇ ਕਰਨਲੱਗਿਆਂ ਬਿਲਕੁਲ ਵੀ ਸ਼ਰਮ ਨਹੀਂ ਮੰਨਦਾ ਕਿ ਕੁਝ ਮਹੀਨੇ ਪਹਿਲਾਂ ਹੀ ਇਸ ਦਾ ਸਭ ਤੋਂ ਚਹੇਤਾ ਚੇਲਾ ਤੇ ਅਰਬਾਂਖਰਬਾਂ ਦੀਆਂ ਦਵਾਈ ਕੰਪਨੀਆਂ ਦਾ ਐਮ.ਡੀ. ਆਪਣੇ ਦਿਲ ਦਾ ਅਪਰੇਸ਼ਨ ਏਮਜ਼ ਵਿੱਚੋਂ ਕਰਵਾ ਕੇ ਆਇਆਹੈ। ਜੇ ਇਸ ਦੀਆਂ ਦਵਾਈਆਂ ਅਤੇ ਯੋਗ ਆਸਨਾਂ ਵਿੱਚ ਐਨੀ ਸ਼ਕਤੀ ਹੁੰਦੀ ਤਾਂ ਇਹ ਆਪਣੇ ਚੇਲੇ ਨੂੰਕਦੇ ਵੀ ਐਲੋਪੈਥੀ ਇਲਾਜ਼ ਨਾ ਕਰਵਾਉਣ ਦੇਂਦਾ। ਇਸ ਤੋਂ ਇਲਾਵਾ ਜਦੋਂ ਇਹ ਖੁਦ ਜਨਾਨੀਆਂ ਵਾਲੇਕੱਪੜੇ ਪਹਿਨ ਕੇ ਦਿੱਲੀ ਤੋਂ ਭੱਜਾ ਸੀ ਤੇ ਡਰ ਕਾਰਨ ਬਿਮਾਰ ਹੋ ਗਿਆ ਸੀ ਤਾਂ ਸਰਕਾਰੀ ਹਸਪਤਾਲ ਵਿੱਚ ਦਾਖਲ ਹੋ ਕੇਹੀ ਠੀਕ ਹੋਇਆ ਸੀ। ਇਸ ਦੀਆਂ ਗੁਲੂਕੋਜ਼ ਲੱਗੇ ਦੀਆਂ ਫੋਟੋਆਂ ਪ੍ਰਮੁੱਖਤਾ ਨਾਲ ਅਨੇਕਾਂ ਅਖਬਾਰਾਂ ਵਿੱਚਛਪੀਆਂ ਸਨ ਹੁਣ ਕੁਝ ਦਿਨ ਪਹਿਲਾਂ ਹੀ ਇਸ ਦੀ ਇੱਕ ਵੀਡੀਉ ਵਾਇਰਲ ਹੋਈ ਸੀ ਜਿਸ ਵਿੱਚ ਇਹ ਆਪਣੇ ਕੁਝਚਾਟੜਿਆਂ ਨਾਲ ਬੈਠਾ ਐਲੋਪੈਥੀ (ਮੈਡੀਕਲ ਸਾਇੰਸ) ਦੀਆਂ ਬੁਰਾਈਆਂ ਕਰ ਰਿਹਾ ਸੀ ਤੇ ਉਸ ਨੂੰਮੂਰਖਾਂ ਦੀ ਸਾਇੰਸ ਦੱਸ ਰਿਹਾ ਸੀ। ਉਸ ਮੁਤਾਬਕ ਐਲੋਪੈਥੀ ਨਾਲ ਕਰੋਨਾ ਠੀਕ ਨਹੀਂ ਹੋ ਸਕਦਾ ਤੇਮਰੀਜ਼ਾਂ ਦੀ ਮੌਤ ਨਿਸ਼ਚਿਤ ਹੈ। ਕਰੋਨਾ ਸਿਰਫ ਉਸ ਦੀ ਬਣਾਈ ਕੋਰੋਨਿਲ ਨਾਮਕ ਦਵਾਈ ਖਾਣ ਨਾਲ ਤੇ ਯੋਗ ਕਰਨਨਾਲ ਹੀ ਠੀਕ ਹੋਵੇਗਾ। ਉਸ ਮੁਤਾਬਕ ਰੋਜ਼ਾਨਾ ਯੋਗ ਕਰਨ ਵਾਲੇ ਵਿਅਕਤੀ ਨੂੰ ਕਦੇ ਵੀ ਕਰੋਨਾ ਨਹੀਂ ਹੋਸਕਦਾ ਤੇ ਨਾ ਹੀ ਆਕਸੀਜਨ ਸਿਲੰਡਰ ਦੀ ਜਰੂਰਤ ਪੈ ਸਕਦੀ ਹੈ। ਉਹ ਐਨਾ ਢੀਠ ਹੈ ਕਿ ਜਦੋਂ ਇਸ ਸਬੰਧੀਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਉਸ ਨੂੰ ਨੋਟਿਸ ਭੇਜਿਆ ਅਤੇ ਮੀਡੀਆ ਵਿੱਚ ਭਾਰੀ ਬਦਨਾਮੀ ਹੋਈ ਤਾਂਵੀ ਉਸ ਨੇ ਕੋਈ ਪ੍ਰਵਾਹ ਨਹੀਂ ਕੀਤੀ। ਉਸ ਨੇ ਸਿਰਫ ਉਦੋਂ ਹੀ ਢਿੱਲੀ ਜਿਹੀ ਮਾਫੀ ਮੰਗੀ ਤੇ ਆਪਣਾ ਬਿਆਨਵਾਪਸ ਲਿਆ ਜਦੋਂ ਦੇਸ਼ ਦੇ ਸਿਹਤ ਮੰਤਰੀ ਨੇ ਉਸ ਨੂੰ ਸਖਤ ਚੇਤਾਵਨੀ ਦਿੱਤੀ। ਇੰਡੀਅਨ ਮੈਡੀਕਲਐਸੋਸੀਏਸ਼ਨ ਨੂੰ ਤਰਕਸ਼ੀਲਾਂ ਵਾਂਗ ਇਸ ਨੂੰ ਚੈਲੇਂਜ਼ ਕਰਨਾ ਚਾਹੀਦਾ ਹੈ ਕਿ ਉਹ ਉਸ ਨੂੰ ਕਰੋਨਾ ਨਾਲਇਨਫੈਕਟਿਡ ਕਰਨਗੇ ਤੇ ਉਹ ਹਸਪਤਾਲ ਵਿੱਚ ਦਾਖਲ ਹੋਣ ਦੀ ਬਜਾਏ ਆਪਣੀਆਂ ਖੁਦ ਦੀਆਂ ਦਵਾਈਆਂ ਖਾ ਕੇਠੀਕ ਹੋ ਕੇ ਵਿਖਾਵੇ। 100% ਉਮੀਦ ਹੈ ਕਿ ਉਹ ਇਹ ਚੈਲੇਂਜ਼ ਸਵੀਕਾਰ ਨਹੀਂ ਕਰ ਸਕੇਗਾ ਜਿਵੇਂ ਹੁਣ ਤੱਕ ਕੋਈਸਾਧ, ਬਾਬਾ, ਤਾਂਤਰਿਕ, ਮਾਂਤਰਿਕ ਜਾਂ ਜੋਤਸ਼ੀ ਤਰਕਸ਼ੀਲਾਂ ਵੱਲੋਂ ਘੋਸ਼ਿਤ ਕੀਤੇ ਗਏ ਕਰੋੜਾਂ ਦੇ ਇਨਾਮ ਨੂੰਨਹੀਂ ਜਿੱਤ ਸਕਿਆ ਅਜਿਹੇ ਮੂਰਖਾਂ ਵੱਲੋਂ ਦਿੱਤੇ ਜਾਂਦੇ ਅਜਿਹੇ ਬੇਤੁਕੇ ਤੇ ਵਾਹਯਾਤ ਬਿਆਨਾਂ ਦਾ ਸਭ ਤੋਂਵੱਡਾ ਕਾਰਨ ਇਹ ਕਿ ਪ੍ਰਚੀਨ ਕਾਲ ਤੋਂ ਹੀ ਬਾਦਸ਼ਾਹਾਂ ਅਤੇ ਧਰਮ ਦੇ ਠੇਕੇਦਾਰਾਂ ਦਾ ਖੋਜੀਆਂ,ਵਿਗਿਆਨੀਆਂ, ਫਿਲਾਸਫਰਾਂ, ਵਿਚਾਰਕਾਂ ਅਤੇ ਸੱਚ ਬੋਲਣ ਵਾਲਿਆਂ ਨਾਲ ਵੈਰ ਰਿਹਾ ਹੈ। ਉਨ੍ਹਾਂ ਨੂੰ ਹਮੇਸ਼ਾਂਇਸ ਗੱਲ ਦਾ ਖਤਰਾ ਰਹਿੰਦਾ ਹੈ ਕਿ ਜੇ ਆਮ ਲੋਕਾਂ ਨੂੰ ਸੱਚ ਦਾ ਪਤਾ ਲੱਗ ਗਿਆ ਤਾਂ ਉਨ੍ਹਾਂ ਦੀਆਂ ਝੂਠਦੀਆਂ ਦੁਕਾਨਾਂ ਬੰਦ ਹੋ ਜਾਣਗੀਆਂ। ਅਜਿਹੇ ਲੋਕਾਂ ਦਾ ਸਭ ਤੋਂ ਪਹਿਲਾ ਸ਼ਿਕਾਰ ਸੁਕਰਾਤ ਹੋਇਆ ਸੀ ਜਿਸਨੂੰ ਜ਼ਹਿਰ ਦਾ ਪਿਆਲਾ ਪੀਣ ਲਈ ਮਜ਼ਬੂਰ ਕੀਤਾ ਗਿਆ ਸੀ। ਇਸ ਤੋਂ ਬਾਅਦ ਈਸਾ ਮਸੀਹ, ਮੰਨਸੂਰ, ਭਗਤਕਬੀਰ, ਸਰਮਦ ਅਤੇ ਗੁਰੂ ਸਾਹਿਬਾਨ ਸਮੇਤ ਅਨੇਕਾਂ ਪੀਰਾਂ, ਪੈਗੰਬਰਾਂ, ਭਗਤਾਂ ਅਤੇ ਵਿਚਾਰਕਾਂ ਨੂੰ ਅਜਿਹੇਕੱਟਵਵਾਦੀਆਂ ਦੇ ਜ਼ੁਲਮ ਸਹਿਣੇ ਪਏ ਹਨ। ਗੈਲੀਲਿਊ ਜਿਹੇ ਮਹਾਨ ਖਗੋਲ ਸ਼ਾਸ਼ਤਰੀ ਨੂੰ ਇਹ ਕਹਿਣ ਲਈ ਮਜ਼ਬੂਰਕੀਤਾ ਗਿਆ ਸੀ ਕਿ ਧਰਤੀ ਸੂਰਜ ਦੁਆਲੇ ਨਹੀਂ, ਬਲਕਿ ਸੂਰਜ ਧਰਤੀ ਦੁਆਲੇ ਘੁੰਮਦਾ ਹੈ। ਧਰਮ ਦੇ ਠੇਕੇਦਾਰਹਮੇਸ਼ਾਂ ਵਿਗਿਆਨੀਆਂ ਦੁਆਰਾ ਕੀਤੀਆਂ ਜਾਂਦੀਆਂ ਨਵੀਆਂ ਖੋਜਾਂ ਦਾ ਧਿਆਨ ਰੱਖਦੇ ਹਨ ਤਾਂ ਜੋ ਇਹ ਕਹਿਸਕਣ ਕਿ ਇਹ ਤਾਂ ਪਹਿਲਾਂ ਹੀ ਉਨ੍ਹਾਂ ਦੇ ਧਰਮ ਗ੍ਰੰਥਾਂ ਵਿੱਚ ਲਿਖੀਆਂ ਹੋਈਆਂ ਹਨ। ਰੂੜੀਵਾਦੀ ਲੋਕ ਕਦੇ ਵੀਆਪਣੇ ਸੜੇ ਗਲੇ ਵਿਚਾਰ ਤਿਆਗਣ ਲਈ ਤਿਆਰ ਨਹੀਂ ਹੁੰਦੇ। ਬਹੁਤੇ ਲੋਕ ਵੀ ਵਿਗਿਆਨੀਆਂ ਦੀਆਂ ਦਲੀਲਾਂਸੁਣਨ ਦੀ ਬਜਾਏ ਇਨ੍ਹਾਂ ਪਾਖੰਡੀਆਂ ਮਗਰ ਲੱਗਣ ਨੂੰ ਹੀ ਠੀਕ ਸਮਝਦੇ ਹਨ।ਭਾਰਤ ਵਿੱਚ ਤਾਂ ਕਰੋੜਾਂ ਲੋਕ ਪਹਿਲਾਂ ਹੀ ਇੰਟਰਨੈੱਟ 'ਤੇ ਫੈਲਾਈਆਂ ਜਾ ਰਹੀਆਂਅਫਵਾਹਾਂ ਕਾਰਨ ਕਰੋਨਾ ਦਾ ਟੀਕਾ ਲਗਵਾਉਣ ਨੂੰ ਤਿਆਰ ਨਹੀਂ। ਹੁਣ ਉਹ ਇਸ ਕਥਿੱਤ ਯੋਗ ਗੁਰੂਦੁਆਰਾ ਫੈਲਾਏ ਜਾ ਰਹੇ ਝੂਠ ਕਾਰਨ ਹੋਰ ਵੀ ਸ਼ੰਕਾਲੂ ਹੋ ਜਾਣਗੇ। ਲੋਕਾਂ ਦੀ ਤਾਂ ਗੱਲ ਹੀ ਛੱਡੀਏ, ਪੰਜਾਬਦੇ ਇੱਕ ਗੁਆਂਢੀ ਸੂਬੇ ਦੀ ਸਰਕਾਰ ਵੀ ਇਸ ਦੁਆਰਾ ਬਣਾਈ ਗਈ ਗੈਰ ਪ੍ਰਵਾਣਿਤ ਕੋਰੋਨਿਲ ਦਵਾਈ ਨੂੰ ਲੱਖਾਂਦੀ ਗਿਣਤੀ ਵਿੱਚ ਖਰੀਦ ਕੇ ਜਨਤਾ ਵਿੱਚ ਵੰਡ ਰਹੀ ਹੈ। ਇਹ ਵੀ ਵਰਨਣਯੋਗ ਹੈ ਕਿ ਇਸ ਦਵਾਈ ਨੂੰ ਜਾਰੀ ਕਰਨ ਦੇਸਮਾਗਮ ਵਿੱਚ ਦੋ ਕੇਂਦਰੀ ਮੰਤਰੀ (ਸਿਹਤ ਮੰਤਰੀ ਸਮੇਤ) ਵੀ ਸ਼ਾਮਲ ਹੋਏ ਸਨ। ਹੁਣ ਇੰਡੀਅਨ ਮੈਡੀਕਲਐਸੋਸੀਏਸ਼ਨ ਨੇ ਇਸ ਨੂੰ ਨੋਟਿਸ ਜਾਰੀ ਕੀਤਾ ਹੈ ਕਿ ਜਾਂ ਤਾਂ ਇਹ 15 ਦਿਨਾਂ ਵਿੱਚ ਆਪਣੇ ਬਿਆਨ ਬਾਰੇਮਾਫੀ ਮੰਗੇ, ਜਾਂ ਫਿਰ 1000 ਕਰੋੜ ਦੇ ਹਰਜ਼ਾਨੇ ਦੇ ਕੇਸ ਲਈ ਤਿਆਰ ਰਹੇ। ਉਸ ਦੇ ਜਵਾਬ ਵਿੱਚ ਇਸ ਦੀ ਇੱਕਹੋਰ ਵੀਡੀਉ ਸਾਹਮਣੇ ਆਈ ਹੈ, ਜਿਸ ਵਿੱਚ ਇਹ ਮਾਫੀ ਮੰਗਣ ਦੀ ਬਜਾਏ ਕਹਿ ਰਿਹਾ ਹੈ ਕਿ ਮੇਰੇ 'ਤੇਮੁਕੱਦਮਾ ਤਾਂ ਇਨ੍ਹਾਂ ਦਾ ਬਾਪ ਵੀ ਦਰਜ਼ ਨਹੀਂ ਕਰਵਾ ਸਕਦਾ। ਇਸ 'ਤੇ ਪੰਜਾਬੀ ਦਾ ਇਹ ਅਖਾਣ ਪੂਰੀ ਤਰਾਂਨਾਲ ਢੁੱਕਦਾ ਹੈ ਕਿ ਚੱਕੀ ਹੋਈ ਲੰਬੜਾਂ ਦੀ, ਠਾਣੇਦਾਰ ਦੇ ਬਰਾਬਰ ਬੋਲੇ।

# ਮੌਜੂਦਾ ਕਾਂਗਰਸੀ ਕਾਂਟੋ ਕਲੇਸ਼- ਕੈਪਟਨ ਦੀਆਂ ਨਾਕਾਮੀਆਂ ਦੀ ਦੇਣ



ਗੁਰਮੀਤ ਸਿੰਘ ਪਲਾਹੀ

ਇਹ ਗੱਲ ਤਾਂ ਸ਼ੀਸ਼ੇ ਵਾਂਗਰ ਸਾਫ਼ ਹੈ ਕਿ ਪੰਜਾਬ ਕਾਂਗਰਸ ਦੇ ਕਾਂਟੋ ਕਲੇਸ਼ ਨੇ ਪੰਜਾਬ ਵਿੱਚ ਕਾਂਗਰਸ ਦੀ ਸਥਿਤੀ ਡਾਵਾਂਡੋਲ ਕੀਤੀ ਹੈ ਅਤੇ ਪੰਜਾਬ ਦੇ ਮੁੱਖਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਿਆਸੀ ਤਾਕਤ ਨੂੰ ਖੋਰਾ ਲੱਗਾ ਹੈ। ਪਰ ਇਹ ਗੱਲ ਵੀ ਸਾਫ਼ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਬਰਾਬਰ ਦਾ ਕੋਈ ਵੀ ਪੰਜਾਬ ਦਾ ਕਾਂਗਰਸੀ ਨੇਤਾ ਆਪਣਾ ਕੱਦ-ਬੁੱਤ ਉੱਚਾ ਨਹੀਂ ਕਰ ਸਕਿਆ ਅਤੇ ਨਾ ਹੀ ਕੈਪਟਨ ਅਮਰਿੰਦਰ ਸਿੰਘ ਨੂੰ ਕੋਈ ਚੈਲਿੰਜ ਪੇਸ਼ ਕਰ ਸਕਿਆ ਹੈ।

ਕਾਂਗਰਸ ਹਾਈ ਕਮਾਂਡ ਨੇ ਪੰਜਾਬ ਵਿੱਚ ਅਮਰਿੰਦਰ ਸਿੰਘ ਵਿਰੋਧੀ ਕੈਂਪ ਦੇ ਨੇਤਾਵਾਂ ਦੀ ਗੱਲ ਸੁਣੀ ਹੈ, ਇਹ ਨੇਤਾ ਕੈਪਟਨ ਦੀ ਕਾਰਗੁਜ਼ਾਰੀ ਉਤੇ ਸਵਾਲ ਉਠਾਉਂਦੇ ਕਹਿੰਦੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਦਾ ਰਾਜ ਸਿਆਸੀ ਲੋਕਾਂ ਹੱਥ ਨਹੀਂ, ਸਗੋਂ ਅਫ਼ਸਰਸ਼ਾਹੀ ਹੱਥ ਹੈ ਅਤੇ ਕਾਂਗਰਸੀਆਂ ਦੀ ਇਸ ਰਾਜ ਵਿੱਚ ਸੁਣਵਾਈ ਨਹੀਂ। ਵਿਰੋਧ ਕਰਨ ਵਾਲਿਆਂ ਵਿੱਚੋਂ ਇੱਕ ਚਿਹਰਾ ਨਵਜੋਤ ਸਿੰਘ ਸਿੱਧੂ ਦਾ ਹੈ, ਜਿਹੜਾ ਇਹ ਦਾਅਵਾ ਕਰਦਾ ਹੈ ਕਿ ਮੈਨੂੰ ਅਹੁਦੇ ਦੀ ਕੋਈ ਲਾਲਸਾ ਨਹੀਂ ਹੈ, ਮੇਰੀ ਲੜਾਈ ਤਾਂ ਪੰਜਾਬ ਦੇ ਮੁੱਦਿਆਂ ਦੀ ਹੈ।

ਕੁਝ ਸਿਆਸੀ ਮਾਹਿਰਾਂ ਦਾ ਵਿਚਾਰ ਹੈ ਕਿ ਕਾਂਗਰਸ ਵਿੱਚ ਅਸਲ ਲੜਾਈ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਦਰਮਿਆਨ ਹੈ, ਜਿਹਨਾ ਦੀ ਕਾਂਗਰਸ ਹਾਈ ਕਮਾਂਡ ਤੱਕ ਆਪੋ-ਆਪਣੀ ਵੱਡੀ ਪਹੁੰਚ ਹੈ। ਨਵਜੋਤ ਸਿੰਘ ਸਿੱਧੂ, ਜਦੋਂ ਤੋਂ ਕਾਂਗਰਸ ਵਿੱਚ ਆਏ ਹਨ, ਉਦੋਂ ਤੋਂ ਹੀ ਕੈਪਟਨ ਅਮਰਿੰਦਰ ਸਿੰਘ ਨੇ ਉਹਨਾ ਦੇ ਕਾਂਗਰਸ ਵਿੱਚ ਪੈਰ ਨਹੀਂ ਲੱਗਣ ਦਿੱਤੇ। ਕੈਪਟਨ ਵਜ਼ਾਰਤ 'ਚ ਉਹ ਵਜ਼ੀਰ ਬਣੇ, ਪਰ ਬਹੁਤਾ ਸਮਾਂ ਵਜ਼ੀਰੀ ਨਾ ਨਿਭਾਅ ਸਕੇ। ਰੁੱਸ ਕੇ ਘਰ ਬੈਠ ਗਏ। ਕਾਂਗਰਸ ਹਾਈ ਕਮਾਂਡ ਦੇ ਦਖ਼ਲ ਨਾਲ, ਉਹ ਚੋਣ ਪ੍ਰਚਾਰ 'ਚ ਰੁਝਦੇ ਰਹੇ, ਪਰ ਕੈਪਟਨ ਅਤੇ ਸਿੱਧੂ ਬਾਵਜੂਦ ਹਾਈ ਕਮਾਂਡ ਦੇ ਦਖ਼ਲ ਦੇ, ਕਦੇ ਵੀ ਇੱਕ-ਦੂਜੇ ਦੇ ਨਾ ਹੋ ਸਕੇ। ਜਦੋਂ ਵੀ ਸਿੱਧੂ ਦਾ ਦਾਅ ਲੱਗਦਾ ਰਿਹਾ, ਉਹ ਕੈਪਟਨ ਨੂੰ ਕਟਿਹਰੇ 'ਚ ਖੜ੍ਹੇ ਕਰਨ ਲਈ ਮੌਕਾ ਲੱਭਦੇ ਰਹੇ।

ਪਰ ਮੌਜੂਦਾ ਲੜਾਈ ਸਿੱਧੂ ਅਤੇ ਅਮਰਿੰਦਰ ਸਿੰਘ ਦਰਮਿਆਨ ਨਹੀਂ ਹੈ, ਸਗੋਂ ਕਈ ਕਾਰਨਾਂ ਕਾਰਨ ਅਮਰਿੰਦਰ ਸਿੰਘ ਤੋਂ ਗੁੱਸੇ ਹੋਏ ਕਾਂਗਰਸੀ ਨੇਤਾਵਾਂ ਦੀ ਹੈ, ਜਿਹਨਾ ਵਿੱਚ ਸ਼ਮਸ਼ੇਰ ਸਿੰਘ ਦੂਲੋ, ਪ੍ਰਤਾਪ ਸਿੰਘ ਬਾਜਵਾ ਐਮ.ਪੀ., ਚਰਨਜੀਤ ਸਿੰਘ ਚੰਨੀ ਕੈਬਨਿਟ ਮੰਤਰੀ, ਸੁਖਜਿੰਦਰ ਸਿੰਘ ਕੈਬਨਿਟ ਮੰਤਰੀ ਅਤੇ ਕੁਝ ਕੁ ਹੋਰ ਸ਼ਾਮਲ ਹਨ। ਇਹ ਸਾਰੇ ਕੈਪਟਨ ਦੀ ਕਾਰਗੁਜ਼ਾਰੀ ਉਤੇ ਸਵਾਲ ਚੁੱਕਦੇ ਹਨ, ਪਰ ਉਸਨੂੰ ਬਦਲਣ ਦੀ ਗੱਲ ਨਹੀਂ ਕਰਦੇ। ਜਿਸਦਾ ਅਰਥ ਕੀ ਇਹ ਲਿਆ ਜਾਵੇ ਕਿ ਉਹ ਆਪਣੇ ਗਿਲੇ-ਸ਼ਿਕਵੇ ਦੂਰ ਕਰਕੇ, ਜਾਂ ਕੈਬਨਿਟ ਵਿੱਚ ਚੰਗਾ ਮਹਿਕਮਾ ਲੈਕੇ, ਜਾਂ ਕੈਪਟਨ ਤੱਕ ਆਪਣੀ ਪਹੁੰਚ ਬਣਾਕੇ ਸੰਤੁਸ਼ਟ ਹੋ ਜਾਣਗੇ ?

ਪਰਗਟ ਸਿੰਘ ਵਿਧਾਇਕ ਨੂੰ ਕੈਪਟਨ ਦੇ ਓ.ਐਸ.ਡੀ. ਦੀ ਧਮਕੀ, ਕਿਸੇ ਸਮੇਂ ਕੈਪਟਨ ਦੇ ਖਾਸਮ-ਖਾਸ ਰਹੇ ਸੁਖਜਿੰਦਰ ਸਿੰਘ ਖਿਲਾਫ਼ ਵਿਜੀਲੈਂਸ ਛਾਪਿਆਂ ਦਾ ਡਰਾਵਾ, ਚਰਨਜੀਤ ਸਿੰਘ ਚੰਨੀ ਦੇ ਪੁਰਾਣੇ ਕੇਸ ਖੋਲ੍ਹ ਕੇ ਉਸ ਨੂੰ ਦਬਾਅ ਵਿੱਚ ਰੱਖ, ਕੈਪਟਨ ਅਮਰਿੰਦਰ ਸਿੰਘ ਖਿਲਾਫ਼ ਕੁਝ ਵੀ ਨਾ ਬੋਲਣ ਦੀ ਨਸੀਹਤ, ਕਾਰਨ ਵਿਰੋਧੀ ਕਾਂਗਰਸੀ ਭੜਕੇ। ਕੁਝ ਇਕੱਠੇ ਹੋਏ। ਕੁਝ ਮੰਤਰੀਆਂ ਮੀਟਿੰਗਾਂ ਕੀਤੀਆਂ। ਦਲਿਤ ਮੰਤਰੀਆਂ ਤੇ ਵਿਧਾਇਕਾਂ ਨੇ ਮੀਟਿੰਗਾਂ ਕੀਤੀਆਂ ਅਤੇ ਫਿਰ ਹਾਈ ਕਮਾਂਡ ਤੱਕ ਪਹੁੰਚ ਕੇ ਕਾਂਗਰਸ ਵਿੱਚ ਹਫੜਾ-ਤਫੜੀ ਪੈਦਾ ਕੀਤੀ।

ਹਾਈ ਕਮਾਂਡ ਨੂੰ ਇਸ ਸਭ ਕੁਝ ਦਾ ਨੋਟਿਸ ਲੈਣਾ ਪਿਆ। ਤਿੰਨ ਮੈਂਬਰੀ ਕਮੇਟੀ ਬਣੀ, ਜਿਸ ਦੇ ਸਾਹਮਣੇ ਵਿਰੋਧੀ ਅਤੇ ਕੈਪਟਨ ਪੱਖੀ ਵਿਧਾਇਕ, ਐਮ.ਪੀ ਪੇਸ਼ ਹੋਏ, ਆਪੋ-ਆਪਣੀ ਗੱਲ ਰੱਖੀ। ਪਰ ਕੈਪਟਨ ਵਿਰੋਧੀ ਨੇਤਾਵਾਂ, ਵਿਧਾਇਕਾਂ ਦੀ ਗਿਣਤੀ ਡੇਢ ਦਰਜਨ ਤੋਂ ਵੱਧ ਦੀ ਨਹੀਂ ਹੋ ਸਕੀ।

ਇਸ ਸਭ ਕੁਝ ਦੇ ਵਿਚਕਾਰ ਉਸ ਵੇਲੇ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਤਾਕਤ ਹੋਰ ਮਜ਼ਬੂਤ ਕੀਤੀ ਜਦੋਂ ਕੈਪਟਨ ਅਮਰਿੰਦਰ ਸਿੰਘ ਪੁਰਾਣੇ ਕਾਂਗਰਸੀ ਨੇਤਾ ਤੇ ਆਮ ਆਦਮੀ ਪਾਰਟੀ ਵਿਧਾਇਕ (ਕਿਸੇ ਸਮੇਂ ਆਮ ਆਦਮੀ ਪਾਰਟੀ ਵਿਧਾਇਕ ਦਲ ਦੇ ਮੁੱਖੀ) ਸੁਖਪਾਲ ਸਿੰਘ ਖਹਿਰਾ ਅਤੇ ਦੋ ਹੋਰ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਆਪਣੇ ਖੇਮੇ ਵਿੱਚ ਲੈ ਆਏ। 'ਅਮਨ ਕਮੇਟੀ' ਸਾਹਮਣੇ ਜਾਣ ਤੋਂ ਪਹਿਲਾਂ ਉਹਨਾ ਆਪਣੀ ਸਥਿਤੀ ਮਜ਼ਬੂਤ ਕੀਤੀ। ਪਰ ਬਾਵਜੂਦ ਇਸ ਸਭ ਕੁਝ ਦੇ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ 'ਚ ਇਸ ਸਮੇਂ ਉਹ ਸਿਆਸੀ ਤਾਕਤ ਨਹੀਂ ਰਹੀ, ਜੋ 2017 ਦੀਆਂ ਚੋਣਾਂ ਤੋਂ ਪਹਿਲਾਂ ਸੀ।

ਬਿਨ੍ਹਾਂ ਸ਼ੱਕ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਮਾਫੀਆ ਰਾਜ, ਦਲਿਤਾਂ ਨੂੰ ਨਜ਼ਰਅੰਦਾਜ਼ ਕਰਨਾ, ਬੇਅਦਬੀ-ਗੋਲੀਕਾਂਡ, ਰਿਸ਼ਵਤਖ਼ੋਰੀ ਵਰਗੇ ਮੁੱਦਿਆਂ ਸਬੰਧੀ ਦੋਸ਼ ਲੱਗਦੇ ਹਨ। ਇਹ ਵੀ ਦੋਸ਼ ਲੱਗਦਾ ਹੈ ਕਿ ਉਹ ਪਬਲਿਕ ਵਿੱਚ ਘੱਟ ਜਾਂਦੇ ਹਨ। ਆਮ ਆਦਮੀ ਪਾਰਟੀ, ਖੱਬੀਆਂ ਧਿਰਾਂ, ਸ਼੍ਰੋਮਣੀ ਅਕਾਲੀ ਦਲ (ਬ), ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਇਸ ਸਬੰਧੀ ਵੱਡੇ ਸਵਾਲ ਵੀ ਖੜ੍ਹੇ ਕਰਦੇ ਹਨ। ਪਰ ਇਹ ਪਾਰਟੀਆਂ ਨਾ ਕਦੇ ਸੰਯੁਕਤ ਰੂਪ ਵਿੱਚ ਅਤੇ ਨਾ ਹੀ ਵੱਖੋ-ਵੱਖਰੇ ਤੌਰ 'ਤੇ ਕੈਪਟਨ ਅਮਰਿੰਦਰ ਸਿੰਘ ਨੂੰ ਕੋਈ ਚੈਲੰਜ ਪੇਸ਼ ਕਰ ਸਕੀਆਂ ਹਨ।

ਕੈਪਟਨ ਅਮਰਿੰਦਰ ਸਿੰਘ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਆਰੰਭੀ ਹੋਈ ਹੈ। ਉਹ ਵਿਧਵਾਵਾਂ ਦੀ ਪੈਨਸ਼ਨਾਂ ਵਧਾ ਰਹੇ ਹਨ, ਆਉਣ ਵਾਲੇ ਸਮੇਂ 'ਚ ਉਹ ਮੁਲਾਜ਼ਮਾਂ ਨੂੰ ਸੰਤੁਸ਼ਟ ਕਰਨ ਲਈ 6ਵੇਂ ਵਿੱਤ ਕਮਿਸ਼ਨ ਦੀ ਰਿਪੋਰਟ ਵੀ ਲਾਗੂ ਕਰ ਦੇਣਗੇ, ਕਿਉਂਕਿ ਵੋਟਾਂ ਸਿਰ ਉਤੇ ਹਨ। ਉਹਨਾ ਦਾ ਯਤਨ ਹਰ ਵਰਗ ਦੇ ਲੋਕਾਂ ਨੂੰ ਸੰਤੁਸ਼ਟ ਕਰਨ ਲਈ ਕਦਮ ਉਠਾਉਣਾ ਹੋਏਗਾ। ਪੰਜਾਬ ਦੇ ਬਜ਼ਟ ਵਿੱਚ ਵੀ ਉਸ ਵਲੋਂ ਵਿਕਾਸ ਅਤੇ ਲੋਕ-ਭਲਾਈ ਸਕੀਮਾਂ ਲਈ ਫੰਡ ਰੱਖੇ ਹੋਏ ਹਨ, ਭਾਵੇਂ ਕਿ ਖ਼ਜ਼ਾਨਾ ਖਾਲੀ ਹੋਣ ਦੀ ਲਗਾਤਾਰ ਪੰਜਾਬ ਦੇ ਵਿੱਤ ਮੰਤਰੀ ਗੱਲ ਕਰਦੇ ਹਨ ਅਤੇ ਕੇਂਦਰ ਸਰਕਾਰ ਵਲੋਂ ਜੀ.ਐਸ.ਟੀ. ਦਾ ਹਿੱਸਾ ਅਤੇ ਪੇਂਡੂ ਵਿਕਾਸ ਫੰਡ ਪੰਜਾਬ ਨੂੰ ਦੇਣ ਲਈ ਆਨਾਕਾਨੀ ਕੀਤੀ ਜਾ ਰਹੀ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਕੈਪਟਨ ਸਰਕਾਰ ਕੋਵਿਡ-19 ਦੀ ਦੂਜੀ ਲਹਿਰ ਉਤੇ ਕਾਬੂ ਪਾਉਣ ਅਤੇ ਹੋਰ ਸਮੱਸਿਆਵਾਂ, ਮੁੱਦਿਆਂ ਦੇ ਹੱਲ ਲਈ ਤੇਜ਼ੀ ਫੜਦੀ ਦਿਸਦੀ ਹੈ।

ਕਾਂਗਰਸ ਵਿੱਚ ਰਾਜ ਪੱਧਰ 'ਤੇ ਘਮਸਾਨ ਦੀ ਗੱਲ ਨਵੀਂ ਨਹੀਂ ਹੈ। ਵੱਖੋ-ਵੱਖਰੇ ਸੂਬਿਆਂ ਵਿਚ ਕਾਂਗਰਸ 'ਚ ਲੜਾਈ ਚੱਲਦੀ ਹੀ ਰਹਿੰਦੀ ਹੈ। ਰਾਜਸਥਾਨ ਸਮੇਤ ਮੱਧ ਪ੍ਰਦੇਸ਼ ਤੋਂ ਲੈ ਕੇ ਹਰਿਆਣਾ, ਅਸਾਮ ਤੱਕ ਨੇਤਾ-ਲੋਕ ਇੱਕ-ਦੂਜੇ ਵਿਰੁੱਧ ਭੜਾਸ ਕੱਢਦੇ ਰਹੇ ਹਨ ਜਾਂ ਕੱਢ ਰਹੇ ਹਨ। ਮੱਧ ਪ੍ਰਦੇਸ਼ ਵਿੱਚ ਰਾਹੁਲ ਗਾਂਧੀ ਦੇ ਕਰੀਬੀ ਜੋਤੀਰਾਦਿੱਤਿਆ ਸਿੰਧੀਆ ਨੂੰ ਇਸ ਕਾਂਟੋ ਕਲੇਸ਼ 'ਚ ਪਾਰਟੀ ਛੱਡਣੀ ਪਈ। ਰਾਜਸਥਾਨ ਵਿੱਚ ਵੀ ਰੌਲਾ-ਗੌਲਾ ਸੁਨਣ ਨੂੰ ਮਿਲਦਾ ਹੀ ਰਹਿੰਦਾ ਹੈ। ਪੰਜਾਬ ਵਿੱਚ ਵੀ ਇਸੇ ਕਿਸਮ ਦਾ ਰੌਲਾ-ਗੌਲਾ ਹੈ। ਕਿਉਂਕਿ ਪੰਜਾਬ ਵਿੱਚ ਅਮਰਿੰਦਰ ਸਿੰਘ ਦੇ ਕੱਦ ਬੁੱਤ ਵਾਲਾ ਹੋਰ ਕੋਈ ਨੇਤਾ ਨਹੀਂ ਹੈ। ਇਸ ਕਰਕੇ ਕਾਂਗਰਸ ਹਾਈ ਕਮਾਂਡ ਨਵਜੋਤ ਸਿੰਘ ਸਿੱਧੂ ਨੂੰ ਅਖਿਲ ਭਾਰਤੀ ਕਾਂਗਰਸ ਕਮੇਟੀ 'ਚ ਜਗਾਹ ਤਾਂ ਦੇ ਸਕਦੀ ਹੈ। ਪੰਜਾਬ 'ਚ ਕਾਂਗਰਸ ਪ੍ਰਧਾਨਗੀ ਜਾਂ ਉਪ ਮੁੱਖਮੰਤਰੀ ਦੀ ਕੁਰਸੀ ਉਸਨੂੰ ਦਿੱਤੇ ਜਾਣ ਦੀ ਸੰਭਾਵਨਾ ਨਹੀਂ ਬਣ ਰਹੀ, ਕਿਉਂਕਿ ਕੈਪਟਨ ਅਮਰਿੰਦਰ ਸਿੰਘ ਨੇ ਉਸ ਨੂੰ ਕੋਈ ਵੀ ਆਹੁਦਾ ਨਾ ਦਿੱਤੇ ਜਾਣ ਬਾਰੇ ਸਪਸ਼ਟ ਕਰ ਦਿੱਤਾ ਹੈ। ਅਤੇ ਹਾਈ ਕਮਾਂਡ ਨਾਰਾਜ਼ ਕੈਂਪ ਦੇ ਦਬਾਅ ਹੇਠ ਕੈਪਟਨ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦੀ, ਕਿਉਂਕਿ ਉਸ ਕੋਲ ਪੰਜਾਬ ਕਾਂਗਰਸ ਨੂੰ ਸੰਭਾਲਣ ਵਾਲਾ ਹੋਰ ਕੋਈ ਨੇਤਾ ਇਸ ਸਮੇਂ ਦਿਖਾਈ ਨਹੀਂ ਦੇ ਰਿਹਾ।

ਪੰਜਾਬ ਵਿਧਾਨ ਸਭਾ 'ਚ ਚੋਣਾਂ ਨੂੰ 8 ਮਹੀਨੇ ਰਹਿ ਗਏ ਹਨ। ਮੌਜੂਦਾ ਕਾਂਗਰਸੀ ਕਾਂਟੋ ਕਲੇਸ਼ ਤੋਂ ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਕੈਪਟਨ ਕਾਂਗਰਸ ਦਾ ਮਜ਼ਬੂਤ ਨੇਤਾ ਹੈ ਅਤੇ ਉਸੇ ਦੀ ਰਹਿਨੁਮਾਈ ਹੇਠ ਕਾਂਗਰਸ ਅਗਲੀਆਂ ਚੋਣਾਂ ਲੜੇਗੀ। ਸੂਬੇ ਵਿੱਚ ਅਕਾਲੀ-ਭਾਜਪਾ ਗੱਠਜੋੜ ਟੁੱਟਣ ਉਪਰੰਤ ਕਾਂਗਰਸ ਦੀ ਜਿੱਤ ਦੀ ਮਜ਼ਬੂਤ ਦਾਅਵੇਦਾਰੀ ਸੀ। ਕੈਪਟਨ ਅਰਮਿੰਦਰ ਸਿੰਘ ਦੀ ਵਜ਼ਾਰਤ ਅਤੇ ਸੁਨੀਲ ਜਾਖੜ ਦੀ ਅਗਵਾਈ 'ਚ ਕੰਮ ਕਰਨ ਵਾਲੀ ਕਾਂਗਰਸ ਚੁੱਪ-ਚੁਪੀਤੇ ਬਿਨਾਂ ਕਿਸੇ ਵਿਸ਼ੇਸ਼ ਚੈਲਿੰਜ ਦੇ ਵਿਧਾਨ ਸਭਾ ਚੋਣਾਂ ਦੀ ਤਿਆਰੀ 'ਚ ਜੁੱਟੀ ਨਜ਼ਰ ਆ ਰਹੀ ਸੀ। ਪਰ ਕਾਂਗਰਸੀ ਕਾਂਟੋ ਕਲੇਸ਼ ਨੇ ਸਮੀਕਰਨ ਵਿਗਾੜ ਦਿੱਤੇ ਹਨ ਅਤੇ ਪੰਜਾਬ ਦੀ ਸਿਆਸੀ ਆਬੋ-ਹਵਾ 'ਚ ਭੁਚਾਲ ਜਿਹਾ ਲੈ ਆਂਦਾ ਹੈ। ਭਾਵੇਂ ਕਿ ਮਲਿਕ ਅਰਜਨ ਖੜਗੇ, ਜੇ ਪੀ ਅਗਰਵਾਲ ਅਤੇ ਹਰੀਸ਼ ਰਾਵਤ ਅਧਾਰਤ ਤਿੰਨ ਮੈਂਬਰੀ ਕਮੇਟੀ ਬਣਾਕੇ ਕਾਂਗਰਸ ਹਾਈਕਮਾਂਡ ਪੰਜਾਬ ਦੇ ਕਾਂਗਰਸੀ ਪਾਣੀਆਂ ਨੂੰ ਸ਼ਾਂਤ ਕਰਨ ਦੇ ਰਾਹ ਹੈ, ਪਰ ਵੇਖਣ 'ਚ ਆ ਰਿਹਾ ਹੈ ਕਿ ਕਮਜ਼ੋਰ ਹੋ ਰਹੀ ਕਾਂਗਰਸ ਹਾਈਕਮਾਂਡ (ਜਿਹੜੀ ਹਾਲੇ ਤੱਕ ਆਪਣਾ ਪੱਕਾ ਪ੍ਰਧਾਨ ਹੀ ਨਹੀਂ ਚੁਣ ਸਕੀ) ਪੰਜਾਬ ਵਾਂਗਰ ਰਾਜਸਥਾਨ, ਮੱਧ ਪ੍ਰਦੇਸ਼, ਹਰਿਆਣਾ ਆਦਿ ਪ੍ਰਦੇਸ਼ਾਂ 'ਚ ਕਾਂਗਰਸੀਆਂ ਦੀ ਆਪਣੀ ਲੜਾਈ ਨੂੰ ਸ਼ਾਂਤ ਨਹੀਂ ਕਰ ਸਕੀ। ਉਂਜ ਵੀ ਦੇਸ਼ ਭਰ 'ਚ ਕਾਂਗਰਸ ਦਾ ਜੋ ਹਾਲ ਹੋ ਰਿਹਾ ਹੈ, ਉਸ ਅਨੁਸਾਰ ਰਾਸ਼ਟਰੀ ਪੱਧਰ ਦੀ ਪਾਰਟੀ ਕਾਂਗਰਸ ਆਪਣਾ ਅਧਾਰ ਵੱਖੋ-ਵੱਖਰੇ ਰਾਜਾਂ 'ਚ ਗੁਆ ਰਹੀ ਹੈ। ਮੌਜੂਦਾ ਸਮੇਂ 'ਚ ਪੱਛਮੀ ਬੰਗਾਲ 'ਚ ਉਹ ਲੱਗਭਗ ਸਮੇਟੀ ਹੀ ਗਈ ਹੈ। ਉਸ ਦੇ ਅਧਾਰ ਨੂੰ ਯੂ.ਪੀ., ਅਸਾਮ ਅਤੇ ਕੇਰਲਾ 'ਚ ਵੱਡਾ ਖੋਰਾ ਲੱਗਿਆ ਹੈ। ਕਾਂਗਰਸ ਤਾਂ ਕੁਝ ਛੋਟੇ ਰਾਜਾਂ 'ਚ ਹੀ ਦਿਖਾਈ ਦੇ ਰਹੀ ਹੈ। ਅਤੇ ਇਸ ਹਾਲਤ 'ਚ ਉਹ ਪੰਜਾਬ ਕਾਂਗਰਸ ਨੂੰ ਹੱਥੋਂ ਨਹੀਂ ਗੁਆਉਣਾ ਚਾਹੁੰਦੀ। ਹੋ ਸਕਦਾ ਹੈ ਕਿ ਜਿਵੇਂ ਰਾਜਸਥਾਨ 'ਚ ਹਾਈ ਕਮਾਂਡ ਨੇ ਸ਼ਾਂਤੀ ਕਮੇਟੀ ਬਣਾਈ, ਉਸ ਨੂੰ ਹੁਣ ਤੱਕ ਲਟਕਦਿਆਂ ਰੱਖਿਆ ਅਤੇ ਕਾਬਜ ਧਿਰ ਨੂੰ ਰਾਜ ਕਰਨ ਦਾ ਮੌਕਾ ਦਿੱਤੀ ਰੱਖਿਆ ਹੋਇਆ ਹੈ, ਉਸੇ ਤਰ੍ਹਾਂ ਪੰਜਾਬ 'ਚ ਵੀ 'ਸ਼ਾਂਤੀ ਕਮੇਟੀ' ਇਸੇ ਕਿਸਮ ਦਾ ਵਰਤਾਰਾ ਕਰੇ ਅਤੇ ਹਰੇਕ ਨੂੰ ਖ਼ੁਸ਼ ਰੱਖਣ ਦੀ ਐਕਟਿੰਗ ਪ੍ਰਧਾਨ ਸੋਨੀਆ ਗਾਂਧੀ ਦੀ ਪਾਲਿਸੀ ਤਹਿਤ ਹੁਣ ਵਾਲੀ ਸਥਿਤੀ ਨੂੰ ਲਟਕਾਅ ਵਿਚ ਰੱਖੇ।

ਲਟਕਾਅ ਵਾਲੀ ਇਹੋ ਜਿਹੀ ਸਥਿਤੀ ਬਿਨਾਂ ਸ਼ੱਕ ਕਾਂਗਰਸ ਨੂੰ ਪੰਜਾਬ 'ਚ ਕਮਜ਼ੋਰ ਕਰੇਗੀ। ਕੈਪਟਨ ਅਮਰਿੰਦਰ ਸਿੰਘ ਨੂੰ ਖੁਲ੍ਹ ਕੇ ਕੰਮ ਕੀਤੇ ਜਾਣ ਦੀ ਇਜਾਜ਼ਤ 'ਚ ਅੜਿੱਕਾ ਪਾਏਗੀ।

ਫਿਰ ਵੀ ਇਸ ਵੇਲੇ ਦੇ ਪੰਜਾਬ ਕਾਂਗਰਸ ਦੇ ਘਮਸਾਨ ਨੂੰ ਹੱਲ ਕਰਨ ਲਈ ਕਈ ਫਾਰਮੂਲੇ ਕੱਢਣ ਦੀ ਕਵਾਇਦ ਜਾਰੀ ਹੈ, ਜਿਸ ਵਿਚ ਨਵਜੋਤ ਸਿੰਘ ਨੂੰ ਉਪ ਮੁੱਖਮੰਤਰੀ ਬਨਾਉਣਾ ਅਤੇ ਕਿਸੇ ਹੋਰ ਦਲਿਤ ਐਮ ਐਲ ਏ ਜਾਂ ਮੁੱਖਮੰਤਰੀ ਨੂੰ ਦੂਜਾ ਉਪ ਮੁੱਖਮੰਤਰੀ ਬਨਾਉਣਾ, ਸੁਨੀਲ ਜਾਖੜ ਪ੍ਰਧਾਨ ਦੇ ਨਾਲ ਦੋ ਵਰਕਿੰਗ ਪ੍ਰਧਾਨ ਜਿਹਨਾ ਵਿਚ ਇੱਕ ਹਿੰਦੂ ਚਿਹਰਾ ਅਤੇ ਇੱਕ ਦਲਿਤ ਚਿਹਰਾ ਸ਼ਾਮਲ ਕਰਨਾ ਹੋ ਸਕਦਾ ਹੈ। ਮੰਤਰੀਆਂ ਨੂੰ ਚੰਗੇ ਮਹਿਕਮੇ ਦੇਣਾ ਵੀ ਇਸ 'ਚ ਸ਼ਾਮਲ ਹੈ। ਪਰ ਜਾਪਦਾ ਇਵੇਂ ਹੈ ਕਿ ਕੈਪਟਨ ਅਮਰਿੰਦਰ ਸਿੰਘ ਜਿਵੇਂ ਆਪਣੇ ਵਿਰੋਧੀਆਂ ਦੇ ਚੰਗੇ-ਮਾੜੇ ਕੰਮਾਂ ਦੀ ਲਿਸਟ ਤੇ ਰਿਪੋਰਟਾਂ, ਅਤੇ ਆਪਣੀ ਸਰਕਾਰ ਦੇ ਕੀਤੇ ਕੰਮਾਂ ਦੀ ਕਾਰਗੁਜ਼ਾਰੀ ਕਮੇਟੀ ਸਾਹਮਣੇ ਪੇਸ਼ ਕਰਕੇ ਆਏ ਹਨ, ਉਸ ਤੋਂ ਤਾਂ ਜਾਪਦਾ ਹੈ ਕਿ ਵਿਰੋਧੀ ਨੇਤਾਵਾਂ ਦੀ ਕੋਈ ਗੱਲ ਮੰਨੀ ਨਹੀਂ ਜਾਏਗੀ, ਸਿਰਫ਼ ਉਹਨਾ ਨੂੰ ਨੁਕਰੇ ਲਾ ਕੇ ਹੀ ਰੱਖਣ ਦਾ ਵਰਤਾਰਾ ਜਾਰੀ ਰਹੇਗਾ।


ਉਂਜ ਕਾਂਗਰਸ ਹਾਈ ਕਮਾਂਡ ਵਲੋਂ ਜਿਸ ਢੰਗ ਨਾਲ ਸੂਬਾ ਕਾਂਗਰਸ ਦੇ ਪੁਨਰਗਠਨ ਨੂੰ ਲਟਕਾਇਆ ਗਿਆ ਹੈ ਅਤੇ ਪਾਰਟੀ ਅੰਦਰ ਆਪਸੀ ਟਰਕਾਅ ਅਤੇ ਵਿਰੋਧ ਨੂੰ ਤਿੱਖੇ ਹੋਣ ਦਿੱਤਾ ਗਿਆ, ਉਸ ਕਾਰਨ ਦੋਵਾਂ ਧੜਿਆਂ ਵਿੱਚ ਪਾਰਟੀ ਹਾਈ ਕਮਾਂਡ ਦੀ ਕਾਰਗੁਜ਼ਾਰੀ ਸਬੰਧੀ ਨਾ-ਖੁਸ਼ੀ ਹੈ। ਸੰਭਾਵਨਾ ਇਸ ਗੱਲ ਦੀ ਵੀ ਹੋ ਸਕਦੀ ਹੈ ਕਿ ਕਾਂਗਰਸ ਦੇ ਨਾਰਾਜ਼ ਧੜੇ ਦੇ ਕੁਝ ਨੇਤਾ ਮਜ਼ਬੂਰਨ ਪਾਰਟੀ ਛੱਡ ਦੇਣ। ਇਹ ਵੀ ਸੰਭਵ ਹੈ ਕਿ ਭਾਜਪਾ ਕਾਂਗਰਸ ਨੂੰ ਦੋਫਾੜ ਕਰਨ 'ਚ ਵੱਡੀ ਭੂਮਿਕਾ ਨਿਭਾਏ ਅਤੇ ਪੱਛਮੀ ਬੰਗਾਲ ਵਾਂਗਰ ਵੱਖੋ-ਵੱਖਰੀਆਂ ਪਾਰਟੀਆਂ ਦੇ ਨੇਤਾਵਾਂ ਸਮੇਤ ਕਾਂਗਰਸ ਆਪਣੇ ਖੇਮੇ 'ਚ ਕਰ ਲਵੇ ਅਤੇ ਵਿਧਾਨ ਸਭਾ ਚੋਣਾਂ ਲੜੇ। ਹਾਲ ਦੀ ਘੜੀ ਤਾਂ ਕਿਸਾਨ ਅੰਦੋਲਨ ਕਾਰਨ ਭਾਜਪਾ ਪ੍ਰਤੀ ਪੰਜਾਬੀਆਂ 'ਚ ਵੱਡਾ ਗੁੱਸਾ ਹੈ। ਪਰ ਜੇਕਰ ਭਾਜਪਾ ਕਿਸਾਨਾਂ ਨਾਲ ਸਮਝੌਤਾ ਕਰਦੀ ਹੈ ਤਾਂ ਉਸਦੀ ਇਹ ਯੋਜਨਾ ਸਿਰੇ ਚੜ੍ਹ ਸਕਦੀ ਹੈ।

ਪੰਜਾਬ ਕਾਂਗਰਸ ਦਾ ਮੌਜੂਦਾ ਸੰਕਟ, ਪੰਜਾਬ ਦੇ ਸਿਆਸੀ ਖਲਾਅ 'ਚ ਹੋਰ ਵਾਧਾ ਕਰ ਰਿਹਾ ਹੈ। ਇਹ ਕਿਸੇ ਵੀ ਤਰ੍ਹਾਂ ਪੰਜਾਬ ਦੇ ਹਿੱਤ ਵਿੱਚ ਨਹੀਂ ਜਾਪਦਾ। ਬਿਨਾਂ ਸ਼ੱਕ ਪੰਜਾਬ ਸਰਕਾਰ ਦੀਆਂ ਨਾਕਾਮੀਆਂ ਕਾਂਗਰਸ ਦੇ ਸਾਹਮਣੇ ਪੇਸ਼ ਆ ਰਹੀਆਂ ਹਨ, ਉਸਦੀ ਸਥਿਤੀ ਪੰਜਾਬ 'ਚ ਖਰਾਬ ਕਰ ਰਹੀਆਂ ਹਨ। ਪਰ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਇਸ ਭੈੜੀ ਹੋ ਰਹੀ ਕਾਂਗਰਸ ਦੀ ਸਥਿਤੀ ਵਿੱਚ ਪੰਜਾਬ ਦੀ ਕੋਈ ਵੀ ਹੋਰ ਰਾਜਨੀਤਕ ਧਿਰ ਲਾਹਾ ਲੈਣ ਲਈ ਯਤਨਸ਼ੀਲ ਹੋਈ ਨਹੀਂ ਦਿਖ ਰਹੀ।


**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022, 780 599 2000
Email: sukhdevdhanoa@gmail.com



**Regina**
Gurbinder Singh Gagowal
306 520 4313, 639 999 1000
Email: gur.gago@gmail.com



**Saskatoon**
Gagandeep Jattana
639 742 0203
639 999 1000
Email-gaganjattana0203@gmail.com



**Winnipeg**
Lakha Sehajpal Daudhar
204 891 0031
431 733 3000
lakhadaudhar007@gmail.com




**Winnipeg**
Amritpal Singh Kang
204 218 3852
431 733 3000
just4kang@gmail.com


ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਭਾਰਤ ਦਾ ਪਿਕਾਸੋ : ਐਮ .ਐਫ .ਹੁਸੈਨ



ਪ੍ਰੋ. ਨਵ ਸੰਗੀਤ ਸਿੰਘ






ਭਾਰਤ ਦੀ ਚਿੱਤਰਕਲਾ ਦੇ ਇਤਿਹਾਸ ਵਿੱਚ 9 ਜੂਨ ਦਾ ਦਿਨ ਕਲਾ ਦੇ ਇਕ ਚਿਤੇਰੇ ਦੀ ਮੌਤ ਵਜੋਂ ਦਰਜ ਹੈ। ਅਸਲਵਿੱਚ ਭਾਰਤ ਵਿੱਚ ਆਧੁਨਿਕ ਚਿੱਤਰਕਲਾ ਦੇ ਪਰਿਆਇ ਵਜੋਂ ਜਾਣੇ ਜਾਂਦੇ ਐਮ ਐਫ ਹੁਸੈਨ ਨੇ 9 ਜੂਨ 2011 ਦੇ ਦਿਨਲੰਡਨ ਦੇ ਰਾਇਲ ਬ੍ਰਾਂਪਟਨ ਹਸਪਤਾਲ ਵਿਖੇ ਦੁਨੀਆਂ ਨੂੰ ਅਲਵਿਦਾ ਕਹੀ ਸੀ। 'ਭਾਰਤ ਦੇ ਪਿਕਾਸੋ' ਵਜੋਂ ਜਾਣੇ ਜਾਂਦੇ ਐਮ ਐਫ ਹੁਸੈਨ, ਜਿਸਦਾ ਪੂਰਾ ਨਾਂ ਮਕਬੂਲ ਫ਼ਿਦਾ ਹੁਸੈਨ ਸੀ, ਦਾ ਜਨਮ 17ਸਤੰਬਰ 1915 ਨੂੰ ਮਹਾਰਾਸ਼ਟਰ ਦੇ ਇੱਕ ਛੋਟੇ ਜਿਹੇ ਕਸਬੇ ਪੰਡਰਪੁਰ ਵਿਖੇ ਹੋਇਆ। ਇਸ ਛੋਟੇ ਕਸਬੇ ਵਿੱਚ ਰਹਿ ਕੇਆਪਣੇ ਸੁਪਨਿਆਂ ਨੂੰ ਜਿਉਂਦਾ ਰੱਖਣਾ ਬੜਾ ਔਖਾ ਸੀ। ਅਜੇ ਉਹ ਦੋ ਸਾਲਾਂ ਦਾ ਹੀ ਸੀ ਕਿ ਉਸ ਦੀ ਮਾਂ ਦੀ ਮੌਤ ਹੋ ਗਈ।ਮਾਂ ਦੀ ਮੌਤ ਪਿੱਛੋਂ ਵੀ ਹੁਸੈਨ ਦੇ ਜੀਵਨ ਵਿਚ ਸੰਘਰਸ਼ ਦਾ ਦੌਰ ਜਾਰੀ ਰਿਹਾ। ਮਹਾਂਰਾਸ਼ਟਰ ਛੱਡ ਕੇ ਇੰਦੌਰ ਵਿੱਚ ਸ਼ਿਫਟਹੋਣ ਪਿੱਛੋਂ ਹੁਸੈਨ ਨੇ ਇਥੇ ਆਪਣੀ ਪੜ੍ਹਾਈ ਪੂਰੀ ਕੀਤੀ ਅਤੇ ਫਿਰ ਅਗਲੇਰੀ ਪੜ੍ਹਾਈ ਲਈ ਦੁਬਾਰਾ ਮੁੰਬਈ ਚਲਾ ਗਿਆ।1935 ਵਿੱਚ ਉਸ ਨੇ ਸਰ ਜੇ.ਜੇ.ਸਕੂਲ ਆਫ ਆਰਟ ਮੁੰਬਈ ਵਿੱਚ ਦਾਖਲਾ ਲੈ ਲਿਆ। ਆਪਣੇ ਕਰੀਅਰ ਦੇ ਮੁੱਢਲੇ ਦਿਨਾਂ ਵਿੱਚ ਹੁਸੈਨ ਨੇ ਕਈ ਪਾਪੜ ਵੇਲੇ। ਸੰਘਰਸ਼ ਦੇ ਦਿਨਾਂ ਵਿਚ ਉਹ ਫਿਲਮਾਂ ਲਈਬੈਨਰ, ਪੋਸਟਰ ਅਤੇ ਹੋਰਡਿੰਗ ਬਣਾਇਆ ਕਰਦਾ ਸੀ। ਪਰ ਇੱਕ ਸਮਾਂ ਅਜਿਹਾ ਵੀ ਆਇਆ, ਜਦੋਂ ਨਿਰਮਾਤਾ ਅਹਿਸਾਨਮੀਆਂ ਨੇ ਉਸਨੂੰ ਬਾਹਰ ਦਾ ਦਰਵਾਜ਼ਾ ਵਿਖਾ ਦਿੱਤਾ। ਚਿਤਰਕਲਾ ਹੁਸੈਨ ਦਾ ਪਹਿਲਾ ਪਿਆਰ ਨਹੀਂ ਸੀ, ਸਗੋਂ ਉਹ ਤਾਂ ਸਿਨੇਮਾ ਦਾ ਹੀ ਦੀਵਾਨਾ ਸੀ।ਉਹ ਮੁਹੱਬਤ ਤਾਂਸਿਨੇਮਾ ਨੂੰ ਕਰਦਾ ਸੀ, ਪਰ ਇਸ਼ਕ ਦਾ ਇਜਹਾਰ ਉਸ ਨੇ ਚਿੱਤਰਕਾਰੀ ਨਾਲ਼ ਕੀਤਾ। ਉਹ ਮੁੰਬਈ ਵੀ ਇਸੇ ਲਈ ਰਹਿਰਿਹਾ ਸੀ, ਕਿਉਂਕਿ ਉਹ ਨਿਰਦੇਸ਼ਕ ਬਣਨਾ ਚਾਹੁੰਦਾ ਸੀ। ਸ਼ੁਰੂ ਵਿਚ ਮੁੰਬਈ ਵਿਚ ਆਪਣਾ ਖਰਚ ਚਲਾਉਣ ਲਈ ਉਹ ਬਿਲਬੋਰਡ ਬਣਾਉਣ ਦਾ ਕੰਮ ਕਰਦਾ ਸੀ। ਹੋਰਡਿੰਗ ਬਣਾਉਂਦੇ ਸਮੇਂ ਹੀ ਹੁਸੈਨ ਦਾ ਚਿੱਤਰਕਲਾ ਲਈ ਪਿਆਰ ਜਾਗਿਆਅਤੇ ਫੇਰ ਉਸ ਨੇ ਆਪਣਾ ਪੂਰਾ ਧਿਆਨ ਇਸ ਪਾਸੇ ਲਾ ਦਿੱਤਾ। 1940 ਵਿੱਚ ਉਸ ਨੂੰ ਆਪਣੇ ਬਣਾਏ ਚਿੱਤਰਾਂ ਕਰਕੇ ਕੌਮੀ ਪਹਿਚਾਣ ਮਿਲੀ। ਉਹਦੀ ਪਹਿਲੀ (ਇਕੱਲੇ ਦੀ) ਚਿੱਤਰ-ਪ੍ਰਦਰਸ਼ਨੀ 1952 ਵਿੱਚ ਜ਼ਿਊਰਿਖ ਵਿੱਚ ਲੱਗੀ। ਇਸ ਤੋਂ ਬਾਅਦ ਯੂਰਪ ਅਤੇ ਅਮਰੀਕਾ ਵਿਚ ਉਸਦੀਆਂ ਕਲਾਕ੍ਰਿਤੀਆਂ ਦੀਆਂ ਬਹੁਤ ਸਾਰੀਆਂ ਪ੍ਰਦਰਸ਼ਨੀਆਂ ਲੱਗੀਆਂ। ਵੱਖਰੀ ਸ਼ੈਲੀ ਅਤੇਲੀਕ ਤੋਂ ਹਟ ਕੇ ਵੱਖ-ਵੱਖ ਵਿਸ਼ਿਆਂ ਤੇ ਚਿੱਤਰ ਬਣਾਉਣ ਵਾਲੇ ਐਮ ਐਫ ਹੁਸੈਨ ਨੇ ਜੀਵਨ ਵਿਚ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ। 1955 ਵਿੱਚ ਉਸ ਨੂੰ ਕਲਾ ਦੇ ਖੇਤਰ ਵਿਚ ਬਿਹਤਰੀਨ ਯੋਗਦਾਨ ਲਈ 'ਪਦਮਸ੍ਰੀ' ਦਾ ਪੁਰਸਕਾਰ ਪ੍ਰਦਾਨ ਕੀਤਾਗਿਆ। 1967 ਵਿੱਚ ਉਸ ਨੇ ਪਹਿਲੀ ਬਣਾਈ: ×;ਥਰੂ ਦ ਆਈਜ਼ ਆਫ ਏ ਪੇਂਟਰ×;। ਇਸ ਨੂੰ ਬਰਲਿਨ ਫਿਲਮ ਮਹਾਉਤਸਵ ਵਿਚ 'ਗੋਲਡਨ ਬੀਅਰ' ਦਾ ਐਵਾਰਡ ਵੀ ਮਿਲਿਆ। 1971 ਵਿਚ ਉਸ ਨੂੰ ਵਿਸ਼ਵ ਪ੍ਰਸਿੱਧ ਚਿੱਤਰਕਾਰ ਪਾਬਲੋ ਪਿਕਾਸੋਵੱਲੋਂ ਇਕ ਪ੍ਰਦਰਸ਼ਨੀ ਵਿੱਚ ਮਿਲਣ ਦੀ ਪੇਸ਼ਕਸ਼ ਹੋਈ। ਪਾਬਲੋ ਪਿਕਾਸੋ ਨੂੰ ਦੁਨੀਆਂ ਦੇ ਮਹਾਨਤਮ ਚਿੱਤਰਕਾਰਾਂ ਵਿੱਚੋਂਇੱਕ ਮੰਨਿਆ ਜਾਂਦਾ ਸੀ ਅਤੇ ਕਿਹਾ ਜਾਂਦਾ ਹੈ ਕਿ ਐਮ ਐਫ ਹੁਸੈਨ ਅਤੇ ਪਾਬਲੋ ਪਿਕਾਸੋ ਦੀ ਸ਼ੈਲੀ ਵਿੱਚ ਕਾਫ਼ੀ ਸਮਾਨਤਾਹੈ। 1973 ਵਿੱਚ ਉਸ ਨੂੰ 'ਪਦਮ ਭੂਸ਼ਨ' ਅਤੇ 1991 ਵਿੱਚ 'ਪਦਮ ਵਿਭੂਸ਼ਨ' ਦੇ ਪੁਰਸਕਾਰ ਨਾਲ ਨਿਵਾਜਿਆ ਗਿਆ।1986 ਵਿੱਚ ਕਲਾ ਦੇ ਖੇਤਰ ਵਿੱਚ ਵਿਸ਼ਿਸ਼ਟ ਕਾਰਜ ਲਈ ਉਹਨੂੰ ਰਾਜ ਸਭਾ ਲਈ ਵੀ ਨਾਮਜਦ ਕੀਤਾ ਗਿਆ। 92 ਸਾਲਦੀ ਉਮਰ ਵਿੱਚ ਉਸਨੂੰ ਕੇਰਲ ਸਰਕਾਰ ਨੇ 'ਰਾਜਾ ਰਵੀ ਵਰਮਾ ਪੁਰਸਕਾਰ' ਦੇ ਕੇ ਸਨਮਾਨਿਤ ਕੀਤਾ। ਕ੍ਰਿਸਟੀਜ਼ਆਕਸ਼ਨ ਵਿਚ ਉਸ ਦੀ ਇੱਕ ਪੇਂਟਿੰਗ ਵੀਹ ਲੱਖ ਅਮਰੀਕੀ ਡਾਲਰ ਵਿਚ ਵਿਕੀ। ਇਸ ਦੇ ਨਾਲ ਹੀ ਉਹ ਭਾਰਤ ਦਾ ਸਭਤੋਂ ਮਹਿੰਗਾ ਪੇਂਟਰ ਬਣ ਗਿਆ। ਉਸ ਦੀਆਂ ਪ੍ਰਸਿੱਧ ਪੇਂਟਿੰਗਜ਼ ਵਿਚ 'ਹੌਰਸਿਜ਼', 'ਮਦਰ ਇੰਡੀਆ', 'ਮਦਰ ਟਰੇਸਾ', 'ਗੰਗਾਐਂਡ ਜਮੁਨਾ', 'ਲੇਡੀ ਵਿਦ ਵੀਨਾ', 'ਸੈਲਫ ਪੋਰਟੇਟ', 'ਵੂਮੈਨ ਐਟ ਵਰਕ', 'ਬਲੈਕ ਹਿੱਲ', ਪੋਸਟ ਕਾਰਡ', ਰਾਜਸਥਾਨੀਵਿਮੈੱਨ' ਆਦਿ ਕਾਫੀ ਚਰਚਿਤ ਹਨ। ਉਸਦੀ ਆਤਮ ਕਥਾ ਤੇ ਇਕ ਫਿਲਮ ਵੀ ਨਿਰਮਾਣ ਅਧੀਨ ਹੈ। ਜਿਸਦੀ ਚਿੱਤਰਕਲਾ ਦੀ ਪੂਰੀ ਦੁਨੀਆਂ ਦੀਵਾਨੀ ਸੀ, ਉਹੀ ਐਮ ਐਫ ਹੁਸੈਨ ਧਕ ਧਕ ਗਰਲ ਮਾਧੁਰੀ ਦੀਕਸ਼ਿਤਦਾ ਦੀਵਾਨਾ ਸੀ। ਮਾਧੁਰੀ ਦੀ ਫ਼ਿਲਮ 'ਹਮ ਆਪਕੇ ਹੈਂ ਕੌਨ' ਉਸਨੇ 67 ਵਾਰ ਵੇਖੀ। ਇਸ ਫਲਿਮ ਨੂੰ ਵੇਖਣ ਪਿੱਛੋਂ ਹੁਸੈਨਨੇ ਉਹਦੇ ਤੇ ਪੇਂਟਿੰਗ ਦੀ ਇੱਕ ਪੂਰੀ ਸੀਰੀਜ ਬਣਾ ਦਿੱਤੀ। ਹਾਲਾਂਕਿ ਜਦੋਂ ਹੁਸੈਨ 85 ਸਾਲ ਦਾ ਸੀ, ਉਦੋਂ ਉਸ ਨੇ ਆਪਣਾਨਿਰਦੇਸ਼ਕ ਬਣਨ ਦਾ ਸੁਪਨਾ ਵੀ ਪੂਰਾ ਕਰ ਲਿਆ ਅਤੇ ਨਾਲ ਹੀ ਆਪਣੀ ਪਸੰਦੀਦਾ ਐਕਟ੍ਰੈੱਸ ਮਾਧੁਰੀ ਦੀਕਸ਼ਤ ਨੂੰ ਵੀਆਪਣੀ ਫਲਿਮ ਵਿੱਚ ਕਾਸਟ ਕੀਤਾ। ਇਸ ਫ਼ਿਲਮ ਦਾ ਨਾਮ ਸੀ- 'ਗਜਗਾਮਿਨੀ'। ਹੁਸੈਨ ਦੀ ਦੀਵਾਨਗੀ ਦਾ ਆਲਮ ਸੱਤ ਸਾਲ ਪਿੱਛੋਂ ਉਸ ਵੇਲੇ ਵੀ ਕਾਇਮ ਰਿਹਾ, ਜਦੋਂ ਮਾਧੁਰੀ ਦੀਕਸ਼ਿਤ ਨੇ 'ਆਜਾਨੱਚ ਲੇ' ਨਾਲ ਬਾਲੀਵੁੱਡ ਵਿਚ ਦੁਬਾਰਾ ਐਂਟਰੀ ਦਿੱਤੀ। ਹੁਸੈਨ ਉਨ੍ਹੀਂ ਦਿਨੀਂ ਦੁਬਈ ਵਿਚ ਸੀ ਅਤੇ ਉਸ ਨੇ ਦੁਪਹਿਰ ਦੇਸ਼ੋਅ ਲਈ ਦੁਬਈ ਦੇ ਲੈਮਸੀ ਸਿਨੇਮਾ ਨੂੰ ਪੂਰੇ ਦਾ ਪੂਰਾ ਆਪਣੇ ਲਈ ਬੁੱਕ ਕਰਵਾ ਲਿਆ ਸੀ। ਮਾਧੁਰੀ ਤੋਂ ਬਿਨਾਂ ਹੁਸੈਨਤੱਬੂ, ਵਿਦਿਆ ਬਾਲਨ ਅਤੇ ਅੰਮ੍ਰਿਤਾ ਰਾਓ ਦਾ ਵੀ ਪ੍ਰਸ਼ੰਸਕ ਰਿਹਾ। ਉਸਨੇ ਤੱਬੂ ਨਾਲ ਵੀ ਫ਼ਿਲਮ ਬਣਾਈ, ਜਿਸ ਦਾ ਨਾਮਸੀ 'ਮੀਨਾਕਸ਼ੀ: ਏ ਟੇਲ ਆਫ ਥ੍ਰੀ ਸਿਟੀਜ਼'। ਇਵੇਂ ਹੀ ਹੁਸੈਨ ਅੰਮ੍ਰਿਤਾ ਨੂੰ 'ਵਿਵਾਹ' ਵਿੱਚ ਵੇਖ ਕੇ ਫਿਦਾ ਹੋ ਗਿਆ। ਇਸ ਤੋਂਬਾਅਦ ਉਸਨੇ ਫੈਸਲਾ ਕੀਤਾ ਕਿ ਉਹ ਉਸ ਦੀਆਂ ਪੇਂਟਿੰਗਾਂ ਵੀ ਬਣਾਵੇਗਾ। ਇਹੋ ਨਹੀਂ ਅੰਮ੍ਰਿਤਾ ਦੇ ਜਨਮਦਿਨ ਤੇ ਹੁਸੈਨ ਨੇਉਸ ਨੂੰ ਤਿੰਨ ਪੇਂਟਿੰਗਾਂ ਤੋਹਫ਼ੇ ਵਜੋਂ ਦਿੱਤੀਆਂ, ਜਿਨ੍ਹਾਂ ਦੀ ਕੀਮਤ ਲਗਪਗ ਇੱਕ ਕਰੋੜ ਰੁਪਏ ਦੱਸੀ ਜਾਂਦੀ ਹੈ। 1990 ਤਕ ਹੁਸੈਨ ਨੂੰ ਭਾਰਤ ਦੇ ਸਭ ਤੋਂ ਮਹਿੰਗੇ ਚਿੱਤਰਕਾਰਾਂ ਵਿਚ ਗਿਣਿਆ ਜਾਣ ਲੱਗ ਪਿਆ, ਜਿਸ ਦੀ ਇੱਕਪੇਂਟਿੰਗ ਦੀ ਕੀਮਤ ਦੋ ਮਿਲੀਅਨ ਡਾਲਰ ਸੀ। ਪਰ ਇਸੇ ਦੌਰਾਨ ਉਸ ਨਾਲ ਕਾਫੀ ਵਿਵਾਦ ਵੀ ਸਾਹਮਣੇ ਆਏ: ਉਸ ਤੇ ਹਿੰਦੂ ਦੇਵੀ-ਦੇਵਤਿਆਂ ਦੀਆਂ ਅਸ਼ਲੀਲ ਅਤੇ ਨੰਗੀਆਂ ਪੇਂਟਿੰਗਾਂ ਬਣਾਉਣ ਦਾ ਮਾਮਲਾ ਸਾਹਮਣੇ ਆਇਆ। ਭਾਵੇਂ ਇਹ ਪੇਂਟਿੰਗਾਂ 1976 ਵਿੱਚ ਬਣਾਈਆਂ ਗਈਆਂ ਸਨ। ਉਸ ਉੱਤੇ 18 ਮਾਮਲੇ ਵੀ ਦਰਜ ਹੋਏ। ਫਿਰ 2006 ਵਿਚ ਇਕ ਹੋਰ ਮਾਮਲੇ ਵਿਚ ਉਸ ਨੂੰ ਹਿੰਦੂ ਦੇਵੀ- ਦੇਵਤਿਆਂ ਦਾ ਅਪਮਾਨ ਕਰਨ ਦਾ ਦੋਸ਼ੀ ਠਹਿਰਾਇਆ ਗਿਆ। 'ਇੰਡੀਆ ਟੂਡੇ' ਮੈਗਜੀਨ ਦੇ ਕਵਰ-ਪੇਜ ਤੇ ਭਾਰਤ ਮਾਤਾ ਦੀ ਤਸਵੀਰ ਬਣਾਉਣ ਨਾਲ ਉਸ ਦੀ ਕਾਫੀ ਆਲੋਚਨਾ ਹੋਈ। ਇਸ ਫੋਟੋ ਵਿੱਚਇਕ ਯੁਵਤੀ ਨੂੰ ਭਾਰਤ ਮਾਤਾ ਦੇ ਪ੍ਰਤੀਬਿੰਬ ਵਜੋਂ ਚਿਤਰਿਆ ਗਿਆ ਸੀ, ਜੋ ਅਲਫ ਨੰਗੀ ਸੀ ਅਤੇ ਭਾਰਤ ਦੇ ਨਕਸ਼ੇ ਉੱਤੇ ਲੇਟੀ ਹੋਈ ਸੀ। ਅਜਿਹੀਆਂ ਵਿਵਾਦਿਤ ਪੇਂਟਿੰਗਾਂ ਕਰਕੇ ਭਾਰਤ ਦੇ ਕਈ ਹਿੱਸਿਆਂ ਵਿਚ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਹੋਏ। ਸ਼ਿਵਸੈਨਾ ਅਤੇ ਆਰੀਆ ਸਮਾਜ ਨੇ ਇਸ ਦਾ ਸਭ ਤੋਂ ਜ਼ਿਆਦਾ ਵਿਰੋਧ ਕੀਤਾ। ਪਿੱਛੋਂ 2006 ਵਿੱਚ ਹੁਸੈਨ ਨੇ ਹਿੰਦੋਸਤਾਨ ਛੱਡ ਦਿੱਤਾ ਅਤੇ ਉਹ ਕਤਰ ਵਿਚ ਰਹਿਣ ਲੱਗ ਪਿਆ। ਕੁਝ ਸਮੇਂ ਬਾਅਦ ਉਸ ਨੇ ਲੰਡਨ ਨੂੰ ਆਪਣੀ ਰਿਹਾਇਸ਼ ਬਣਾਲਿਆ। ਇੱਥੇ ਹੀ ਜਲਾਵਤਨੀ ਦਾ ਜੀਵਨ ਬਿਤਾਉਂਦਿਆਂ 9 ਜੂਨ 2011 ਨੂੰ ਉਸ ਦਾ ਦੇਹਾਂਤ ਹੋ ਗਿਆ। ਐਮ.ਐਫ.ਹੁਸੈਨ ਆਪਣੇ ਨਾਮ ਮੁਤਾਬਕ 'ਮਕਬੂਲ' (ਪ੍ਰਸਿੱਧ) ਵੀ ਸੀ ਅਤੇ 'ਫਿਦਾ'(ਮਾਧੁਰੀ ਦੀਕਸ਼ਤ ਤੇ) ਵੀ। ਉਸ ਦੀ ਵੱਖਰੀ ਪਹਿਚਾਣ ਉਸਦਾ ਨੰਗੇ ਪੈਰੀਂ (-) ਰਹਿਣਾ ਸੀ। ਵਾਣੀ ਪ੍ਰਕਾਸ਼ਨ ਵੱਲੋਂ ਐਮ ਐਫ ਹੁਸੈਨ ਦੀ ਸਵੈਜੀਵਨੀ ਐਮ ਐਫ ਹੁਸੈਨ ਕੀ ਕਹਾਨੀ ਅਪਨੀ ਜ਼ੁਬਾਨੀ ਪ੍ਰਕਾਸ਼ਿਤ ਕੀਤੀ ਗਈ ਹੈ, ਜਿਸ ਰਾਹੀਂ ਉਸਦੀ ਨਿੱਜੀ ਜ਼ਿੰਦਗੀ ਬਾਰੇ ਹੋਰ ਵੀ ਨਜ਼ਦੀਕ ਤੋਂ ਜਾਣਿਆ ਜਾ ਸਕਦਾ ਹੈ। ਇਸੇ ਪ੍ਰਕਾਰ ਪ੍ਰਦੀਪ ਚੰਦ੍ਰ ਵੱਲੋਂ ਲਿਖੀ ਅਤੇ ਭੁਵੇਂਦਰ ਤਿਆਗੀ ਵੱਲੋਂ ਅਨੁਵਾਦ ਕੀਤੀ ਗਈ ਹਿੰਦੀ ਪੁਸਤਕ 'ਐਮ ਐਫ ਹੁਸੈਨ:ਕਲਾ ਕਾ ਕਰਮਯੋਗੀ' ਵਿੱਚੋਂ ਵੀ ਇਸ ਮਹਾਨ ਕਲਾਕਾਰ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।







☛ ਕਲਮ ਵਿਛੋੜਾ

# ਪਰਿਵਾਰਕ ਗੀਤਾਂ ਦਾ ਚਰਚਿਤ ਲਿਖਾਰੀ ਸੀ 'ਸੁਰਜੀਤ ਢਿੱਲੋਂ ਪਿੱਥੋ ਵਾਲਾ'



ਸੁਰਜੀਤ ਜੱਸਲ
9814607737

ਸਾਲ 2021 ਬਹੁਤ ਹੀ ਮੰਦਭਾਗਾ ਚੜ੍ਹਿਆ ਹੈ ਕਿ ਪੰਜਾਬੀ ਗੀਤ ਸੰਗੀਤ, ਸਾਹਿਤ ਅਤੇ ਕਲਾ ਖੇਤਰ ਨਾਲ ਜੁੜੀਆਂ ਸਿਰਮੌਰ ਸਖ਼ਸ਼ੀਅਤਾਂ ਇੱਕ-ਇੱਕ ਕਰ ਕੇ ਦਨੀਆਂ ਤੋਂ ਰੁਖਸਤ ਹੁੰਦੀਆਂ ਜਾ ਰਹੀਆਂ ਹਨ। ਕੁਝ ਹਫ਼ਤੇ ਪਹਿਲਾਂ ਅੰਤਰਰਾਸ਼ਟਰੀ ਭੰਗੜਾ ਕੋਚ ਤੇ ਗੀਤਕਾਰ 'ਗਿੱਲ ਸੁਰਜੀਤ ( ਸ਼ਹਿਰ ਪਟਿਆਲੇ ਦੇ) ਦੀ ਮੌਤ ਹੋਈ ਤੇ ਹੁਣ ਦੋਗਾਣਾ ਗੀਤਾਂ ਦਾ ਚਰਚਿਤ ਲਿਖਾਰੀ ' ਸੁਰਜੀਤ ਢਿੱਲੋਂ ਪਿੱਥੋ ਵਾਲਾ' ਵੀ ਜਾਹਨੋਂ ਕੂਚ ਕਰ ਗਿਆ। ਪਰਿਵਾਰਕ ਸੂਤਰਾਂ ਮੁਤਾਬਕ ਉਹ ਪਿਛਲੇ ਕੁਝ ਦਿਨਾਂ ਤੋਂ ਕਰੋਨਾ ਪੀੜਤ ਹੋਣ ਕਰਕੇ ਸਾਹ ਦੀ ਤਕਲੀਫ਼ ਨਾਲ ਬਠਿੰਡੇ ਕਿਸੇ ਹਸਪਤਾਲ 'ਚ ਇਲਾਜ ਅਧੀਨ ਸੀ, ਜਿੱਥੇ ਉਨ੍ਹਾਂ ਆਖਰੀ ਸਾਲ ਲਏ।

ਗੀਤਕਾਰ ਸੁਰਜੀਤ ਢਿੱਲੋਂ ਦੋਗਾਣਾ ਗਾਇਕੀ ਦੇ ਬਾਦਸ਼ਾਹ ਮੁਹੰਮਦ ਸਦੀਕ ਤੇ ਰਣਜੀਤ ਕੌਰ ਦੀ ਆਵਾਜ਼ 'ਚ ਰਿਕਾਰਡ ਅਨੇਕਾਂ ਚਰਚਿਤ ਗੀਤਾਂ ਦਾ ਲਿਖਾਰੀ ਸੀ। ਉਸਨੇ ਜਿਆਦਾਤਰ ਇਸੇ ਗਾਇਕ ਜੋੜੀ ਨੂੰ ਮੁੱਖ ਰੱਖ ਕੇ ਪਰਿਵਾਰਕ ਰਿਸ਼ਤਿਆਂ ਦੀ ਗੱਲ ਕਰਦੇ ਮਿਆਰੀ ਗੀਤ ਲਿਖੇ ਜੋ ਅੱਜ ਵੀ ਮਕਬੂਲ ਹਨ। ਉਸਦੇ ਲਿਖੇ ਗੀਤਾਂ ਨੂੰ ਮੁਹੰਮਦ ਸਦੀਕ, ਰਣਜੀਤ ਕੌਰ, ਕਰਤਾਰ ਰਮਲਾ ਸੁਖਵੰਤ ਸੁੱਖੀ ਵਰਗੀਆਂ ਦੋਗਾਣਾ ਜੋੜੀਆਂ ਨੇ ਸੱਭ ਤੋਂ ਪਹਿਲਾਂ ਰਿਕਾਰਡ ਕੀਤਾ।ਸੁਰਜੀਤ ਢਿੱਲੋਂ ਨਾਲ ਮੇਰਾ ਨਾਤਾ ਬਹੁਤ ਪੁਰਾਣਾ ਸੀ। ਪਹਿਲੀ ਵਾਰ 1997 'ਚ ਉਸਦਾ ਆਰਟੀਕਲ ਪੰਜਾਬੀ ਟ੍ਰਿਬਿਊਨ ਦੇ ਸੰਗੀਤਕ ਕਾਲਮ ਲਈ ਲਿਖਿਆ ਸੀ ਤੇ ਹੁਣ ਕੁਝ ਮਹੀਨੇ ਪਹਿਲਾਂ ਉਸ ਨਾਲ ਤਾਜ਼ੀ ਗੱਲਬਾਤ ਹੋਈ ਸੀ।

'ਗੱਲ ਸੁਣ ਬੀ ਏ ਪਾਸ ਦਿਉਰਾ, ਗੋਲ-ਮੋਲ ਜੱਟੀ ਗੋਲ-ਗੰਢ ਵਰਗੀ, ਸੜਦਿਆਂ ਨੂੰ ਸੜ ਜਾਣਦੇ ਦਾਣੇ ਚੱਬੀਏ ਰੁਮਾਲ ਵਿਛਾ ਕੇ,ਬੋਲੀ ਪਾ ਕੇ ਚੜ੍ਹ ਗਈ ਪੀਂਘ 'ਤੇ ਡਿੱਗ ਪਈ ਹੁਲਾਰਾ ਖਾ ਕੇ ਬੋਚੀ ਵੇ ਜੀਜਾ,ਹਾਲ ਵੇ ਬਚਾਈ ਰੱਬਾ ਕਮਲੇ ਟੋਲੇ ਤੋਂ, .ਵਰਗੇ ਅਨੇਕਾਂ ਚਰਚਿਤ ਗੀਤਾਂ ਦਾ ਰਚੇਤਾ ਸੁਰਜੀਤ ਢਿੱਲੋਂ ਦਾ ਜਨਮ ਅੱਜ ਤੋਂ 67 ਕੁ ਸਾਲ ਪਹਿਲਾਂ ਬਠਿੰਡਾ ਜਿਲ੍ਹਾ ਦੇ ਪਿੰਡ ਪਿੱਥੋ ( ਨੇੜੇ ਰਾਮਪੁਰਾ ਫੂਲ) ਵਿਖੇ ਪਿਤਾ ਸਰਬਣ ਸਿੰਘ ਤੇ ਮਾਤਾ ਪ੍ਰਸਿੰਨ ਕੌਰ ਦੇ ਘਰ ਹੋਇਆ। ਉਸਨੇ ਮੁੱਢਲੀ ਸਕੂਲੀ ਵਿੱਦਿਆ ਪਿੰਡ ਤੋਂ ਹੀ ਪ੍ਰਾਪਤ ਕੀਤੀ। ਗੀਤ ਲਿਖਣ ਦੀ ਚੇਟਕ ਉਸਨੂੰ ਵਿਆਹ-ਸਾਹਿਆਂ ਮੌਕੇ ਪਿੰਡਾਂ 'ਚ ਬਨੇਰਿਆਂ 'ਤੇ ਵਜਦੇ ਸਪੀਕਰ ਸੁਣਨ ਕਰਕੇ ਪਈ। ਦੂਰ ਨੇੜੇ ਪਿੰਡਾਂ ਵਿੱਚ ਕਿਸੇ ਗਾਉਣ ਵਾਲੇ ਦਾ ਅਖਾੜਾ ਆਉਣਾ ਤਾਂ ਉਹ ਆਪਣੇ ਕੰਮ ਧੰਦੇ ਪਹਿਲਾਂ ਹੀ ਨਿਬੇੜ ਤਿਆਰੀ ਖਿੱਚ ਲੈਂਦਾ। ਇੱਥੋਂ ਹੀ ਉਸ ਅੰਦਰ ਗੀਤ ਲਿਖਣ ਦੀ ਜਗਿਆਸਾ ਬਣ ਗਈ। ਇੱਕ ਦਿਨ ਉਹ ਰਾਮਪੁਰਿਓ ਗੀਤਕਾਰ ਮਾਨ ਮਰਾੜਾਂ ਵਾਲੇ ਦੇ ਗੀਤਾਂ ਦੀਆਂ ਕਿਤਾਬਾਂ ਲੈ ਲਾਇਆ ਜਿਨ੍ਹਾਂ ਨੂੰ ਪੜ੍ਹ-ਪੜ੍ਹ ਉਹ ਵੀ ਤੁਕਬੰਦੀ ਕਰਨੀ ਸਿੱਖ ਗਿਆ। ਉਸ ਨੇ ਕਈ ਗੀਤ ਲਿਖੇ ਤੇ ਹਾਣੀਆਂ ਨੂੰ ਸੁਣਾਏ। ਫੇਰ ਕੇਰਾਂ ਨਾਲ ਦੇ ਪਿੰਡ 'ਸਦੀਕ' 'ਅਖਾੜਾ ਲਾਉਣ ਆਇਆ। ਉਸ ਨੇ ਆਪਣੇ ਗੀਤਾਂ ਵਾਲੀ ਕਾਪੀ ਸਦੀਕ ਨੂੰ ਵਿਖਾਈ। ਗੀਤ ਪੜ੍ਹ ਕੇ ਸਦੀਕ ਨੇ ਹੌਸਲਾ ਦਿੱਤਾ ਤੇ ਲੁਧਿਆਣੇ ਆਊਣ ਨੂੰ ਕਿਹਾ। ਸੁਰਜੀਤ ਢਿੱਲੋਂ ਆਪਣੇ ਗੀਤ ਲੈ ਕੇ ਗਿਆ ਤਾਂ ਸਦੀਕ ਨੇ ਦੋ ਗੀਤ ਪਸੰਦ ਕਰ ਲਏ ਤੇ ਹੋਰ ਗੀਤ ਲਿਖਣ ਦੇ ਵਿਸ਼ੇ ਦਿੱਤੇ। 'ਗੱਲ ਸੁਣ ਬੀ ਏ ਪਾਸ ਦਿਉਰਾ' ਤੇ 'ਹਾਲ ਵੇ ਬਚਾਈ ਰੱਬਾ..' ਦੋਵੇਂ ਇੱਕਠੇ ਰਿਕਾਰਡ ਹੋਣ ਮਗਰੋਂ ਉਸ ਦਾ ਹੌਸਲਾ ਵੱਧ ਗਿਆ। ਇਨ੍ਹਾਂ ਗੀਤਾਂ ਦੀ ਮਕਬੂਲੀਅਤ ਨਾਲ ਸੁਰਜੀਤ ਢਿੱਲੋਂ ਦੀ ਚਰਚਾ ਹੱਟੀ-ਭੱਠੀ ਹੋਣ ਲੱਗੀ। ਉਸਦੇ ਗੀਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਢਿੱਲੋਂ ਦੇ ਜਿਆਦਾਤਰ ਗੀਤ ਮੁਹੰਮਦ ਸਦੀਕ ਤੇ ਰਣਜੀਤ ਕੌਰ ਦੀ ਜੋੜੀ ਨੇ ਗਾਏ ਪਰ ਇੱਕ ਗੀਤ ' ਮਿੱਤਰਾਂ ਦੇ ਦਿਲ ਲੱਗਗੀ.. ਲੰਘਦੀ ਹੁਲਾਰਾ ਖਾ ਕੇ' ਕਰਤਾਰ ਰਮਲਾ ਤੇ ਸੁਖਵੰਤ ਸੁੱਖੀ ਦਾ ਆਵਾਜ਼ 'ਚ ਰਿਕਾਰਡ ਹੋਇਆ।

ਇਸ ਤੋਂ ਇਲਾਵਾ ਸੁਰਜੀਤ ਢਿੱਲੋਂ ਦੇ ਲਿਖੇ ਗੀਤਾਂ ਨੂੰ ਸਵ.ਮੇਜਰ ਰਾਜਸਥਾਨੀ,ਕਰਤਾਰ ਰਮਲਾ,ਰਾਜਾ ਸਿੱਧੂ,ਮਨਜੀਤ ਰਾਹੀ ਨੇ ਵੀ ਰਿਕਾਰਡ ਕਰਵਾਇਆ ਹੈ। ਸੁਰਜੀਤ ਦੇ ਗੀਤਾਂ' ਚੋਂ ਪੁਰਾਣੇ ਪਿੰਡਾਂ ਵਾਲਾ ਰੰਗ ਸਾਫ਼ ਝਲਕਦਾ ਹੈ। ਜਿੰਦਗੀ ਦੇ ਕੌੜੇ ਸੱਚ ਨੂੰ ਪੇਸ਼ ਕਰਦਾ ਇੱਕ ਰੁਮਾਂਟਿਕ ਗੀਤ 'ਕੋਲੇ ਦੀ ਦਲਾਲੀ ਚੰਦਰੀ..ਨੰਗ ਜੱਟ ਦੀ ਮੁਲਾਹਜੇਦਾਰੀ..' ਪਿਆਰ ਦੇ ਇਕ ਪਹਿਲੂ ਨੂੰ ਪੇਸ਼ ਕਰਦਾ ਦੋਗਾਣਾ ਹੈ। ਸੁਰਜੀਤ ਢਿੱਲੋਂ ਦਾ ਕਹਿਣਾ ਸੀ ਕਿ ਅੱਜ ਦੇ ਗੀਤਾਂ 'ਚੋ ਪਰਿਵਾਰਕ ਰਿਸ਼ਤੇ ਖ਼ਤਮ ਹੁੰਦੇ ਜਾ ਰਹੇ ਹਨ। ਪੁਰਾਣੇ ਗੀਤਕਾਰਾਂ ਦੇ ਗੀਤਾਂ ਦੀ ਭੰਨਤੋੜ ਕਰਕੇ ,ਪੁਰਾਣੀਆਂ ਤਰਜ਼ਾਂ ਨੂੰ ਹੂਬਹੂ ਗਾਇਆ ਜਾ ਰਿਹਾ ਹੈ। ਜੋ ਬਹੁਤ ਗਲਤ ਹੈ। ਅਜਿਹਾ ਨਹੀਂ ਹੋਣਾ ਚਾਹੀਦਾ। ਅਸਲ ਗਾਇਕੀ ਖ਼ਤਮ ਹੁੰਦੀ ਜਾ ਰਹੀ ਹੈ। ਪੰਜਾਬੀ ਸੰਗੀਤ ਨੂੰ , ਵਿਰਸੇ ਨਾਲ ਜੁੜੇ ਗੀਤਾਂ ਨੂੰ ਸੰਭਾਲਣ ਦੀ ਲੋੜ ਹੈ।

ਦੋਗਾਣਾ ਗਾਇਕੀ 'ਚ ਜਦ ਚੁਲਬੁਲੇ ਕਿਸਮ ਦੇ ਦੋਹਰੇ ਅਰਥੀ ਗੀਤਾਂ ਦਾ ਦੌਰ ਸੀ ਤਾਂ ਅਨੇਕਾਂ ਗਾਇਕਾਂ ਨੇ ਉਸਨੂੰ 'ਚਲੰਤ' ਲਿਖਣ ਲਈ ਕਿਹਾ ਪਰ ਉਸਨੇ ਅਜਿਹਾ ਨਹੀਂ ਕੀਤਾ ਬਲਕਿ ਆਪਣੀ ਪਸੰਦ ਅਤੇ ਸੋਚ ਨੂੰ ਮੁੱਖ ਰੱਖਿਆ। ਜਿੱਥੇ ਸੁਰਜੀਤ ਢਿੱਲੋਂ ਪੰਜਾਬੀ ਸੰਗੀਤਕ ਭਾਈਚਾਰੇ ਨਾਲ ਚੰਗੀ ਸਾਂਝ ਰੱਖਦਾ ਸੀ ਉੱਥੇ ਪਿੰਡ ਵਾਸੀਆਂ ਨਾਲ ਵੀ ਉਸਦਾ ਚੰਗਾ ਵਰਤਾਰਾ ਸੀ। ਇਕ ਨਾਮੀਂ ਸ਼ਖਸੀਅਤ ਹੋ ਕੇ ਵੀ ਉਹ ਆਮ ਲੋਕਾਂ ਵਾਲੀ ਜਿੰਦਗੀ 'ਚ ਰਹਿੰਦਾ ਸੀ। ਉਸਨੇ ਅੱਜ ਦੇ ਨਵੇਂ ਗੀਤਕਾਰਾਂ ਵਾਂਗੂੰ ਫ਼ੋਕੀ ਸੋਹਰਤ ਲਈ ਨਹੀਂ ਲਿਖਿਆ ਬਲਕਿ ਆਪਣੇ ਅੰਦਰਲੇ ਸ਼ੌਕ ਨੂੰ ਪੂਰਾ ਕਰਨ ਲਈ ਲਿਖਿਆ। ਨਵਿਆਂ ਵਾਂਗੂੰ ਉਸਨੇ ਗਾਇਕ ਜਾਂ ਕੰਪਨੀਆਂ ਨੂੰ ਪੱਲਿਓ ਪੈਸੇ ਵੀ ਨਹੀਂ ਦਿੱਤੇ ਬਲਕਿ ਤਵਿਆਂ ਵਾਲੀ ਐੱਚ.ਐੱਮ.ਬੀ.ਕੰਪਨੀ ਨੇ ਉਸ ਦੇ ਰਿਕਾਰਡ ਗੀਤਾਂ ਦੇ ਹੁਣ ਤੱਕ ਪੈਸੇ ਦਿੱਤੇ ਹਨ। ਮੁਹੰਮਦ ਸਦੀਕ , ਰਣਜੀਤ ਕੌਰ, ਕਰਤਾਰ ਰਮਲਾ ਤੋਂ ਇਲਾਵਾ ਮੇਜਰ ਰਾਜਸਥਾਨੀ, ਰਾਜਾ ਸਿੱਧੂ, ਮਨਜੀਤ ਰਾਹੀ ਆਦਿ ਕਲਾਕਾਰਾਂ ਨੇ ਵੀ ਸੁਰਜੀਤ ਢਿੱਲੋਂ ਦੇ ਗੀਤਾਂ ਨੂੰ ਰਿਕਾਰਡ ਕਰਵਾਇਆ। ਸੁਰਜੀਤ ਢਿੱਲੋਂ ਕੁਝ ਸਮਾਂ ਹਾਂਗਕਾਗ ਵੀ ਰਿਹਾ ਪਰ ਖੇਤਾਂ ਦੀ ਮਿੱਟੀ ਦਾ ਮੋਹ ਉਸਨੂੰ ਵਾਪਸ ਖਿੱਚ ਲਿਆਇਆ ਤੇ ਪਿੰਡ ਵਾਹੀ ਕਰਨ ਲੱਗਿਆ। ਉਸਦੇ ਗੀਤਾਂ 'ਚੋਂ ਪੇਂਡੂ ਸੱਭਿਆਚਾਰ ਦੀ ਅਸਲ ਮਹਿਕ ਆਉਂਦੀ ਹੈ।

ਆਓ ਸੁਰਜੀਤ ਢਿੱਲੋਂ ਦੇ ਲਿਖੇ ਹਿੱਟ ਗੀਤਾਂ ਤੇ ਨਜ਼ਰ ਮਾਰੀਏ।

***ਗੱਲ ਸੁਣ ਬੀ ਏ ਪਾਸ ਦਿਉਰਾ - ਮੁਹੰਮਦ ਸਦੀਕ ਤੇ ਰਣਜੀਤ ਕੌਰ**
***ਹਾਲ ਵੇ ਬਚਾਈ ਰੱਬਾ - ਮੁਹੰਮਦ ਸਦੀਕ ਤੇ ਰਣਜੀਤ ਕੌਰ**
***ਚੜ੍ਹੀ ਜਵਾਨੀ ਰਹੇ ਨਾ ਗੁੱਝੀ - ਮੁਹੰਮਦ ਸਦੀਕ ਤੇ ਰਣਜੀਤ ਕੌਰ**
**ਦਾਣੇ ਚੱਬੀਏ ਰੁਮਾਲ ਵਿਛਾ ਕੇ - ਮੁਹੰਮਦ ਸਦੀਕ ਤੇ ਰਣਜੀਤ ਕੌਰ**
***ਗੋਲ ਮੋਲ ਜੱਟੀ .ਗੋਲ ਗੰਢ ਵਰਗੀ - ਮੁਹੰਮਦ ਸਦੀਕ ਤੇ ਰਣਜੀਤ ਕੌਰ**
***ਬੋਚੀ ਵੇ ਜੀਜਾ ਘਰਦੀ ਨਾਰ ਬਣਾ ਕੇ - ਮੁਹੰਮਦ ਸਦੀਕ ਤੇ ਰਣਜੀਤ ਕੌਰ**
**ਖੂਨੀ ਧਰਤੀ 'ਤੇ ਬੋਚ-ਬੋਚ ਪੈਰ ਧਰਦੀ - ਮੁਹੰਮਦ ਸਦੀਕ ਤੇ ਰਣਜੀਤ ਕੌਰ**
***ਅੰਬ ਦਾ ਬੂਟਾ - ਮੁਹੰਮਦ ਸਦੀਕ -ਸੁਖਜੀਤ ਕੌਰ)**
***ਮਿੱਤਰਾਂ ਦੇ ਦਿਲ ਲੱਗ ਗਈ — ਕਰਤਾਰ ਰਮਲਾ-ਸੁੱਖੀ**
***ਡਾਂਗ ਉੱਤੇ ਬੋਲੇ ਕੋਚਰੀ —— ਮੇਜਰ ਰਾਜਸਥਾਨੀ**
***ਡੁੱਬ ਜਾਣਿਆਂ ਹਿਜ਼ਕੀਆਂ ਆਈਆਂ — ਰਾਜਾ ਸਿੱਧੂ**
***ਕੀ ਹਾਲ ਵੇ.——- ਮਨਜੀਤ ਰਾਹੀ**

ਮੁਹੰਮਦ ਸਦੀਕ ਨਾਲ ਉਸਦੀ ਪਰਿਵਾਰਕ ਸਾਂਝ ਸੀ । ਮੁਹੰਮਦ ਸਦੀਕ ਤੇ ਰਣਜੀਤ ਕੌਰ ਨੇ ਵੀ ਉਸਦੀ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਇਜਹਾਰ ਕੀਤਾ ਹੈ। ਭਾਵੇਂ ਕਿ ਪੁੱਤ-ਪੋਤਿਆਂ ਵਾਲਾ ਗੀਤਕਾਰ ਸੁਰਜੀਤ ਢਿੱਲੋਂ ਇਸ ਦੁਨੀਆਂ 'ਤੇ ਨਹੀਂ ਰਿਹਾ ਪ੍ਰੰਤੂ ਉਸਦੇ ਗੀਤ ਸੰਗੀਤਕ ਫ਼ਿਜਾਵਾਂ ਵਿੱਚ ਆਪਣੀ ਖੁਸ਼ਬੋਈ ਹਮੇਸ਼ਾ ਵੰਡਦੇ ਰਹਿਣਗੇ।







ਖੇਤਾਂ ਦੇ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਲੋੜ


ਐਬਸਫੋਰਡ ਵਿਖੇ ਖੇਤਾਂ ਦੇ ਵਿੱਚ ਕੰਮ ਕਰਨ ਲਈ ਖੇਤੀਬਾੜੀ ਦੇ ਸ਼ੌਕੀਨਾਂ ਲਈ ਵਧੀਆ ਡਾਲਰ ਕਮਾਉਣ ਦਾ ਮੌਕਾ ਹੈ ।

ਬੋਲੀ ਦਾ ਕੋਈ ਮਸਲਾ ਨਹੀਂ ਸਾਰੀ ਗੱਲਬਾਤ ਪੰਜਾਬੀ ਵਿੱਚ ਹੀ ਕੀਤੀ ਜਾਂਦੀ ਹੈ । ਕੰਮ ਸਾਰਾ ਸੀਜਨ ਚੱਲੇਗਾ ।

ਕੀਤੇ ਹੋਏ ਕੰਮ ਦੀਆਂ ਸਟੈਂਪਾਂ ਵੀ ਦਿੱਤੀਆਂ ਜਾਣਗੀਆਂ। ਰਹਿਣ ਦਾ ਪੂਰਾ ਪਰਬੰਧ ਹੋਵੇਗਾ। ਕੰਮ ਸ਼ੁਰੂ ਹੈ ਅੱਜ ਹੀ ਫੋਨ ਕਰੋ ।

ਕਾਲ: 604 308 3513

# ਖੇਡ ਮੇਲਿਆਂ ਦਾ ਸ਼ਿੰਗਾਰ ਮੱਖਣ ਬਰਾੜ-2



ਪ੍ਰਿੰ. ਸਰਵਣ ਸਿੰਘ

ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ ਗੀਤ ਰਿਕਾਰਡ ਕਰਾਉਣ ਵਾਲਾ ਗਿੱਲ ਹਰਦੀਪ, ਢੁੱਡੀਕੇ ਕਾਲਜ ਵਿਚ ਪੜ੍ਹਨ ਵੇਲੇ ਮੇਰੇ ਰਜਿਸਟਰ 'ਚ ਹਰਦੀਪ ਸਿੰਘ ਲਿਖਿਆ ਹੁੰਦਾ ਸੀ। ਉਹ ਕੋਕਰੀ ਤੋਂ ਪੜ੍ਹਨ ਆਉਂਦਾ ਸੀ। ਆਪਣੇ ਸਫਰਨਾਮੇ 'ਫੇਰੀ ਵਤਨਾਂ ਦੀ' ਦਾ ਇਕ ਕਾਂਡ ਮੈਂ ਉਹਦੇ ਗਾਣੇ ਨਾਲ ਸ਼ੁਰੂ ਕੀਤਾ ਸੀ:

**ਧੁੰਦ ਪੈਂਦੀ ਲੋਹੜੇ ਦੀ**
**ਮੇਰਾ ਅੰਗ ਅੰਗ ਜਾਂਦਾ ਠਰਦਾ**
**ਸੀਟੀ ਮਾਰ ਅਰਜਨਾ ਵੇ**
**ਭੁੱਲਗੀ ਮੋੜ ਗੁਲਾਬੋ ਘਰਦਾ...**

ਗੱਡੀ ਵਿਚ ਉਹਦਾ ਗਾਣਾ ਗੂੰਜ ਰਿਹਾ ਸੀ। ਬਾਹਰ ਧੁੰਦ ਸੀ ਤੇ ਅੰਦਰ ਠਾਰੀ। ਪੋਹ ਦੀ ਠੰਢ 'ਚ ਅੰਗ ਸੱਚੀਮੁੱਚੀਂ ਠਰੀ ਜਾਂਦੇ ਸਨ। ਹਰਦੀਪ ਦੀ ਆਵਾਜ਼ ਵਿਚ ਲੋਹੜੇ ਦਾ ਸੋਜ਼ ਸੀ। ਸਮੇਂ ਤੇ ਸਥਾਨ ਦਾ




ਅਜੀਬ ਮੇਲ ਸੀ। ਸਾਡੀ ਗੱਡੀ ਢੁੱਡੀਕੇ ਤੋਂ ਮੱਦੋਕੇ ਜਾ ਰਹੀ ਸੀ। ਢੁੱਡੀਕੇ ਦਾ ਕਾਲਜ, ਜਿਥੇ ਮੈਂ ਤੀਹ ਸਾਲ ਪੜ੍ਹਾਇਆ, ਧੁੰਦ ਦੀ ਬੁੱਕਲ ਵਿਚ ਸੁੱਤਾ ਪਿਆ ਸੀ। ਉਹਦੇ ਗੇਟ ਅੱਗੇ ਅਸੀਂ ਕੁਝ ਪਲ ਰੁਕੇ। ਮੈਂ ਸਿਰ ਨਿਵਾ ਕੇ ਸਿਜਦਾ ਕੀਤਾ ਜਿਥੇ 1967 ਤੋਂ 96 ਤਕ ਪੜ੍ਹਾਉਂਦਾ ਰਿਹਾ ਸਾਂ। ਗੀਤ ਲਗਾਤਾਰ ਗੂੰਜੀ ਜਾਂਦਾ ਸੀ, ਸੀਟੀ ਮਾਰ ਅਰਜਨਾ ਵੇ...।

ਮੈਨੂੰ ਹਰਦੀਪ ਨਾਲ ਅਰਜਨ ਵੀ ਯਾਦ ਆ ਗਿਆ। ਕੌਂਕਿਆਂ ਦਾ ਅਰਜਨ ਕਬੱਡੀ ਦਾ ਤਕੜਾ ਧਾਵੀ ਸੀ ਜਿਸ ਨੇ ਆਪਣੀ ਖੇਡ ਦੀਆਂ ਧੁੰਮਾਂ ਵਲਾਇਤਾਂ ਤਕ ਜਾ ਪਾਈਆਂ ਸਨ। ਹਰਦੀਪ ਗਾਉਣ ਲੱਗਾ ਰੋਡਵੇਜ਼ ਦੀ ਲਾਰੀ ਦੀਆਂ ਨਕਲਾਂ ਲਾਇਆ ਕਰਦਾ ਸੀ ਜਿਹੜੀ ਮਸਾਂ ਸਟਾਰਟ ਹੁੰਦੀ ਸੀ। ਉਹ ਮੂੰਹ ਨਾਲ ਹੀ ਕੰਡਕਟਰ ਦੀ ਸੀਟੀ ਵਜਾਉਂਦਾ ਤੇ ਰੇਸ ਘਟਾਉਂਦਾ ਵਧਾਉਂਦਾ। ਉਦੋਂ ਕਿਸੇ ਦੇ ਖ਼ਾਬ ਖ਼ਿਆਲ ਵਿਚ ਵੀ ਨਹੀਂ ਸੀ ਕਿ ਉਹ ਕਹਿੰਦਾ ਕਹਾਉਂਦਾ ਗਾਇਕ ਬਣੇਗਾ। ਆਹ ਜਿਹੜਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਿਆ ਹੈ ਇਹਦੇ ਪਿੱਛੇ 'ਕਰੀਂ ਕਿਤੇ ਮੇਲ ਰੱਬਾ' ਵਰਗੇ ਗੀਤਾਂ ਦਾ ਵੀ ਯੋਗਦਾਨ ਹੈ।

ਗਿੱਲ ਹਰਦੀਪ ਜਦੋਂ 'ਮਨ ਵਿਚ ਵਸਣੈਂ, ਵਸਣੈਂ ਵੇ ਰਹਿਨੈਂ ਅੱਖੀਆਂ ਤੋਂ ਦੂਰ, ਤੂੰ ਕੀ ਜਾਣੇ, ਸੱਜਣਾ ਮੈਂ ਐਥੇ ਕਿੰਨੀ ਮਜਬੂਰ...' ਗਾ ਰਿਹਾ ਹੁੰਦੈ ਤਾਂ ਜਾਪਦੈ ਜਿਵੇਂ ਦਿਲਸ਼ਾਦ ਅਖ਼ਤਰ ਮੁੜ ਜਿਉਂ ਪਿਆ ਹੋਵੇ। ਉਹਦਾ ਮੁਹਾਂਦਰਾ ਦਿਲਸ਼ਾਦ ਅਖ਼ਤਰ ਨਾਲ ਮਿਲਦਾ ਜੁਲਦਾ ਹੈ ਅਤੇ ਆਵਾਜ਼ ਵੀ। ਉਂਜ ਵੀ ਉਹਦੇ ਗਾਇਕੀ ਦੇ ਮਾਡਲ ਆਲਮ ਲੁਹਾਰ, ਸ਼ੌਕਤ ਅਲੀ ਤੇ ਦਿਲਸ਼ਾਦ ਅਖ਼ਤਰ ਹੀ ਹਨ। ਪਿਛਲੇ ਕਈ ਸਾਲਾਂ ਤੋਂ ਗਿੱਲ ਹਰਦੀਪ ਤੇ ਮੱਖਣ ਬਰਾੜ 'ਕੱਠੇ ਪ੍ਰੋਗਰਾਮ ਪੇਸ਼ ਕਰਦੇ ਆ ਰਹੇ ਹਨ। ਮੱਖਣ ਬਰਾੜ ਦੇ ਗੀਤ ਬੇਸ਼ਕ ਗੁਰਦਾਸ ਮਾਨ, ਹੰਸ ਰਾਜ ਹੰਸ, ਮਲਕੀਤ ਸਿੰਘ, ਸਰਬਜੀਤ ਚੀਮਾ, ਮੰਡੇਰ ਬ੍ਰਦਰਜ਼, ਅੰਗਰੇਜ਼ ਅਲੀ, ਸਤਵਿੰਦਰ ਬੁੱਗਾ, ਰਾਜ ਬਰਾੜ, ਬਲਬੀਰ ਚੋਟੀਆਂ, ਬੱਬੂ ਗੁਰਪਾਲ, ਲਾਭ ਹੀਰਾ, ਜਗਤਾਰ ਬਰਾੜ ਤੇ ਗੁਰਤੇਜ ਵਰਗਿਆਂ ਨੇ ਵੀ ਗਾਏ ਹਨ ਪਰ ਸਭ ਤੋਂ ਵੱਧ ਗਿੱਲ ਹਰਦੀਪ ਨੇ ਹੀ ਗਾਏ ਹਨ: ਕਰੀਂ ਕਿਤੇ ਮੇਲ ਰੱਬਾ, ਚੋਰਾਂ ਦੇ ਵੱਸ ਪੈ ਕੇ ਭਾਰਤ ਮਾਂ ਕੁਰਲਾਉਂਦੀ ਐ, ਹਾੜ੍ਹੇ ਲਾਂਘਾ ਖੋਲ੍ਹ ਦਿਓ ਬਾਬੇ ਦੇ ਖੇਤਾਂ ਨੂੰ ਆਦਿ।

ਮੱਖਣ ਬਰਾੜ ਦੱਸਦਾ ਹੈ: ਇਕ ਵਾਰ ਗਿੱਲ ਹਰਦੀਪ ਕੈਨੇਡਾ ਵਿਚ ਮੇਰਾ ਗੀਤ 'ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ' ਗਾ ਰਿਹਾ ਸੀ। ਉਥੇ ਇਕ ਪਾਕਿਸਤਾਨੀ ਭਰਾ ਕਹਿਣ ਲੱਗਾ, ਮੈਂ ਗੀਤ ਲਿਖਣ ਵਾਲੇ ਨੂੰ ਵੀ ਇਨਾਮ ਦੇਣਾ। ਉਸ ਨੇ ਮੇਰੀ ਨਾਂਹ-ਨੁੱਕਰ ਦੇ ਬਾਵਜੂਦ ਮੈਨੂੰ ਇਕ ਹਜ਼ਾਰ ਡਾਲਰ ਦਾ ਇਨਾਮ ਦਿੱਤਾ। ਇਕ ਵਾਰ ਮੈਂ ਮੁੰਬਈ ਗਿਆ। ਉਥੇ ਇਕ ਫੰਕਸ਼ਨ ਵਿਚ ਧਰਮਿੰਦਰ, ਸੁਨੀਲ, ਕਪੂਰ ਫੈਮਲੀ, ਕਾਦਰ ਖ਼ਾਨ, ਬਲਦੇਵ ਖੋਸਾ ਤੇ ਹੋਰ ਪੰਜਾਬੀ ਕਲਾਕਾਰ ਆਏ ਸਨ। 'ਆਪਣਾ ਪੰਜਾਬ ਹੋਵੇ' ਗੀਤ ਚੱਲਿਆ ਤਾਂ ਉਹਨਾਂ ਨੇ ਨੋਟਾਂ ਨਾਲ ਮੇਰੇ ਬੋਝੇ ਭਰ ਦਿੱਤੇ ਬਈ ਗੀਤ ਨਾਲ ਮੁੜ ਕੇ ਪੰਜਾਬ ਵੇਖ ਲਿਆ। ਕਾਦਰ ਖ਼ਾਨ ਨੇ 'ਕਰੀਂ ਕਿਤੇ ਮੇਲ ਰੱਬਾ' ਸੁਣਿਆਂ ਤਾਂ ਨੋਟਾਂ ਦਾ ਰੁੱਗ ਮੇਰੇ ਬੋਝੇ ਵਿਚ ਤੁੰਨ ਦਿੱਤਾ। ਜੇ ਮੈਂ ਗੀਤਾਂ ਵਿਚ ਪੰਜਾਬੀ ਬੋਲੀ ਤੇ ਸਭਿਆਚਾਰ ਨੂੰ ਮਾਣ ਦਿੱਤਾ ਤਾਂ ਪੰਜਾਬੀਆਂ ਨੇ ਵੀ ਮੈਨੂੰ ਮਾਨਾਂ ਸਨਮਾਨਾਂ ਨਾਲ ਲੱਦ ਦਿੱਤਾ।

ਮੱਖਣ ਬਰਾੜ ਦਾ ਪਿੰਡ ਮੱਲਕੇ ਭਾਵੇਂ ਕਿਸੇ ਵੱਡੇ ਸ਼ਹਿਰ ਜਾਂ ਸੜਕ ਨਾਲ ਨਹੀਂ ਲੱਗਦਾ ਪਰ ਉਸ ਦੀ ਮਸ਼ਹੂਰੀ ਬਹੁਤ ਹੈ। ਪਹਿਲਾਂ ਇਹ ਗੁੰਮਨਾਮ ਪਿੰਡ ਸੀ, ਹੁਣ ਗਾਉਣ ਵਾਲਿਆਂ ਦਾ ਪਿੰਡ ਵੱਜਦਾ ਹੈ। ਰਾਜ ਬਰਾੜ, ਰਾਜਿੰਦਰ ਬਰਾੜ ਤੇ ਹੋਰ ਕਈ ਬਰਾੜ ਇਥੋਂ ਦੇ ਗਾਇਕ ਤੇ ਗੀਤਕਾਰ ਹਨ। ਕਬੱਡੀ ਦਾ ਪ੍ਰਸਿੱਧ ਖਿਡਾਰੀ ਦਿਲਬਾਗ ਬਾਘਾ ਵੀ ਮੱਲਕਿਆਂ ਦਾ ਹੈ। ਇਸ ਪਿੰਡ 'ਚ ਪੰਜਾਬ ਦਾ ਮਰਹੂਮ ਮੁੱਖ ਮੰਤਰੀ ਪਰਤਾਪ ਸਿੰਘ ਕੈਰੋਂ ਵਿਆਹਿਆ ਸੀ। ਕਈਆਂ ਨੂੰ ਹੈਰਾਨੀ ਹੋਵੇਗੀ ਕਿ ਸੌ ਸਾਲ ਪਹਿਲਾਂ ਮਾਝੇ ਦਾ ਮੁੰਡਾ ਮਾਲਵੇ ਦੀ ਕੁੜੀ ਨਾਲ ਕਿਵੇਂ ਵਿਆਹਿਆ ਗਿਆ?



ਪਰਤਾਪ ਸਿੰਘ ਕੈਰੋਂ ਦੀ ਪਤਨੀ ਸਰਦਾਰਨੀ ਰਾਮ ਕੌਰ ਮੱਲਕੇ ਦੇ ਸਾਧਾਰਨ ਕਿਸਾਨ ਸੰਮਾ ਸਿੰਘ ਬਰਾੜ ਦੀ ਧੀ ਸੀ ਜੋ ਪਿੰਡ ਕੈਰੋਂ ਵਿਖੇ ਕੁੜੀਆਂ ਦੀ ਪਾਠਸ਼ਾਲਾ ਵਿਚ ਪੜ੍ਹੀ ਸੀ। ਉਸ ਨੇ ਮੁੱਢਲੀ ਸਿੱਖਿਆ ਮੱਲਕੇ ਦੇ ਸਫੈਦਪੋਸ਼ ਬਾਬਾ ਸਾਮ ਸਿੰਘ ਤੋਂ ਲਈ ਸੀ ਜਿਸ ਨੇ ਸੰਮਾ ਸਿੰਘ ਨੂੰ ਕਿਹਾ ਕਿ ਬੀਬੀ ਪੜ੍ਹਨ ਵਾਲੀ ਹੈ, ਇਸ ਨੂੰ ਦਸਵੀਂ ਤਕ ਜ਼ਰੂਰ ਪੜ੍ਹਾਓ। ਤਿੰਨ ਕੁੜੀਆਂ ਦੇ ਮਾਪੇ ਮਸਾਂ ਮੰਨੇ। ਉਨ੍ਹੀਂ ਦਿਨੀਂ ਪਿੰਡਾਂ ਦੇ ਅਣਪੜ੍ਹ ਮਾਪੇ ਆਪਣੀਆਂ ਕੁੜੀਆਂ ਨੂੰ ਇਸ ਕਰਕੇ ਵੀ ਨਹੀਂ ਸਨ ਪੜ੍ਹਾਉਂਦੇ ਕਿ ਪੜ੍ਹ ਲਿਖ ਕੇ ਮੁੰਡਿਆਂ ਨੂੰ ਚਿੱਠੀਆਂ ਨਾ ਲਿਖਣ ਲੱਗ ਪੈਣ! ਪਰ ਬੀਬੀ ਰਾਮ ਕੌਰ ਨੂੰ ਦੋ ਹੋਰ ਕੁੜੀਆਂ ਨਾਲ ਕੈਰੋਂ ਦੀ ਪਾਠਸ਼ਾਲਾ ਵਿਚ ਪੜ੍ਹਨੇ ਪਾ ਦਿੱਤਾ ਗਿਆ ਜਿਸ ਨਾਲ ਉਹਦਾ ਰਿਸ਼ਤਾ ਮਾਝੇ ਦੇ ਪੜ੍ਹੇ ਲਿਖੇ ਪਰਿਵਾਰ ਵਿਚ ਹੋ ਗਿਆ। ਪਰਤਾਪ ਸਿੰਘ ਦਾ ਪਿਤਾ ਨਿਹਾਲ ਸਿੰਘ ਉੱਘਾ ਸਮਾਜ ਸੇਵੀ ਸੀ ਜਿਸ ਨੇ ਆਪਣੇ ਪਿੰਡ ਕੈਰੋਂ ਵਿਚ ਕੁੜੀਆਂ ਦੀ ਪੜ੍ਹਾਈ ਲਈ ਪਾਠਸ਼ਾਲਾ ਖੋਲ੍ਹ ਰੱਖੀ ਸੀ। ਉਥੇ ਦੂਰ ਦੂਰ ਤੋਂ ਕੁੜੀਆਂ ਪੜ੍ਹਨ ਆਉਂਦੀਆਂ ਜੋ ਹੋਸਟਲ ਵਿਚ ਰਹਿੰਦੀਆਂ।

ਸਰਦਾਰਨੀ ਰਾਮ ਕੌਰ ਦੀ ਕੁੱਖੋਂ ਦੋ ਪੁੱਤਰਾਂ ਤੇ ਇਕ ਧੀ ਨੇ ਜਨਮ ਲਿਆ। ਬਾਅਦ ਵਿਚ ਪਰਤਾਪ ਸਿੰਘ ਕੈਰੋਂ ਦੀ ਭਤੀਜੀ ਗੁਰਵਿੰਦਰ ਕੌਰ ਪਿੰਡ ਸਰਾਏ ਨਾਗਾ ਦੇ ਕਾਕੇ ਹਰਚਰਨ ਸਿੰਘ ਬਰਾੜ ਨਾਲ ਵਿਆਹੀ ਗਈ ਅਤੇ ਪੋਤਾ ਆਦੇਸ਼ ਪਰਤਾਪ ਸਿੰਘ, ਪ੍ਰਕਾਸ਼ ਸਿੰਘ ਬਾਦਲ ਦੀ ਬੀਬੀ ਪਰਨੀਤ ਕੌਰ ਨਾਲ ਵਿਆਹਿਆ ਗਿਆ। ਮੱਲਕੇ ਤੇ ਸਰਾਏ ਨਾਗਾ ਵਾਲੇ ਬਰਾੜ ਹਨ ਜਦ ਕਿ ਕੈਰੋਂ ਤੇ ਬਾਦਲ ਹੋਰੀਂ ਢਿੱਲੋਂ ਹਨ।

ਮੱਲਕੇ ਦੇ ਬਜ਼ੁਰਗ ਨਿੱਕੇ-ਨਿੱਕੇ ਨਿੱਜੀ ਕੰਮਾਂ ਲਈ ਕੈਰੋਂ ਕੋਲ ਜਾਂਦੇ ਰਹਿੰਦੇ ਸਨ। ਇਕ ਦਿਨ ਕੈਰੋਂ ਨੇ ਕਿਹਾ, "ਮੈਂ ਤੁਹਾਡਾ ਜੁਆਈ ਭਾਈ ਆਂ। ਮੈਥੋਂ ਨਿੱਕੀਆਂ ਸਿਫ਼ਾਰਸ਼ਾਂ ਦੀ ਥਾਂ ਕੋਈ ਚੱਜ ਦਾ ਵੱਡਾ ਕੰਮ ਕਰਾਓ ਜੀਹਦਾ ਇਲਾਕੇ ਨੂੰ ਫਾਇਦਾ ਹੋਵੇ। ਫਿਰ ਆਪ ਹੀ ਉਸ ਨੇ ਸਹੁਰੇ ਪਿੰਡਾਂ ਨੂੰ ਪੌਲੀਟੈਕਨਿਕ ਕਾਲਜ ਦੇ ਦਿੱਤਾ ਜੋ ਇਲਾਕੇ ਨੂੰ ਬੜਾ ਰਾਸ ਆਇਆ। ਪਰ ਮੱਖਣ ਬਰਾੜ ਉਹਦੇ ਵਿਚ ਨਹੀਂ ਪੜ੍ਹਿਆ। ਉਸ ਨੇ ਦਸਵੀਂ ਪਾਸ ਕਰ ਕੇ ਮਾਰਕਫੈੱਡ ਵਿਚ ਨੌਕਰੀ ਕਰ ਲਈ। ਫਿਰ ਚੌਦਾਂ ਸਾਲ ਦੀ ਨੌਕਰੀ ਵਿਚਾਲੇ ਛੱਡ ਕੇ 1981 ਵਿਚ ਕੈਨੇਡਾ ਦੀ ਉਡਾਰੀ ਮਾਰ ਲਈ। ਪਹਿਲਾਂ ਵੀਡੀਓ ਸਟੋਰ ਖੋਲ੍ਹਿਆ ਤੇ ਪਿਛੋਂ ਟੈਂਟ ਹਾਊਸ। ਦੋਵੇਂ ਪੁੱਤਰ ਕੰਮ ਧੰਦਿਆਂ 'ਤੇ ਲੱਗੇ ਤਾਂ ਬਰੈਂਪਟਨ ਛੱਡ ਕੇ ਨਿਆਗਰਾ ਚਲਾ ਗਿਆ ਜਿਥੇ ਹੁਣ ਨਿਆਗਰਾ ਫਾਲਜ਼ ਦੇ ਨਜ਼ਾਰੇ ਲੈ ਰਿਹੈ।

**ਗੁਰਦਾਸ ਮਾਨ ਨੇ ਲਿਖਿਆ:** ਪੰਜਾਬੀ ਸਭਿਆਚਾਰ ਨੂੰ ਆਪਣੀ ਕਲਮ ਰਾਹੀਂ ਲਿਖ ਕੇ ਤੇ ਸਟੇਜਾਂ ਉਪਰ ਬੋਲ ਕੇ ਬਿਆਨ ਕਰਨ ਵਾਲੇ ਦਾ ਨਾਂ ਹੈ ਮੱਖਣ ਬਰਾੜ। ਪੰਜਾਬੀਆਂ ਦਾ ਉਹ ਹਰਮਨ ਪਿਆਰਾ ਸ਼ਾਇਰ ਹੈ। ਮਾਲਵੇ ਦੀ ਸਿੱਧੀ ਪੱਧਰੀ ਬੋਲੀ ਨੂੰ ਬੜੇ ਵਧੀਆ ਅਲੰਕਾਰਾਂ ਵਿਚ ਜੜ ਕੇ ਲਿਖਣਾ ਉਸ ਨੂੰ ਆਉਂਦਾ ਹੈ। ਮੱਖਣ ਬਰਾੜ ਦਾ ਲਿਖਿਆ 'ਆਪਣਾ ਪੰਜਾਬ ਹੋਵੇ' ਲੋਕ ਗੀਤ ਬਣ ਗਿਆ, ਜਿਸ ਨੂੰ ਸੁਣਨ ਦੀ ਫਰਮਾਇਸ਼ ਮੈਨੂੰ ਹਰ ਪ੍ਰੋਗਰਾਮ 'ਤੇ, ਕੈਨੇਡਾ ਹੋਵੇ ਜਾਂ ਪੰਜਾਬ, ਅਮਰੀਕਾ ਹੋਵੇ ਜਾਂ ਇੰਗਲੈਂਡ ਹਰ ਜਗ੍ਹਾ ਆਉਂਦੀ ਰਹਿੰਦੀ ਹੈ। ਮੱਖਣ ਬਰਾੜ ਨਾਲ ਮਿਲਣ ਬੈਠਣ ਦਾ ਮੌਕਾ ਇਥੇ ਪੰਜਾਬ ਵਿਚ ਵੀ ਤੇ ਕੈਨੇਡਾ ਵਿਚ ਵੀ ਮਿਲਦਾ ਰਹਿੰਦਾ ਹੈ। ਇਕ ਸ਼ਾਇਰ ਹੋਣ ਦੇ ਨਾਲ ਉਹ ਹਸਮੁੱਖ ਤੇ ਹਾਜ਼ਰ ਜੁਆਬ ਇਨਸਾਨ ਹਨ। ਆਸ ਕਰਦਾ ਹਾਂ ਕਿ ਮੱਖਣ ਬਰਾੜ ਪੰਜਾਬੀ ਮਾਂ ਬੋਲੀ ਦਾ ਸਿਰ ਨੀਵਾਂ ਨਹੀਂ ਹੋਣ ਦੇਵੇਗਾ। ਆਮੀਨ!

**ਹੰਸ ਰਾਜ ਹੰਸ ਨੇ ਲਿਖਿਆ:** ਮੈਨੂੰ ਵੀ ਮੱਖਣ ਬਰਾੜ ਦਾ ਲਿਖਿਆ ਗੀਤ ਗਾਉਣ ਦਾ ਮੌਕਾ ਮਿਲਿਆ ਜੋ ਮੇਰੇ ਗਾਏ ਗੀਤਾਂ ਦੀ ਮੂਹਰਲੀ ਕਤਾਰ ਵਿਚ ਆਉਂਦਾ ਹੈ: 'ਇਕ ਵਾਰੀ ਦੇਖਣਾ ਚਾਹੁੰਦਾ ਹਾਂ ਤੇਰਾ ਕਿਹੋ ਜਿਹਾ ਪੰਜਾਬ ਬਿੱਲੋ'। ਉਹਦੇ ਗੀਤਾਂ ਵਿਚ ਪਿੰਡਾਂ ਦੀ ਮਿੱਟੀ ਦੀ ਮਹਿਕ ਅਤੇ ਅੰਤਾਂ ਦਾ ਮੋਹ ਛੁਪਿਆ ਹੁੰਦਾ ਹੈ ਜੋ ਸੁਣਨ ਵਾਲਿਆਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਉਸ ਦੇ ਲਿਖੇ ਬੋਲ ਕਦੇ ਪੁਰਾਣੇ ਨਹੀਂ ਹੁੰਦੇ। ਰੱਬ ਕਰੇ ਸਾਡਾ ਵੀਰ ਮੱਖਣ ਬਰਾੜ ਹੋਰ ਬੁਲੰਦੀਆਂ ਛੂਹੇ। ਖੇਡਾਂ ਬਾਰੇ ਲਿਖੇ ਉਹਦੇ ਗੀਤਾਂ ਦੀਆਂ ਕੁਝ ਹੋਰ ਵੰਨਗੀਆਂ:

**ਕੌਡੀ ਖੇਡੀ ਤੇ ਖੇਡਦੇ ਬੜੇ ਦੇਖੇ,**
**ਖੇਡ ਦੇਖੀ ਨੀ ਕਦੇ ਹਰਜੀਤ ਵਰਗੀ**
**ਮੱਖਣ ਬਰਾੜਾ ਉਹ ਮਰੇ ਨੀ ਅਮਰ ਹੋਗੇ**
**ਮੌਤ ਮਾਰਦੀ ਉਨ੍ਹਾਂ ਨੂੰ ਆਪ ਮਰਗੀ...**
**ਗਲਤੀ ਕਰਦਾ ਨਹੀਂ ਰੈਫਰੀ ਜਾਣ ਬੁੱਝ ਕੇ,**
**ਜੇਕਰ ਹੋਜੇ ਤਾਂ ਓਸ ਨੂੰ ਪੂਰ ਦਿੰਦਾ**
**ਥੱਪੜ ਮਾਰਦਾ ਧੌਲ ਦੀ ਥਾਂ ਜਿਹੜਾ,**
**ਸਿਆਣਾ ਰੈਫਰੀ ਓਸ ਨੂੰ ਘੂਰ ਦਿੰਦਾ**
**ਜਿਹੜੇ ਜਾਫੀ ਨੇ ਮਾਂ ਦਾ ਦੁੱਧ ਪੀਤਾ,**
**ਕੈਂਚੀ ਮਾਰ ਕੇ ਰੇਡਰ ਨੂੰ ਨੂੜ ਦਿੰਦਾ...**

**ਚੋਟੀ ਦਾ ਤੂੰ ਜਾਫੀ ਮਿੱਤਰਾ,**
**ਪਰ ਅਸੀਂ ਲੱਤ ਨੀ ਕਿਸੇ ਨੂੰ ਫੜਨ ਦੇਣੀ**
**ਛਾਤੀ ਜੱਟ ਦੀ ਵਿਚ ਤੂੰ ਵੱਜ ਸਿੱਧਾ,**
**ਧੌਲ ਕੰਨ ਦੇ ਉਤੇ ਨੀ ਜੜਨ ਦੇਣੀ...**

**ਚੱਲਿਆ ਰੇਡਰ ਰੇਡ ਪਾਉਣ ਲਈ,**
**ਮਾਰ ਦਿੱਤੀ ਹੈ ਥਾਪੀ**
**ਧੌਲਾਂ ਧੱਫੇ ਝੱਲਣੇ ਪੈਣੇ,**
**ਹੁਣ ਨੀ ਮਿਲਣੀ ਮਾਫੀ...**

**ਮੈਨੂੰ ਖੁਸ਼ੀ ਹੈ ਮੇਰੇ ਹੀ ਸਿਅਰ ਪੜ੍ਹ ਕੇ,**
**ਤੋਰੀ ਫੁਲਕਾ ਕਈ ਆਪਣਾ ਤੋਰ ਲੈਂਦੇ**
**ਕੁਮੈਂਟਰੀ ਕਰਦੇ ਕਬੱਡੀ ਦੀ ਕਈ ਬੇਲੀ,**
**ਲਾਈਨਾਂ ਮੇਰੀਆਂ ਤੋੜ-ਮਰੋੜ ਲੈਂਦੇ...**

**ਨਸ਼ਾ ਕਰ ਕੇ ਜੋ ਖੇਡਦੇ ਖੇਡ ਕੌਡੀ,**
**ਉਨ੍ਹਾਂ ਵੀਰਾਂ ਨੂੰ ਮੇਰੀ ਹੈ ਅਰਜ ਲੋਕੋ**
**ਥੋੜ੍ਹਾ ਟੈਮ ਈ ਨਸ਼ਾ ਹੈ ਕੰਮ ਕਰਦਾ,**
**ਬਣੇ ਜਿੰਦਗੀ ਭਰ ਲਈ ਮਰਜ ਲੋਕੋ**
**ਨਸ਼ੇ ਵਾਲੇ ਨੂੰ ਲੋਕ ਦੁਰਕਾਰਦੇ ਨੇ,**
**ਨਾਲੇ ਸਿਹਤ ਦਾ ਹੁੰਦਾ ਹੈ ਹਰਜ ਲੋਕੋ**
**ਗੁੱਸਾ ਕਰੋ ਨਾ ਸੁਧਰਜੋ ਵੀਰ ਮੇਰੇ,**
**ਮੱਖਣ ਬਰਾੜ ਦਾ ਕਹਿਣਾ ਫਰਜ ਲੋਕੋ...**

**ਵਾਰੇ ਜਾਵਾਂ ਮੈਂ ਉਨ੍ਹਾਂ ਪ੍ਰਮੋਟਰਾਂ ਦੇ,**
**ਖੇਡ ਕਬੱਡੀ ਨੂੰ ਜਿਹੜੇ ਪਿਆਰ ਕਰਦੇ**
**ਜਿਊਂਦੀ ਰੱਖਣ ਨੂੰ ਤੈਨੂੰ ਕਬੱਡੀਏ ਨੀ,**
**ਖਰਚਾ ਤੇਰੇ 'ਤੇ ਲੱਖ ਹਜ਼ਾਰ ਕਰਦੇ**
**ਸਰਵਣ ਸਿੰਘ ਤੇ ਮੱਖਣ ਸਿੰਘ ਜੇਹੇ,**
**ਨਾਲੇ ਸੱਦੇ ਐ ਮੱਖਣ ਬਰਾੜ ਵਰਗੇ...**

## ਬੋਨਸ ਦੇ ਗੱਫਿਆਂ ਵਾਲੀ ਰਕਮ ਵਾਪਿਸ ਲੈਣ ਲਈ ਦਬਾਓ ਪੈਣ ਲੱਗਾ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਏਅਰ ਕੈਨੇਡਾ ਵੱਲੋਂ ਫੈਡਰਲ ਸਰਕਾਰ ਕੋਲੋਂ ਦਬਾਅ ਪਾ ਕੇ ਹਾਸਲ ਕੀਤੀ ਫੈਡਰਲ ਫੰਡਿੰਗ ਨੂੰ ਬੋਨਸ ਦੇ ਗਫਿਆਂ ਵਿੱਚ ਵੰਡਣ ਮਗਰੋਂ ਹੁਣ ਇੱਕ ਹੋਰ ਸੰਸਥਾ ਵੱਲੋਂ ਅਜਿਹਾ ਹੀ ਕੀਤੇ ਜਾਣ ਦੀ ਖ਼ਬਰ ਆਈ ਹੈ। ਇੱਕ ਪ੍ਰਾਇਵੇਟ ਨੌਨ ਪ੍ਰੌਫਿਟ ਸੰਸਥਾ ਨੈਵ-ਕੈਨੇਡਾ ਨੇ 70 ਲੱਖ ਡਾਲਰ ਦੀ ਰਕਮ ਫੈਡਰਲ ਸਰਕਾਰ ਕੋਲੋਂ ਵਸੂਲ ਕਰਨ ਮਗਰੋਂ ਬੋਨਸ ਵਿੱਚ ਵੰਡ ਦਿੱਤੀ ਤੇ ਹੁਣ ਐਮਪੀ'ਜ਼ ਨੇ ਮੰਗ ਕੀਤੀ ਹੈ ਕਿ ਇਹ ਰਕਮ ਵਾਪਸ ਖ਼ਜ਼ਾਨੇ ਵਿੱਚ ਜਮ੍ਹਾ ਕਰਵਾਈ ਜਾਵੇ। ਕੋਰੋਨਾ ਵਾਇਰਸ ਮਹਾਮਾਰੀ ਦੌਰਾਨ ਇਸ ਸੰਸਥਾ ਨੇ ਕਈ ਲੇਅ-ਔਫ਼ ਨੋਟਿਸਿਜ਼ ਜਾਰੀ ਕੀਤੇ ਸਨ ਤੇ ਸਰਕਾਰ ਤੋਂ ਐਮਰਜੰਸੀ ਫੰਡਿੰਗ ਵੀ ਹਾਸਲ ਕੀਤੀ ਸੀ। ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਹੁਣ ਮੰਗ ਕੀਤੀ ਹੈ ਕਿ ਏਅਰ ਕੈਨੇਡਾ ਵਾਂਗ ਲਏ ਗਏ ਫੈਸਲੇ ਅਨੁਸਾਰ ਹੀ ਇਹ ਸੰਸਥਾ ਕੰਮ ਕਰੇ। ਏਅਰ ਕੈਨੇਡਾ ਨੇ ਆਪਣੇ ਅਧਿਕਾਰੀਆਂ ਨੂੰ ਬੋਨਸ ਵਿੱਚ ਵੰਡੇ ਗੱਫੇ ਵਾਪਸ ਲੈ ਲਏ ਹਨ। ਨੈਵ ਕੈਨੇਡਾ ਦੇਸ਼ ਦੇ ਏਅਰ ਟ੍ਰੈਫਿਕ ਕੰਟਰੋਲ ਸਿਸਟਮ ਦੀ ਮਾਲਕ ਹੈ। ਏਅਰ ਕੈਨੇਡਾ ਨੇ 10 ਮਿਲੀਅਨ ਡਾਲਰ ਬੋਨਸ ਵਜੋਂ ਦਿੱਤੇ ਸਨ ਤੇ ਨੈਵ ਕੈਨੇਡਾ ਨੇ 7 ਮਿਲੀਅਨ ਡਾਲਰ ਦੇ ਬੋਨਸ ਵੰਡੇ ਹਨ। ਹੁਣ ਦਬਾਅ ਪੇਣ ਲੱਗਿਆ ਹੈ ਕਿ ਇਹ ਰਕਮ ਵਾਪਸ ਕੀਤੀ ਜਾਵੇ।

## ਮੇਅਰ ਹਾਲੇ ਬਣਿਆ ਈ ਨਹੀਂ ਪਰ 13 ਲੱਖ ਦੇ ਹਰਜਾਨੇ ਦਾ ਕੇਸ ਪਹਿਲਾਂ ਹੀ ਅੱਗੇ ਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਮੇਅਰ ਦੇ ਅਹੁਦੇ ਵਾਸਤੇ ਚੋਣ ਲੜਣ ਦੀ ਤਿਆਰੀ ਕਰ ਰਹੇ ਕੈਵਿਨ ਜੇ ਜੌਨਸਟਨ ਦੇ ਖ਼ਿਲਾਫ਼ ਐਲਬਰਟਾ ਹੈਲਥ ਸਰਵਿਸਿਜ਼ ਨੇ 13 ਲੱਖ ਡਾਲਰ ਦੇ ਹਰਜਾਨੇ ਦਾ ਮੁਕੱਦਮਾ ਕਰ ਦਿੱਤਾ ਹੈ। ਐਲਬਰਟਾ ਹੈਲਥ ਕੇਅਰ ਵਰਕਰਾਂ ਨੂੰ ਧਮਕਾਉਣ, ਸਿਹਤ ਪਾਬੰਦੀਆਂ ਦਾ ਬਾਰ ਬਾਰ ਉਲੰਘਣ ਕਰਨ ਬਦਲੇ ਕਈ ਪਾਬੰਦੀਆਂ ਦਾ ਸਾਹਮਣਾ ਕਰ ਰਹੇ ਕੈਵਿਨ ਜੌਨਸਟਨ ਨੂੰ ਦੋ ਬਾਰ ਗ਼ਿਰਫ਼ਤਾਰ ਵੀ ਕੀਤਾ ਗਿਆ ਹੈ। ਹੁਣ ਏ.ਐਚ.ਐਸ. ਨੇ ਉਸ ਦੇ ਖਿਲਾਫ਼ ਹਰਜਾਨੇ ਦਾ ਮੁਕਦਮਾ ਕਰ ਦਿੱਤਾ ਗਿਆ ਹੈ। ਮੁਕੱਦਮੇ ਵਿੱਚ ਕਿਹਾ ਗਿਆ ਹੈ ਕਿ ਉਹ ਏ.ਐਚ.ਐਸ. ਕਰਮਚਾਰੀਆਂ ਨੂੰ ਧਮਕਾਉਂਦਾ ਰਿਹਹ ਹੈ ਤੇ ਉਸ ਨੇ ਇੱਕ ਵੀਡੀ? ਜਾਰੀ ਕਰਕੇ ਕਿਹਾ ਸੀ ਕਿ ਜੇ ਉਹ ਮੇਅਰ ਚੁਣਿਆ ਗਿਆ ਤਾਂ ਸਿਹਤ ਕਰਮਚਾਰੀਆਂ ਨੂੰ ਹੱਥਕੜੀਆਂ ਲਗਾਵੇਗਾ। ਮੁਕੱਦਮੇ ਵਿੱਚ ਲਗਾਏ ਗਏ ਦੋਸ਼ ਹਾਲੇ ਸਾਬਤ ਨਹੀਂ ਹੋਏ ਹਨ।
















## ‘ਟਰੱਕ 2021’

# ਪੰਜਾਬੀ ਸੰਗੀਤ ਜਗਤ ਲਈ ਸ਼ੁਭ ਸ਼ਗਨ



ਕਾਲਾ ਸਿੰਘ ਸੈਣੀ,
ਮੋਬਾ:98767-20402

ਅੱਜ ਪੰਜਾਬੀ ਗੀਤਾਂ ਦਾ ਮਿਆਰ ਏਨਾ ਡਿੱਗ ਪਿਆ ਹੈ ਕਿ ਇਨ੍ਹਾਂ ਨੇ ਸੱਚੇ-ਸੁੱਚੇ ਰਿਸ਼ਤਿਆਂ ਦਾ ਘਾਣ ਕਰਕੇ ਰੱਖ ਦਿੱਤਾ ਹੈ। ਨਿੱਤ ਦਿਨ ਨਵੇਂ -ਨਵੇਂ ਵਿਸ਼ਿਆ ਵਾਲੇ ਗੀਤਾਂ ਨੂੰ ਲੋਕ ਮਨ੍ਹਾਂ ਅੰਦਰ ਵਸਾਉਣ ਲਈ ਕਈ ਤਰ੍ਹਾਂ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਜਾਂਦੀਆਂ ਹਨ। ਪਰ ਜਦੋਂ ਪੰਜਾਬੀ ਸਰੋਤਿਆਂ ਨੂੰ ਆਪਣੇ ਚਹੇਤੇ ਗਾਇਕ ਕਲਾਕਾਰ ਦੀ ਬੁਲੰਦ ਆਵਾਜ਼ ਵਿਚ ਗਾਏ ਗੀਤਾਂ ਦੇ ਬੋਲ ਕੰਨਾਂ ਤੱਕ ਪੁੱਜਦੇ ਹਨ ਤਾਂ ਕੋਠਿਆਂ ਦੇ ਬਨੇਰੇ ਭਰ ਜਾਂਦੇ ਹਨ। ਫਿਰ ਵਧਿਆ ਗੀਤ,ਸੰਗੀਤ ਰੂਹਾਂ ਨੂੰ ਰੁਸ਼ਨਾ ਦਿੰਦਾ ਹੈ,..ਸੀਨੇ ਠਰ ਜਾਂਦੇ ਨੇ। ਇਹ ਸੱਚ ਸਾਬਿਤ ਕਰੇਗਾ ਪੰਜਾਬੀਆਂ ਦੇ ਮਾਣਮੱਤੇ ਗਾਇਕ ਸੁਰਿੰਦਰ ਛਿੰਦਾ ਦੇ ਗਾਏ ਦੋਗਾਣੇ ਟਰੈਕ ‘ਟਰੱਕ 2021’ ।

ਲੋਕ ਗਾਇਕ ਸੁਰਿੰਦਰ ਛਿੰਦਾ ਦੇ ਸੰਗੀਤਕ ਸਫਰ ਬਾਰੇ ਵਿਸਥਾਰ ’ਚ ਬੜਾ ਕੁਝ ਲਿਖਿਆ ਜਾ ਸਕਦਾ ਹੈ। ਬੁਲੰਦ ਆਵਾਜ਼ ਦਾ ਨਾਮ ਹੈ ਸੁਰਿੰਦਰ ਛਿੰਦਾ। ਸੁਰਿੰਦਰ ਛਿੰਦਾ ਦਾ ਸੋਲੋ ਗੀਤ ‘ਨਵਾਂ ਲੈ ਲਿਆ ਟਰੱਕ ਤੇਰੇ ਯਾਰ ਨੇ ਨੀਂ..ਬਾਬਿਆਂ ਦੇ ਚੱਲ ਚੱਲੀਏ ’,ਨੂੰ ਮਿਲੇ ਭਰਪੂਰ ਪਿਆਰ ਦਾ ਸਦਕਾ ਗੀਤ ਅੱਜ ਵੀ ਲੋਕ ਮਨ੍ਹਾਂ ’ਚ ਤਾਜਾ ਹੈ। ਗੀਤਕਾਰੀ ਦੇ ਸਿਰਮੌਰ ਗੀਤਕਾਰ ਦੇਵ ਥਰੀਕੇ ਵਾਲਾ ਦੇ ਲਿਖੇ ਇਸੇ ਗੀਤ ਨੇ ਪੰਜਾਬੀ ਫਿਲਮ ਨੇ ਪੰਜਾਬੀ ਫਿਲਮ ‘ਜੱਟ ਪੰਜਾਬ ਦਾ’ ਰਾਹੀ ਵੀ ਸੁਨਹਿਰੀ ਪਰਦੇ ’ਤੇ ਧੁੰਮਾਂ ਪਾਇਆ। ਲੰਮੇ ਅਰਸੇ ਮਗਰੋਂ ਇਕ ਵਾਰ ਫੇਰ ਸੁਰਿੰਦਰ ਛਿੰਦਾ ਨੇ ਠੇਠ ਪੇਂਡੂ ਵਿਰਸੇ ਨੂੰ ਦਰਸਾਉਂਦੇ ਗੀਤ ‘ਟਰੱਕ 2021’ ਨੂੰ ਦੋਗਾਣਾ ਟਰੈਕ ’ਚ ਪਰੋਕੇ ਦੇ ਸਹਿ ਗਾਇਕਾ ਹਰਿੰਦਰ ਹੁੰਦਲ ਨਾਲ ਜਲਦੀ ਹੀ ਸਰੋਤਿਆਂ ਦੇ ਸਨਮੁੱਖ ਕੀਤਾ ਹੈ। ਦੋਗਾਣਾ ‘ਟਰੱਕ 2021’ ਦੋ ਗੀਤਾਕਾਰਾਂ ਦੇਵ ਥਰੀਕੇਵਾਲਾ ਅਤੇ ਭੱਟੀ ਭੜੀਵਾਲਾ ਦੀ ਕਲਮ ਦਾ ਸੁਮੇਲ ਗੀਤ ਨੂੰ ਉੱਘੇ ਸੰਗੀਤਕਾਰ ਲਾਲੀ ਧਾਲੀਵਾਲ ( ਲਾਲ ਕਮਲ ), ਨੇ ਮਨਮੋਹਕ ਸੰਗੀਤ ’ਚ ਪਰੋਇਆ ਹੈ। ਪ੍ਰੋਡਿਊਸਰ ਕਸ਼ਮੀਰ ਸਿੰਘ ਸੋਹਲ, ਕੁਲਜੀਤ ਸਿੰਘ ਖਾਲਸਾ ਅਤੇ ਸਤਰੰਗ ਐਂਟਰਟੇਨਰਜ਼ ਅਤੇ ਭੱਟੀ ਭੜੀਵਾਲਾ ਦੀ ਪੇਸ਼ਕਸ਼ ਇਸ ਗੀਤ ਦਾ ਵੀਡੀਓ ਫਿਲਮਾਂਕਣ ਬੌਬੀ ਬਾਜਵਾ ਵਲੋਂ ਤਿਆਰ ਕੀਤਾ ਗਿਆ। ਗੀਤ ਦੇ ਵੀਡੀਓ ’ਚ ਸਹਿ ਗਾਇਕਾ ਦੇ ਰੋਲ ’ਚ ਪੰਜਾਬੀ ਫਿਲਮਾਂ ਦੀ ਮਕਬੂਲ ਅਦਾਕਾਰਾ ਤੇ ਉੱਘੀ ਗਾਇਕਾ ਰਾਖੀ ਹੁੰਦਲ ਨੂੰ ਦੇਖਣਗੇ। ਵਿਸ਼ਵ ਪੱਧਰ ’ਤੇ 25 ਜੂਨ ਰਲੀਜ਼ ਹੋ ਰਹੇ ਗੀਤ ਨੂੰ ਐੱਫ.ਐੱਮ.ਰੇਡਿਓ,ਜਲੰਧਰ ਦੂਰਦਰਸ਼ਨ ਤੋਂ ਇਲਾਵਾ ਵੱਖ-ਵੱਖ ਚੈਨਲਾਂ ਰਾਹੀ ਵੀ ਦਰਸ਼ਕ ਸਰੋਤੇ ਆਨੰਦ ਮਾਨਣਗੇ। ਜੋ ਕਿ ਪੰਜਾਬੀ ਸੰਗੀਤ ਜਗਤ ਲਈ ਸ਼ੁਭ ਸ਼ਗਨ ਹੈ। ਸੁਰਿੰਦਰ ਛਿੰਦਾ ਅਤੇ ਹਰਿੰਦਰ ਹੁੰਦਲ ਦੀ ਆਵਾਜ਼ ਦਾ ਜਾਦੂ ਸਰੋਤਿਆਂ ਦੇ ਦਿਲਾਂ ਦੀਆਂ ਤਾਰਾਂ ਨੂੰ ਛੂੰਹਦਾ ਪ੍ਰਤੀਤ ਹੁੰਦਾ ਹੈ।



## ਟਰੱਕ ਚੋਰਾਂ ਨੇ ਨਾਕੇ ਉੱਪਰ ਪੁਲਿਸ ਦਾ ਅਫਸਰ ਹੀ ਦਰੜ ਦਿੱਤਾ




ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਸ਼ਨੀਵਾਰ 12 ਜੂਨ ਵਾਲੇ ਦਿਨ ਸੈਸਕੈਚੇਵਾਨ ਵਿੱਚ ਆਰ.ਸੀ.ਐਮ.ਪੀ. ਦੇ ਇੰਡੀਅਨ ਹੈਡ ਡਿਟੈਚਮੈਂਟ ਨਾਲ ਕੰਮ ਕਰਦੇ 26 ਸਾਲਾ ਅਫਸਰ, ਕੌਂਸਟੇਬਲ ਸ਼ੈਲਬੀ ਪੈਟਨ ਦੀ ਡਿਊਟੀ ਦੇ ਦੌਰਾਨ ਮੌਤ ਹੋ ਗਈ ਹੈ। ਜਿਸ ਦੇ ਸਬੰਧੀ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸ਼ਨੀਵਾਰ ਵਾਲੇ ਦਿਨ ਸਵੇਰੇ 8 ਵਜੇ ਮੈਨਿਟੋਬਾ ਤੋਂ ਇੱਕ ਟਰੱਕ ਚੋਰੀ ਕਰਕੇ ਭੱਜੇ ਦੋ ਵਿਅਕਤੀਆਂ ਵਾਰੇ ਪੁਲਿਸ ਨੂੰ ਸੂਚਿਤ ਕੀਤਾ ਗਿਆ ਸੀ। ਰੀਜਾਇਨਾ ਤੋਂ 95 ਕਿਲੋਮੀਟਰ ਦੂਰ ਪੂਰਬ ਵੱਲ ਵੋਲਜ਼ਲੀ ਟਾਊਨ ਵਿੱਚ ਕੌਂਸਟੇਬਲ ਪੈਟਨ ਨੇ ਟ੍ਰੈਫਿਕ ਸਟੌਪ ਲਗਾਇਆ ਤੇ ਚੋਰੀ ਕੀਤੇ ਇਸ ਟਰੱਕ ਨੂੰ ਰੋਕ ਲਿਆ। ਆਪਣੀ ਗੱਡੀ ਵਿਚੋਂ ਨਿਕਲ ਕੇ ਜਦੋਂ ਅਫਸਰ ਇਸ ਟਰੱਕ ਵੱਲ ਵਧਿਆ ਤਾਂ ਟਰੱਕ ਨੇ ਅਫਸਰ ਨੂੰ ਟੱਕਰ ਮਾਰ ਦਿੱਤੀ। ਟਰੱਕ ਵਿੱਚ ਇੱਕ ਔਰਤ ਸਮੇਤ 2 ਵਿਅਕਤੀ ਸਵਾਰ ਸਨ ਤੇ ਉਹ ਉਥੋਂ ਭੱਜ ਨਿੱਕਲੇ। ਦੋ ਘੰਟੇ ਬਾਦ ਉਹਨਾਂ ਨੂੰ ਕੇ-9 ਯੂਨਿਟ ਦੀ ਮੱਦਦ ਨਾਲ ਕਾਬੂ ਕਰ ਲਿਆ ਗਿਆ। ਅਫਸਰ ਸ਼ੈਲਬੀ ਪੈਟਨ ਆਰ.ਸੀ.ਐਮ.ਪੀ. ਨਾਲ ਪਿਛਲੇ 6 ਸਾਲ ਤੋਂ ਕੰਮ ਕਰਦੇ ਆ ਰਹੇ ਸਨ। ਉਹਨਾਂ ਪਰਿਵਾਰ ਦੇ ਹੋਰ ਮੈਂਬਰ ਵੀ ਆਰ.ਸੀ.ਐਮ.ਪੀ. ਨਾਲ ਕੰਮ ਕਰਦੇ ਦੱਸੇ ਗਏ ਹਨ। ਆਰ.ਸੀ.ਐਮ.ਪੀ. ਔਫਿਸਰ ਦੀ ਇਸ ਤਰ੍ਹਾਂ ਨਾਲ ਹੋਈ ਮੌਤ ਨਾਲ ਸੂਬੇ ਵਿੱਚ ਸੋਗ ਦੀ ਲਹਿਰ ਹੈ।

# ਸਿੱਖ ਕੌਮ ਵਿੱਚ ਸ਼ਹਾਦਤਾਂ ਦਾ ਦੌਰ-2



ਗੁਰਭੇਜ ਸਿੰਘ

**ਸ਼ਹੀਦ ਭਾਈ ਦਿਆਲਾ:** ਦਿੱਲੀ ਦੇ ਚਾਂਦਨੀ ਚੌਕ ਵਿਚ ਗੁਰੂ ਸਾਹਿਬ ਦੇ ਨਾਲ ਸ਼ਹਾਦਤ ਦਾ ਜਾਮ ਪੀਣ ਵਾਲੇ ਤੀਸਰੇ ਸਿੱਖ ਭਾਈ ਦਿਆਲਾ ਜੀ ਸਨ। ਭਾਈ ਦਿਆਲਾ ਜੀ ਦੇ ਪਰਿਵਾਰ ਦਾ ਸਬੰਧ ਗੁਰੂ ਘਰ ਨਾਲ ਭਾਈ ਸਾਹਿਬ ਦੇ ਪੜਦਾਦਾ ਭਾਈ ਮੂਲਾ ਜੀ ਦੇ ਸਮੇਂ ਤੋਂ ਹੀ ਤੋਂ ਜੁੜਿਆ ਹੋਇਆ ਸੀ। ਭਾਈ ਮੂਲਾ ਜੀ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਉਪਾਸ਼ਕ ਸਨ। ਭਾਈ ਦਿਆਲਾ ਜੀ ਦਾ ਸਿੱਖ ਸੰਗਤ ਵਿਚ ਵੱਡਾ ਸਤਿਕਾਰ ਸੀ। ਉਨ੍ਹਾਂ ਨੇ ਆਪਣੇ ਜੀਵਨ ਦਾ ਵੱਧ ਤੋਂ ਵੱਧ ਸਮਾਂ ਸੰਗਤਾਂ ਨੂੰ ਅਧਿਆਤਮਿਕ ਗਿਆਨ ਵੰਡਣ ਚ ਗੁਜ਼ਾਰਿਆ। ਔਰੰਗਜ਼ੇਬ ਦੇ ਹੁਕਮ ਨਾਲ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿੱਲੀ ਲਿਆਂਦਾ ਗਿਆ ਸੀ ਤਾਂ ਉਸ ਸਮੇਂ ਭਾਈ ਦਿਆਲਾ ਵੀ ਉਨ੍ਹਾਂ ਨੇ ਨਾਲ ਸਨ। ਮੁਗਲਾਂ ਨੇ ਭਾਈ ਸਾਹਿਬ ਨੂੰ ਵੀ ਗੁਰੂ ਸਾਹਿਬ ਦੇ ਸਾਹਮਣੇ ਅਸਹਿ ਤਸੀਹੇ ਦਿੱਤੇ ਪਰ ਉਹ ਸਿੱਖੀ ਸਿਦਕ ਤੋਂ ਨਹੀਂ ਡੋਲੇ ਅਤੇ ਅੰਤ ਉੱਬਲਦੀ ਦੇਗ ਵਿਚ ਬਿਠਾ ਕੇ ਉਨ੍ਹਾਂ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ।

**ਸ਼ਹੀਦ ਭਾਈ ਸਤੀ ਦਾਸ** : ਭਾਈ ਸਤੀ ਦਾਸ ਭਾਈ ਮਤੀ ਦਾਸ ਜੀ ਦੇ ਛੋਟੇ ਭਰਾ ਸਨ। ਉਹ ਉੱਚਕੋਟੀ ਦੇ ਵਿਦਵਾਨ, ਕਈ ਭਾਸ਼ਾਵਾਂ ਦੀ ਜਾਣਕਾਰੀ ਰੱਖਣ ਵਾਲੇ ਸਨ। ਇਨ੍ਹਾਂ ਨੇ ਵੀ ਗੁਰੂ ਸਾਹਿਬ ਦੇ ਨਾਲ ਹੀ ਗ੍ਰਿਫਤਾਰੀ ਦਿੱਤੀ ਸੀ। ਗੁਰੂ ਤੇਗ ਬਹਾਦਰ ਸਾਹਿਬ ਨੂੰ ਭੈਅ ਭੀਤ ਕਰਨ ਲਈ ਉਨ੍ਹਾਂ ਦੇ ਸਾਹਮਣੇ ਸਾਥੀ ਸਿੱਖਾਂ ਤੇ ਤਸ਼ੱਦਦ ਢਾਹਕੇ ਉਨ੍ਹਾਂ ਨੂੰ ਸ਼ਹੀਦ ਕਰਨ ਦਾ ਜੋ ਰਸਤਾ ਮੁਗਲਾਂ ਨੇ ਚੁਣਿਆਂ ਸੀ, ਉਸ ਵਿਚ ਭਾਈ ਸਾਹਿਬ ਨੂੰ ਸਰੀਰ ਦੇ ਦੁਆਲੇ ਰੂੰ ਬੰਨ੍ਹਕੇ ਜਿੰਦਾ ਸਾੜ ਦਿੱਤਾ ਸੀ। ਅਜਿਹੀ ਮੌਤ ਉਨ੍ਹਾਂ ਲੇ ਖਿੜੇ ਮੱਥੇ ਪ੍ਰਵਾਨ ਕੀਤੀ ਪਰ ਆਪਣੇ ਧਰਮ ਤੋਂ ਨਹੀਂ ਡੋਲੇ।

**ਸਾਹਿਬਜ਼ਾਦਾ ਅਜੀਤ ਸਿੰਘ** : ਬਾਬਾ ਅਜੀਤ ਸਿੰਘ ਸ਼੍ਰੀ ਗੁਰੂ ਗੋਬਿੰਦ ਸਾਹਿਬ ਦੇ ਸਭ ਤੋਂ ਵੱਡੇ ਸਾਬਿਜ਼ਾਦੇ ਸਨ। ਇਨ੍ਹਾਂ ਦਾ ਜਨਮ ਮਾਤਾ ਸੁੰਦਰੀ ਜੀ ਦੀ ਕੁੱਖੋਂ ਅਨੰਦਪੁਰ ਸਾਹਿਬ ਵਿਖੇ ਹੋਇਆ ਸੀ। ਆਪ ਨੇ ਬਚਪਨ ਵਿਚ ਹੀ ਤਲਵਾਰਬਾਜ਼ੀ ਅਤੇ ਹੋਰ ਰਵਾਇਤੀ ਹਥਿਆਰਾਂ ਦੀ ਸਿੱਖਿਆ ਗ੍ਰਹਿਣ ਕਰ ਲਈ ਸੀ। ਸਾਹਿਬਜ਼ਾਦਾ ਅਜੀਤ ਸਿੰਘ ਉਦੋਂ 13 ਸਾਲ ਦੇ ਹੋ ਗਏ ਸਨ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਦੀ ਧਰਤੀ ਤੇ ਸਿਰਲੱਥ ਖਾਲਸੇ ਦੀ ਸਿਰਜਨਾਂ ਕੀਤੀ ਸੀ। ਇਹ ਸਾਰਾ ਦ੍ਰਿਸ਼ ਸਾਹਿਬਜ਼ਾਦਾ ਅਜੀਤ ਸਿੰਘ ਨੇ ਆਪਣੇ ਅੱਖੀਂ ਵੇਖਿਆ ਸੀ। ਉਸਤੋਂ ਬਾਅਦ ਅਨੰਦਪੁਰ ਦੀ ਧਰਤੀ ਤੇ ਹੋਣ ਵਾਲੇ ਯੁੱਧਾਂ ਨੂੰ ਵੀ ਵੇਖਿਆ ਸੀ। ਜਿਸ ਕਰਕੇ ਬਾਬਾ ਅਜੀਤ ਸਿੰਘ ਨੇ ਉਹ ਸਾਰੇ ਦੈਵੀ ਗੁਣ ਆਪਣੇ ਵਿਚ ਗ੍ਰਹਿਣ ਕਰ ਲਏ ਸਨ। ਸਤੰਬਰ 1704 ਈਸਵੀ ਵਿਚ ਜਦੋਂ ਪਹਾੜੀ ਰਾਜਿਆਂ ਨੇ ਝੂਠੀਆਂ ਕਸਮਾਂ ਖਾ ਕੇ ਗੁਰੂ ਸਾਹਿਬ ਤੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੁਡਵਾ ਲਿਆ ਅਤੇ ਪਿੱਛੋਂ ਮੁਗਲਾਂ ਦਾ ਹਮਲਾ ਕਰਵਾ ਦਿੱਤਾ ਤਾਂ ਸਰਸਾ ਨਦੀ ਪਾਰ ਕਰਦਿਆਂ ਗੁਰੂ ਸਾਹਿਬ ਦਾ ਪਰਿਵਾਰ ਆਪਸ ਵਿਚ ਵਿੱਛੜ ਗਿਆ। ਗੁਰੂ ਸਾਹਿਬ ਦੇ ਨਾਲ ਵੱਡੇ ਸਾਬਿਜ਼ਾਦੇ ਬਾਬਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਅਤੇ ਚਾਲੀ ਸਿੰਘ ਰਹਿ ਗਏ ਅਤੇ ਉਹ ਚਮਕੌਰ ਦੀ ਗੜ੍ਹੀ ਵੱਲ ਚਲੇ ਗਏ। ਮਾਤਾ ਗੁਜ਼ਰੀ ਅਤੇ ਛੋਟੇ ਸਾਹਿਬਜ਼ਾਦੇ ਅਲੱਗ ਰਹਿ ਗਏ। ਪਿੱਛਾ ਕਰਦੀਆਂ ਆ ਰਹੀਆਂ ਮੁਗਲ ਫੌਜਾਂ ਨੇ ਗੜ੍ਹੀ ਨੂੰ ਘੇਰਾ ਪਾ ਲਿਆ ਅਤੇ ਮੁਕਾਬਲਾ ਸ਼ੁਰੂ ਹੋ ਗਿਆ। ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰੂ ਸਾਹਿਬ ਤੋਂ ਜੰਗ ਵਿਚ ਜੂਝਣ ਦੀ ਇਜ਼ਾਜਤ ਖੁਦ ਮੰਗੀ ਅਤੇ ਗੁਰੂ ਸਾਹਿਬ ਨੇ ਹਿੱਕ ਨਾਲ ਲਾਇਆ ਪਿਆਰ ਦਿੱਤਾ, ਆਪਣੇ ਹੱਥੀਂ ਯੁੱਧ ਲਈ ਤਿਆਰ ਕਰਕੇ ਪੰਜ ਸਿੰਘਾਂ ਭਾਈ ਈਸਰ ਸਿੰਘ, ਭਾਈ ਮੋਹਕਮ ਸਿੰਘ, ਭਾਈ ਦੇਵਾ ਸਿੰਘ, ਭਾਈ ਕੀਰਤੀ ਸਿੰਘ ਅਤੇ ਭਾਈ ਨੰਦ ਸਿੰਘ ਸਮੇਤ ਥਾਪੜਾ ਦੇ ਕੇ ਸਾਬਿਜ਼ਾਦੇ ਅਜੀਤ ਸਿੰਘ ਦੀ ਅਗਵਾਈ ਚ ਜੰਗ ਨੂੰ ਤੋਰ ਦਿੱਤਾ ਅਤੇ ਸਾਬਿਜ਼ਾਦੇ ਅਤੇ ਸਿੰਘਾਂ ਵਲੋਂ ਜੰਗ ਦੇ ਮੈਦਾਨ ਵਿਚ ਵਿਖਾਏ ਜਾ ਰਹੇ ਜੌਹਰ ਨੂੰ ਗੜ੍ਹੀ ਦੇ ਉੱਪਰ ਚੜ੍ਹਕੇ ਆਪਣੇ ਅੱਖੀਂ ਵੇਖਿਆ। ਆਖਿਰ ਦਸੰਬਰ 1704 ਈਸਵੀ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਬਹਾਦਰੀ ਨਾਲ ਲੜਦੇ ਲੜਦੇ ਸ਼ਹੀਦ ਹੋ ਗਏ।

**ਸਾਹਿਬਜ਼ਾਦਾ ਜੁਝਾਰ ਸਿੰਘ** : ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ 1690 ਈਸਵੀ ਨੂੰ ਅਨੰਦਪੁਰ ਸਾਹਿਬ ਵਿਖੇ ਹੋਇਆ ਸੀ। ਇੱਥੇ ਵਰਨਣਯੋਗ ਹੈ ਕਿ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਦਾ ਜਨਮ ਮਾਤਾ ਸੁੰਦਰੀ ਜੀ ਦੀ ਕੁੱਖੋਂ ਅਤੇ ਬਾਬਾ ਜੁਝਾਰ ਸਿੰਘ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਜੋਰਾਵਰ ਸਿੰਘ, ਫਤਿਹ ਸਿੰਘ ਤਿੰਨਾਂ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਹੋਇਆ ਸੀ। ਸ਼ਾਇਦ ਆਮ ਲੋਕ ਇਸ ਸਚਾਈ ਤੋਂ ਨਾਂ ਵਾਕਫ ਹੋਣ। ਦਸਵੇਂ ਪਾਤਸ਼ਾਹ ਦੇ ਸਪੂਤ ਹੋਣ ਕਾਰਨ ਬਾਬਾ ਜੁਝਾਰ ਸਿੰਘ ਵਿਚ ਵੀ ਨਿੱਡਰਤਾ,ਨਿਮਰਤਾ ਅਤੇ ਸੂਰਬੀਰਤਾ ਵਾਲੇ ਸਾਰੇ ਗੁਣ ਸਨ। ਸਾਬਿਜਾਦਾ ਜੁਝਾਰ ਸਿੰਘ ਨੇ ਜਦੋਂ ਆਪਣੇ ਵੱਡੇ ਭਰਾ ਸਾਹਿਜਾਦਾ ਅਜੀਤ ਸਿੰਘ ਨੂੰ ਰਣਤੱਤੇ ਵਿਚ ਯੁੱਧ ਲੜਦਿਆਂ ਅਤੇ ਸ਼ਹੀਦ ਹੁੰਦੇ ਵੇਖਿਆ ਤਾਂ ਉਸ ਨੇ ਵੀ ਪਿਤਾ ਦਸ਼ਮੇਸ਼ ਤੋਂ ਮੈਦਾਨ ਏ ਜੰਗ ਵਿਚ ਜਾ ਕੇ ਆਪਣੇ ਜੌਹਰ ਵਿਖਾਉਣ ਦੀ ਆਗਿਆ ਮੰਗੀ। ਗੁਰੂ ਸਾਹਿਬ ਨੇ ਬਾਬਾ ਅਜੀਤ ਸਿੰਘ ਵਾਂਗ ਹੀ ਥਾਪੜਾ ਦਿੱਤਾ, ਹਿੱਕ ਨਾਲ ਲਾਇਆ ਅਤੇ ਸ਼ਸ਼ਤਰ ਪਹਿਨਾਂਕੇ ਵੈਰੀਆਂ ਨਾਲ ਦੋ ਹੱਥ ਕਰਨ ਲਈ ਤੋਰ ਦਿੱਤਾ ਅਤੇ ਬਹਾਦਰੀ ਨਾਲ ਲੜਦੇ ਅਤੇ ਦੁਸ਼ਮਣ ਫੌਜਾਂ ਨੂੰ ਭਾਜੜਾਂ ਪਾਉਂਦੇ ਸ਼ਹੀਦ ਹੋ ਗਏ।

**ਸਾਹਿਬਜ਼ਾਦਾ ਜੋਰਾਵਰ ਸਿੰਘ, ਫਤਿਹ ਸਿੰਘ:** ਇਨ੍ਹਾਂ ਛੋਟੇ ਸਾਹਿਜ਼ਾਦਿਆਂ ਦਾ ਜਨਮ ਵੀ ਅਨੰਦਪੁਰ ਸਾਹਿਬ ਵਿਖੇ 1696 ਅਤੇ 1698 ਵਿਚ ਹੋਇਆ। ਅਨੰਦਪੁਰ ਦਾ ਕਿਲਾ ਛੱਡਣ ਤੋਂ ਬਾਅਦ ਸਰਸਾ ਨਦੀ ਨੂੰ ਪਾਰ ਕਰਨ ਸਮੇਂ ਛੋਟੇ ਸਾਹਿਜ਼ਾਦੇ ਅਤੇ ਮਾਤਾ ਗੁਜਰੀ ਜੀ ਗੁਰੂ ਸਾਹਿਬ ਤੋਂ ਵਿੱਛੜ ਗਏ। ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਵੱਲ ਚਲੇ ਗਏ ਅਤੇ ਮਾਤਾ ਗੁਜਰੀ ਜੀ ਸਾਹਿਬਜਾਦਿਆਂ ਸਮੇਤ ਗੰਗੂ ਰਸੋਈਏ ਨਾਲ ਉਸਦੇ ਪਿੰਡ ਸਹੇੜੀ ਚਲੇ ਗਏ। ਗੰਗੂ ਨੇ ਜਦੋਂ ਮਾਤਾ ਜੀ ਦਾ ਸਮਾਨ ਅੰਦਰ ਲਿਜਾਕੇ ਰੱਖਿਆ ਤਾਂ ਵੁਸਦੀ ਨਜ਼ਰ ਮੋਹਰਾਂ ਦੀ ਥੈਲੀ ਤੇ ਪੈ ਗਈ ਤਾਂ ਉਸਦਾ ਮਨ ਲਲਚਾ ਗਿਆ। ਉਸਨੇ ਮਾਤਾ ਜੀ ਅਤੇ ਸਾਹਿਬਜਾਦਿਆਂ ਦੀ ਖਬਰ ਮੁਗਲਾਂ ਤੱਕ ਪਹੁੰਚਾਉਣ ਦਾ ਮਨ ਬਣਾ ਲਿਆ। ਗੰਗੂ ਨੇ ਨੇੜੇ ਦੇ ਪਿੰਡ ਖੇੜੀ ਦੇ ਚੌਧਰੀ ਰਾਹੀਂ ਇਹ ਖਬਰ ਮੋਰਿੰਡਾ ਦੇ ਕੋਤਵਾਲ ਤੱਕ ਪਹੁੰਚਾ ਦਿੱਤੀ। ਜਿਸ ਨੇ ਤੁਰੰਤ ਸਹੇੜੀ ਪਹੁੰਚਕੇ ਮਾਤਾ ਜੀ ਅਤੇ ਸਾਹਿਬਜਾਦਿਆਂ ਨੂੰ ਗ੍ਰਿਫਤਾਰ ਕਰਕੇ ਸਰਹੰਦ ਦੇ ਸੂਬੇ ਵਜ਼ੀਰ ਖਾਂ ਦੇ ਪੇਸ਼ ਕਰ ਦਿੱਤਾ। ਅਗਲੇ ਦਿਨ ਇਕੱਲੇ ਬੱਚਿਆਂ ਨੂੰ ਸੂਬੇ ਦੀ ਕਚਿਹਰੀ ਵਿਚ ਪੇਸ਼ ਕੀਤਾ ਗਿਆ। ਸਾਹਿਬਜਾਦਿਆਂ ਨੂੰ ਹਰ ਤਰਾਂ ਦੇ ਹੱਥਕੰਡੇ ਵਰਤ ਕੇ ਧਰਮ ਬਦਲਣ ਲਈ ਮਜ਼ਬੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਚੜ੍ਹਦੀ ਕਲਾ ਵਿਚ ਰਹੇ। ਪਹਿਲੇ ਦਿਨ ਦੀ ਪੇਸ਼ੀ ਤੋਂ ਬਾਅਦ ਉਨ੍ਹਾਂ ਨੂੰ ਮਾਤਾ ਜੀ ਕੋਲ ਭੇਜ ਦਿੱਤਾ ਗਿਆ। ਬੱਚਿਆਂ ਨੇ ਸਾਰੀ ਵਿਥਿਆ ਮਾਤਾ ਜੀ ਨੂੰ ਦੱਸੀ। ਮਾਤਾ ਜੀ ਨੇ ਹੌਸਲਾ ਦਿੱਤਾ , ਘੁੱਟਕੇ ਹਿੱਕ ਨਾਲ ਲਾਇਆ ਅਤੇ ਆਪਣੇ ਦਾਦਾ ਜੀ ਦੇ ਰਾਹ ਤੇ ਚੱਲਣ ਦੀ ਸਿੱਖਿਆ ਦਿੱਤੀ। ਅਗਲੇ ਦਿਨ ਦੀ ਪੇਸ਼ੀ ਚ ਮੁੜ ਉਹ ਹੀ ਡਰਾਉਣ ਧਮਕਾਉਣ ਤੋਂ ਲੈ ਕੇ ਲਾਲਚ ਦੇਣ ਤੱਕ ਦੀਆਂ ਗੱਲਾਂ ਹੋਈਆਂ ਪਰ ਸਾਹਿਬਜਾਦੇ ਅੱਗੋਂ ਅਜਿਹਾ ਜਵਾਬ ਦਿੰਦੇ ਕਿ ਸੂਬਾ ਅੱਗ ਬਗੂਲਾ ਹੋ ਗਿਆ ਅਤੇ ਬੱਚਿਆਂ ਨੂੰ ਨੀਹਾਂ ਵਿਚ ਚਿਣ ਕੇ ਮਾਰ ਦੇਣ ਦਾ ਹੁਕਮ ਦਿੱਤਾ। ਇਸ ਮੌਕੇ ਮਲੇਰਕਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੇ ਬੱਚਿਆਂ ਤੇ ਕੀਤੇ ਜਾ ਰਹੇ ਜ਼ੁਲਮ ਨੂੰ ਪਵਿੱਤਰ ਕੁਰਾਨ ਦੇ ਅਸੂਲਾਂ ਦੇ ਖਿਲਾਫ ਦੱਸਿਆ। ਪਰ ਸੂਬਾ ਆਪਣੇ ਵਲੋਂ ਦਿੱਤੀ ਸਜਾ ਦੇ ਅਮਲ ਤੇ ਅੜਿਆ ਰਿਹਾ। ਸੂਬੇ ਨੂੰ ਬੱਚਿਆਂ ਖਿਲਾਫ ਭੜਕਾਉਣ ਵਿਚ ਸੁੱਚਾ ਨੰਦ ਨੇ ਵੀ ਆਪਣੀ ਭੂਮਿਕਾ ਨਿਭਾਈ। ਸਾਹਿਬਜਾਦਿਆਂ ਨੇ ਧਰਮ ਨਾਂ ਛੱਡਿਆ ਅਤੇ ਮੌਤ ਕਬੂਲ ਲਈ। 26 ਦਸੰਬਰ 1704 ਈਸਵੀ ਨੂੰ ਬੱਚਿਆਂ ਨੂੰ ਨੀਹਾਂ ਵਿਚ ਚਿਣਕੇ ਸ਼ਹੀਦ ਕਰ ਦਿੱਤਾ ਗਿਆ। ਜਿਉਂ ਹੀ ਮਾਤਾ ਗੁਜਰੀ ਜੀ ਨੂੰ ਇਹ ਖਬਰ ਮਿਲੀ ਤਾਂ ਉਨ੍ਹਾਂ ਨੇ ਵੀ ਆਪਣੇ ਪ੍ਰਾਣ ਤਿਆਗ ਦਿੱਤੇ।

## ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਜੂਨ ਮਹੀਨੇ ਦੀ ਇਕੱਤਰਤਾ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਜੂਨ ਮਹੀਨੇ ਦੀ ਮਾਸਿਕ ਇਕੱਤਰਤਾ 13 ਜੂਨ 2021 ਨੂੰ ਜ਼ੂਮ ਰਾਹੀਂ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ । ਪ੍ਰਸਿੱਧ ਸਾਹਿਤਕਾਰ ਹਰਚੰਦ ਸਿੰਘ ਬੇਦੀ ਅਤੇ ਫਲਾਇੰਗ ਸਿੱਖ ਸ: ਮਿਲਖਾ ਸਿੰਘ ਦੀ ਧਰਮ ਪਤਨੀ ਨਿਰਮਲ ਮਿਲਖਾ ਸਿੰਘ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ । ਇਸ ਤੋਂ ਇਲਾਵਾ ਨਿਰਮਲ ਮਿਲਖਾ ਸਿੰਘ ਸਪੋਰਟਸ ਡਾਇਰੈਕਟਰ, ਚੰਡੀਗੜ੍ਹ ਵੀ ਰਹਿ ਚੁੱਕੇ ਸਨ । ਸ: ਹਰਚੰਦ ਸਿੰਘ ਬੇਦੀ ਇਕ ਅਜਿਹੀ ਪਿਆਰੀ ਸਤਿਕਾਰੀ ਸ਼ਖਸੀਅਤ ਸਨ ਜਿਹਨਾਂ ਨੇ ਬਿਨਾਂ ਕਿਸੇ ਪ੍ਰਦਰਸ਼ਨ ਦੇ ਸਹਿਜ ਰੂਪ ਵਿੱਚ ਲਗਾਤਾਰ ਮਿਆਰੀ, ਪ੍ਰਮਾਣਿਕ ਅਤੇ ਇਤਿਹਾਸਕ ਭੂਮਿਕਾ ਵਾਲੀ ਸਾਹਿਤ ਸਾਧਨਾ ਜਾਰੀ ਰੱਖੀ । ਉਹਨਾਂ ਦੇ ਅਚਾਨਕ ਵਿਛੋੜੇ ਨੇ ਸਾਹਿਤ ਪ੍ਰੇਮੀਆਂ ਦੇ ਮਨਾਂ ਨੂੰ ਵਲੂੰਧਰ ਕੇ ਰੱਖ ਦਿੱਤਾ ਹੈ ਆਰੰਭ ਵਿੱਚ ਮਨਜੀਤ ਬਰਾੜ ਨੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਨੂੰ ਕਾਵਿਕ ਰੂਪ ਵਿੱਚ ਵਰਨਣ ਕੀਤਾ।

ਜਗਦੇਵ ਸਿੰਘ ਸਿੱਧੂ ਹੋਰਾਂ ਆਪਣੀ ਅੱਕ ਦੇ ਸਿਰਲੇਖ ਹੇਠ ਉਚਾਰੀ ਕਵਿਤਾ ਵਿੱਚ ਜ਼ਿੰਦਗੀ ਦੇ ਇਕ ਪੜਾਅ ਦੇ ਜਜ਼ਬਾਤਾਂ ਨੂੰ ਅੱਕ ਦੀ ਹੱਡ-ਬੀਤੀ ਰਾਹੀਂ ਦਰਸਾਇਆ ਹੈ :

**ਮੈਂ ਬੰਜਰ ਦਾ ਟੁੱਕਰ ਖਾ ਕੇ**
**ਪੀ ਔੜਾਂ ਦਾ ਪਾਣੀ**
**ਚੰਦ ਸੂਰਜ ਦੇ ਚੀਰ ਹੰਢਾਵਾਂ**
**ਮੈਂ ਤਾਰਿਆਂ ਦਾ ਹਾਣੀ**
**ਜਾਂ**
**ਏਸ ਸ਼ਹਿਰ ਦੇ ਸੱਪ ਗੀਤਾਂ ਨੇ**
**ਜਿਸ ਜੋਗੀ ਨੂੰ ਡੰਗਣਾ**
**ਨਾ ਉਸ ਮੂੰਹੋਂ ਹਾਇ ਕਹਿਣੀ**
**ਨਾ ਉਸ ਪਾਣੀ ਮੰਗਣਾ**
**ਏਸ ਜ਼ਹਿਰ ਨੇ ਜ਼ਹਿਰ ਮਾਰਨੀ**
**ਕੁੰਦਨ ਕਰਨੀ ਕਾਇਆ ।**

ਇਸ ਤੋਂ ਇਲਾਵਾ ਜਗਦੇਵ ਸਿੱਧੂ ਹੋਰਾਂ ਪੰਜਾਬੀ ਨਿੱਕੀ ਕਹਾਣੀ ਦੇ ਸੁਭਾਅ, ਤਕਨੀਕ , ਕਿਸਮ ਅਤੇ ਵਿਕਾਸ ਬਾਰੇ ਸੰਖੇਪ ਜਾਣਕਾਰੀ ਦਿੱਤੀ । ਮੋਪਾਸਾ ਦੀ ਕਹਾਣੀ ‘ਮੋਤੀਆਂ ਦਾ ਹਾਰ’ ਅਤੇ ਸੁਜਾਨ ਸਿੰਘ ਦੀਆਂ ਕਹਾਣੀਆਂ ਦੀ ਤਕਨੀਕ ਤੋਂ ਲੈ ਕੇ ਕਹਾਣੀ ਦੇ ਹੁਣ ਤੱਕ

ਦੇ ਪੜਾਵਾਂ ਬਾਰੇ ਪੰਛੀ ਝਾਤ ਪਾਈ। ਉੱਘੇ ਕਹਾਣੀਕਾਰਾਂ ਦੀਆਂ ਮਿਸ਼ਾਲਾਂ ਦੇ ਕੇ ਅਜੋਕੀ ਕਹਾਣੀ ਦੇ ਮੁਹਾਂਦਰੇ , ਵਿਸ਼ਾ-ਵਸਤੂ ਅਤੇ ਨਵੇਂ ਰੁਝਾਨਾਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਉਹਨਾਂ ਨੇ ਪੰਜਾਬੀ ਕਹਾਣੀ ਨੂੰ ਹੋਰ ਉੱਨਤ ਭਾਸ਼ਾਵਾਂ ਦੀਆਂ ਕਹਾਣੀਆਂ ਦੇ ਹਾਣ ਦੀ ਕਿਹਾ। ਸੁਰਿੰਦਰ ਗੀਤ ਦੀ ਸੱਜਰੀ ਕਹਾਣੀ ‘ਤੋਹਫ਼ਾ’ ਦੀ ਮਿਸ਼ਾਲ ਦਿੰਦਿਆਂ ਉਸ ਕਹਾਣੀ ਦੇ ਮਾਪ-ਦੰਡਾਂ ਨੂੰ ਪਰਖਦਿਆਂ ਇਕ ਸਫ਼ਲ ਕਹਾਣੀ ਦੱਸਿਆ ਜੋ ਕਿ ਮਨੁੱਖਤਾ ਦੀਆਂ ਸੁੱਚੀਆਂ ਕਦਰਾਂ ਕੀਮਤਾਂ ਪ੍ਰਤੀ ਪਾਠਕ ਨੂੰ ਸੋਚਣ ਲਈ ਮਜਬੂਰ ਕਰਦੀ ਹੈ । ਇਸ ਕਹਾਣੀ ਦੇ ਆਦਿ, ਮੱਧ, ਸਿਖਰ , ਅੰਤ ਤੇ ਨਾਮਕਰਣ ਦੀ ਪ੍ਰਸੰਗਤਾ ਦੇ ਸੰਦਰਭ ਵਿੱਚ ਢੁੱਕਵੀਂ ਵਿਆਖਿਆ ਕੀਤੀ । ਸ: ਅਜਾਇਬ ਸਿੰਘ ਸੇਖੋਂ ਨੇ ਕਿਸਾਨੀ ਨਾਲ ਸੰਬੰਧਤ ਪੇਂਡੂ ਜੀਵਨ ਨੂੰ ਹੂ-ਬ-ਹੂ ਦਰਸਾਉਂਦੀ ਕਹਾਣੀ ਸਰਲ ਅਤੇ ਠੇਠ ਪੇਂਡੂ ਜ਼ੁਬਾਨ ਵਿੱਚ ਪੇਸ਼ ਕੀਤੀ ਅਤੇ ਸਰੋਤਿਆਂ ਨੇ ਭਰਵੀਂ ਪ੍ਰਸ਼ੰਸਾ ਕੀਤੀ । ਰਚਨਾਵਾਂ ਦੇ ਦੌਰ ਵਿੱਚ ਸ੍ਰੀ ਰਾਮ ਸਰੂਪ ਸੈਣੀ , ਜਸਵੀਰ ਸਿੰਘ ਸਿਹੋਤਾ, ਜਗਜੀਤ ਸਿੰਘ ਰੈਂਹਸੀ ( ਚੋਣਵੇਂ ਸ਼ਿਅਰ ) ਸ: ਮਨਮੋਹਨ ਸਿੰਘ ਬਾਠ ( ਪੰਜਾਬੀ ਲੋਕ ਗੀਤ ) ਸੁਰਿੰਦਰ ਸਿੰਘ ਢਿੱਲੋਂ ਹੋਰਾਂ( ਫ਼ਿਲਮੀ ਗੀਤ) ਸੁਣਾਇਆ । ਡਾ. ਰਾਜਵੰਤ ਕੌਰ ਮਾਨ ਨੇ ਕਿਸਾਨ ਸੰਘਰਸ਼ ਨੂੰ ਸਮਰਪਿਤ ਕਵਿਤਾ ਸੁਣਾਈ । ਉਹਨਾਂ ਨੇ ਕਿਹਾ ਕਿ ਸੱਚੀ ਸੁੱਚੀ ਕਿਰਤ ਹੀ ਅਸਲ ਭਗਤੀ ਹੈ। ਮੰਚ ਸੰਚਾਲਨ ਦੀ ਕਾਰਵਾਈ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਬਾਖ਼ੂਬੀ ਨਿਭਾਈ।

## ਰਾਈਟਰਜ ਫੋਰਮ ਕੈਲਗਰੀ ਦੇ ਮੈਂਬਰਾਂ ਨੇ ਆਨ ਲਾਈਨ ਮਹਿਫਲ ਲਾਈ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) -ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਕ ਜ਼ੂਮ ਮੀਟਿੰਗ 5 ਜੂਨ ਨੂੰ ਹੋਈ ਜਿਸ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਸਾਕਾ ਨੀਲਾ ਤਾਰਾ, ਵਾਤਾਵਰਣ ਅਤੇ ਪਿਤਾ ਦਿਵਸ ਜਿਹੇ ਵਿਸ਼ਿਆਂ ਉਪਰ ਰਚਨਾਵਾ ਦੀ ਪੇਸ਼ਕਾਰੀ ਸਮੇਤ ਵਿਚਾਰ-ਚਰਚਾ ਹੋਈ। ਡਾ. ਬਲਵਿੰਦਰ ਕੌਰ ਬਰਾੜ ਨੇ ਇਨ੍ਹਾਂ ਵਿਸ਼ਿਆਂ ਬਾਰੇ ਸੰਖੇਪ ਵਿਚ ਵਿਦਵਤਾ ਪੂਰਨ ਜਾਣਕਾਰੀ ਦਿੱਤੀ। ਜਦੋਂ ਉਨ੍ਹਾਂ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੇ ਮਨ੍ਹਾ ਕਰਨ ਦੇ ਬਾਵਜੂਦ ਭਾਈ ਮਰਦਾਨੇ ਨੇ ਖਾਣ ਉਪ੍ਰੰਤ ਕੁਛ ਫਲ ਪੱਲੇ ਬੰਨ੍ਹ ਲਏ ਤਾਂ ਕਾਰਲ ਮਾਰਕਸ ਦੇ ਪੂੰਜੀ ਇਕੱਤਰੀਕਰਨ ਦੇ ਸਿਧਾਂਤ ਨੂੰ ਨਵੀਂ ਵਿਆਖਿਆ ਮਿਲ ਗਈ। ਪਿਤਾ ਦਿਵਸ ਦੇ ਸਬੰਧ ਵਿਚ ਗੁਰਦੀਸ਼ ਕੌਰ ਗਰੇਵਾਲ ਨੇ ਮੌਲਿਕ ਕਵਿਤਾ ਦਾ ਵਧੀਆ ਉਚਾਰਨ ਕੀਤਾ। ਅਜਾਇਬ ਸਿੰਘ ਸੇਖੋਂ ਨੇ ਕਿਸਾਨ ਮੋਰਚੇ ਬਾਰੇ ਬੋਲਦਿਆਂ ਦੋ ਕਵਿਤਾਵਾਂ ਦਾ ਪਾਠ ਕੀਤਾ। ਰਾਮ ਸੈਣੀ ਨੇ ਉਰਦੂ ਗ਼ਜ਼ਲ ਅਤੇ ਮਨਮੋਹਨ ਬਾਠ ਨੇ ਸਿੱਖੀ ਦੇ ਸੰਤਾਪ ਬਾਰੇ ਬੈਂਤ ਵੱਖਰੇ ਅੰਦਾਜ਼ ਵਿਚ ਗਾ ਕੇ ਮੰਤਰ-ਮੁਗਧ ਕੀਤਾ। ਉਜਾਗਰ ਸਿੰਘ ਕੰਵਲ ( ਟੋਰਾਂਟੋ ) ਦੀ ਕਵਿਤਾ-- ਦਰ ਦਰ ਪੌਣ ਵਿਲਕਦੀ ਫਿਰਦੀ, ਜਰਨੈਲ ਤੱਗੜ ਦੁਆਰਾ ਵਾਤਾਵਰਣ ਨਾਲ ਸਬੰਧਤ ਪਾਣੀ ਦੇ ਸੰਦਰਭ ਨਾਲ ਪੇਸ਼ ਕੀਤੀ ਗ਼ਜ਼ਲ ਅਤੇ ਸ਼ਮਸ਼ੇਰ ਸੰਧੂ ਦੀਆਂ ਦੋ ਗ਼ਜ਼ਲਾਂ ਕਾਫ਼ੀ ਪ੍ਰਭਾਵ ਛੱਡ ਗਈਆਂ। ਗੁਰਚਰਨ ਕੌਰ ਥਿੰਦ ਨੇ ਵਿਚਾਰ ਅਧੀਨ ਸਾਰੇ ਵਿਸ਼ਿਆਂ ਤੇ ਆਪਣੇ ਨਿੱਜੀ ਤਜਰਬੇ ਵਜੋਂ ਪਹੁ-ਪਰਤੀ ਰਾਇ ਰੱਖੀ। ਜਗਦੀਸ਼ ਕੌਰ ਸਰੋਆ ਨੇ ਭਜਨ ਸਰਵਣ ਕਰਾਇਆ। ਡਾ. ਮਨਮੋਹਨ ਕੌਰ ਨੇ ਕੋਵਿਡ-19 ਦੇ ਪ੍ਰਕੋਪ, ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਉਪਰ ਬਹੁਮੁੱਲੇ ਵਿਚਾਰ ਰੱਖੇ ਅਤੇ ਗੁਰਬਾਣੀ ਦੇ ਹਵਾਲਿਆਂ ਨਾਲ ਪਿਤਾ ਦੇ ਅਧਿਆਤਮਕ ਸੰਕਲਪ ਨੂੰ ਉਜਾਗਰ ਕੀਤਾ। ਜਸਵੰਤ ਸਿੰਘ ਹਿੱਸੋਵਾਲ ਅਤੇ ਬਿੱਕਰ ਸਿੰਘ ਸੰਧੂ ਨੇ ਸਿਹਤ ਨਾਲ ਸਬੰਧਤ ਸਰੀਰ ਅੰਦਰਲੇ ਰੋਗ-ਨਿਰੋਧਕ ਸਿਸਟਮ ਬਾਰੇ ਵਿਗਿਆਨਕ ਤਰਕ ਨਾਲ ਜਾਣਕਾਰੀ ਸਾਂਝੀ ਕੀਤੀ। ਅਮਰਜੀਤ ਸਹੋਤਾ ( ਐਡਮੰਟਨ ) ਨੇ- ਇਕ ਕੁੜੀ ਜੀਹਦਾ ਨਾਂ ਮੁਹੱਬਤ -ਤਰੱਨੁਮ ਵਿਚ ਗਾ ਕੇ ਸ਼ਿਵ ਬਟਾਲਵੀ ਦੀ ਯਾਦ ਤਾਜ਼ਾ ਕਰਵਾ ਦਿੱਤੀ। ਗੁਰਚਰਨ ਸਿੰਘ ਹੇਅਰ ਨੇ ਆਪਣੀ ਮੌਲਿਕ ਮਿਆਰੀ ਕਵਿਤਾ ਦਾ ਗਾਇਨ ਕਰ ਕੇ ਪਰਪੱਕ ਕਵੀ ਹੋਣ ਦਾ ਸਬੂਤ ਦਿੱਤਾ। ਉਸ ਨੇ ਭਾਰਤ ਦੀ ਅਜੋਕੀ ਹਾਲਤ ਨੂੰ ਬਾ-ਖ਼ੂਬੀ ਕਾਵਿ ਬੋਲ ਪ੍ਰਦਾਨ ਕੀਤੇ-- ਖਾਈ ਜਾਣ ਖੇਤ ਨੂੰ ਭਰੋਸਾ ਕੀ ਐ ਵਾੜਾਂ ਦਾ। ਹਮੇਸ਼ਾ ਵਾਂਗ ਜਗਜੀਤ ਰਹਿਸੀ ਨੇ ਕਮਾਲ ਦੇ ਸ਼ੇਅਰ ਬਿਖੇਰ ਕੇ ਅਤੇ ਅਮਰੀਕ ਸਰੋਆ ਨੇ ਹਾਸਰਸ ਰਾਹੀਂ ਮਨੋਰੰਜਨ ਕੀਤਾ। ਸਾਹਿਤਕ ਮੀਟਿੰਗਾਂ ਦੇ ਮਹੱਤਵ ਅਤੇ ਰਚਾਵਾਂ ਬਾਰੇ ਹਾਂ-ਪੱਖੀ ਵਿਚਾਰ ਚਰਚਾ ਹੋਈ। ਜਗਦੇਵ ਸਿੱਧੂ ਨੇ ਪੰਜਾਬੀ ਅਖ਼ਬਾਰ ਵਿਚ ਕੋਵਿਡ-19 ਦੀ ਵੈਕਸੀਨ ਬਾਰੇ ਛਪੇ ਉਸ ਦੇ ਵਿਗਿਆਨਕ ਲੇਖ ਦੇ ਹਵਾਲੇ ਨਾਲ ਵੈਕਸੀਨ ਬਾਰੇ ਪਾਏ ਜਾਂਦੇ ਭਰਮ-ਭੁਲੇਖਿਆਂ ਨੂੰ ਦੂਰ ਕੀਤਾ। ਮੌਜੂਦਾ ਸੰਤਾਪ ਨੂੰ ਅਜਾਇਬ ਚਿਤ੍ਰਕਾਰ ਦੇ ਇਸ ਸ਼ੇਅਰ ਨਾਲ ਸਮੇਟਿਆ--ਇਸ ਨਗਰ ਦੇ ਕੁੱਲ ਦੀਵੇ ਗੁੱਲ ਕਰ ਕੇ ਕੀ ਪਤਾ, ਹੋਰ ਕੀ ਕਾਰੇ ਕਰੇਗੀ ਕਾਰਿਆਂ ਹੱਥੀ ਹਵਾ।

ਜਸਵੀਰ ਸਿਹੋਤਾ ਨੇ ਮੌਲਿਕ ਕਵਿਤਾ ਰਾਹੀਂ ਨਿੱਘਰ ਰਹੀਆਂ ਕਦਰਾਂ ਵੱਲ ਧਿਆਨ ਦਿਵਾਇਆ-- ਠੱਗਾਂ ਦੇ ਰੰਗ ਢੰਗ ਚਾਲੇ, ਹੁੰਦੇ ਜਾਣ ਪਰਵਾਨ ਦਿਨੋ ਦਿਨ। ਉਸ ਨੇ ਮੁਹਾਰਤੀ ਢੰਗ ਨਾਲ ਸੰਚਾਲਨ ਕਰਦਿਆਂ ਪੇਸ਼ਕਾਰੀਆਂ ਉਪਰ ਦਿਲਚਸਪ ਢੁਕਵੀਆਂ ਟਿੱਪਣੀਆਂ ਕਰ ਕੇ ਮਾਹੌਲ ਨੂੰ ਤਰੋ-ਤਾਜ਼ਾ ਬਣਾਈ ਰੱਖਿਆ। ਸ਼ਮਸ਼ੇਰ ਸੰਧੂ ਨੇ ਬਤੌਰ ਪ੍ਰਧਾਨ ਸਭ ਦਾ ਧੰਨਵਾਦ ਕੀਤਾ।

## ਈ-ਦੀਵਾਨ ਸੋਸਾਇਟੀ ਕੈਲਗਰੀ ਵੱਲੋਂ ਤੀਜੇ ਘੱਲੂਘਾਰੇ ਨੂੰ ਸਮਰਪਿਤ ਦੋ ਰੋਜ਼ਾ ਸਮਾਗਮ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਪਿਛਲੇ ਇੱਕ ਸਾਲ ਤੋਂ ਹੋਂਦ ਵਿੱਚ ਆਈ, ਈ-ਦੀਵਾਨ ਸੋਸਾਇਟੀ ਕੈਲਗਰੀ (ਕੈਨੇਡਾ) ਵਲੋਂ, ਆਪਣੇ ਸਮਾਗਮ ਦੌਰਾਨ, 5 ਅਤੇ 6 ਜੂਨ ਨੂੰ, ਤੀਜੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ, ਸਹਿਜ ਪਾਠ ਦੇ ਭੋਗ ਦੇ ਨਾਲ- ਦੋ ਰੋਜ਼ਾ ਔਨਲਾਈਨ ਇੰਟਰਨੈਸ਼ਨਲ ਕਵੀ ਦਰਬਾਰ ਵੀ ਕਰਵਾਏ ਗਏ- ਜਿਸ ਵਿੱਚ ਦੇਸ਼ ਵਿਦੇਸ਼ ਦੇ ਮਹਾਨ ਪੰਥਕ ਕਵੀਆਂ ਨੇ ਭਾਗ ਲਿਆ। ਕਰੋਨਾ ਕਾਲ ਦੌਰਾਨ, ਪਿਛਲੇ ਇੱਕ ਸਾਲ ਤੋਂ ਕੈਲਗਰੀ ਅਤੇ ਟੋਰੰਟੋ ਦੇ ਕੁਝ ਧਾਰਮਿਕ ਪਰਿਵਾਰਾਂ ਨੇ ਰਲ਼ ਕੇ, ਈ-ਦੀਵਾਨ ਸੋਸਾਇਟੀ ਬਣਾ ਕੇ, ਸਰਬੱਤ ਦੇ ਭਲੇ ਲਈ, ਜ਼ੂਮ ਰਾਹੀਂ ਸੁਖਮਨੀ ਸਾਹਿਬ ਦੇ ਪਾਠ, ਸੰਗਤੀ ਰੂਪ ਵਿੱਚ ਕਰਨੇ ਸ਼ੁਰੂ ਕੀਤੇ- ਜਿਸ ਵਿੱਚ ਅੰਤ ਤੇ ਇੱਕ ਅਸ਼ਟਪਦੀ ਦੇ ਕੁੱਝ ਬੰਦਾਂ ਦੀ ਵਿਆਖਿਆ ਵੀ ਕੀਤੀ ਜਾਂਦੀ ਹੈ। ਹਰ ਵੀਕ ਐਂਡ ਤੇ, ਵਿਦਵਾਨਾਂ ਵਲੋਂ ਕਿਸੇ ਧਾਰਮਿਕ ਵਿਸ਼ੇ ਤੇ ਵਿਚਾਰ ਸਾਂਝੇ ਕੀਤੇ ਜਾਂਦੇ ਹਨ- ਜਿਸ ਤੋਂ ਪਹਿਲਾਂ ਤੇ ਬਾਅਦ ਵਿੱਚ, ਸੰਗਤ ਵਿਚੋਂ ਹੀ ਬੱਚੇ ਕੀਰਤਨ ਦੀ ਹਾਜ਼ਰੀ ਲਗਵਾਉਂਦੇ ਹਨ। ਇਸ ਵਿੱਚ ਇੰਡੀਆ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਤੋਂ, 30 ਕੁ ਪਰਿਵਾਰ ਜੁੜ ਚੁੱਕੇ ਹਨ। ਮਾਹਿਰਾਂ ਦੇ ਵਿਚਾਰਾਂ ਤੋਂ ਬਾਅਦ, ਸੰਗਤ ਦੇ ਕੁਮੈਂਟਸ ਜਾਂ ਪ੍ਰਸ਼ਨ ਹੁੰਦੇ ਹਨ- ਅਤੇ ਫਿਰ ਇਹ ਵਿਚਾਰ ‘ਸੰਗਤੀ ਵਿਚਾਰ’ ਯੂਟਿਊਬ ਚੈਨਲ ਤੇ ਪਾ ਦਿੱਤੇ ਜਾਂਦੇ ਹਨ। ਇਸ ਸੋਸਾਇਟੀ ਵਲੋਂ ਜਿੱਥੇ ਪਿਛਲੇ ਮਹੀਨੇ, ਨੌਵੇਂ ਪਾਤਸ਼ਾਹ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਕਵੀ ਦਰਬਾਰ ਕਰਾਇਆ ਗਿਆ- ਉੱਥੇ ਇਸ ਮਹੀਨੇ ਜੂਨ ਚੁਰਾਸੀ ਦੇ ਖ਼ੂਨੀ ਸਾਕੇ ਨੂੰ ਯਾਦ ਕਰਦਿਆਂ, ਦੋ ਰੋਜ਼ਾ ਕਵੀ ਦਰਬਾਰ ਕਰਵਾ ਕੇ, ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਵਿੱਚ ਪਹਿਲੇ ਦਿਨ ਵੱਖ ਵੱਖ ਮੁਲਕਾਂ ਤੋਂ ਆਏ 6 ਕਵੀਆਂ ਨੇ ਭਾਗ ਲਿਆ। ਇਹ ਸਮਾਗਮ- ਪ੍ਰੋ. ਮਨਿੰਦਰ ਸਿੰਘ, ਇੰਦਰਜੀਤ ਸਿੰਘ ਵਾਧਵਾ, ਡਾ ਸੁਰਜੀਤ ਸਿੰਘ ਭੱਟੀ, ਡਾ. ਕਾਬਲ ਸਿੰਘ, ਡਾ. ਬਲਦੇਵ ਸਿੰਘ ਅਤੇ ਪਰਮਜੀਤ ਸਿੰਘ ਐਡਵੋਕੇਟ ਦੀ ਸਰਪ੍ਰਸਤੀ ਹੇਠ, ਸੰਗਤ ਦੇ ਸਹਿਯੋਗ ਨਾਲ ਕੀਤਾ ਗਿਆ- ਜਿਸ ਵਿੱਚ ਮੰਚ ਸੰਚਾਲਨ ਦੀ ਸੇਵਾ ਦੋਵੇਂ ਦਿਨ- ਡਾ. ਬਲਰਾਜ ਸਿੰਘ, ਗੁਰਦੀਸ਼ ਕੌਰ ਅਤੇ ਜਗਬੀਰ ਸਿੰਘ ਨੇ ਰਲ਼ ਕੇ ਨਿਭਾਈ। ਸਮਾਗਮ ਦੇ ਸ਼ੁਰੂ ਵਿੱਚ, ਜਗਬੀਰ ਸਿੰਘ ਜੀ ਨੇ ਮੰਚ ਸੰਚਾਲਨ ਕਰਦਿਆਂ, ਸੰਗਤ ਤੇ ਕਵੀਆਂ ਨੂੰ ‘ਜੀ ਆਇਆਂ’ ਕਿਹਾ। ਗੁਰਦੀਸ਼ ਕੌਰ ਨੇ ਇੰਡੀਆ ਅਤੇ ਯੂ. ਐਸ. ਏ. ਤੋਂ ਆਏ ਕਵੀਆਂ ਦੀ ਜਾਣ ਪਛਾਣ ਕਰਾਈ। ਉਪਰੰਤ ਬ੍ਰਿਜਮਿੰਦਰ ਕੌਰ (ਜੈਪੁਰ), ਇੰਜ. ਕਰਮਜੀਤ ਸਿੰਘ ਨੂਰ (ਜਲੰਧਰ), ਸਰਬਜੀਤ ਕੌਰ ਸਰਬ (ਉਤਰਾ ਖੰਡ), ਐਡਵੋਕੇਟ ਸ਼ੁਕਰਗੁਜ਼ਾਰ ਸਿੰਘ (ਜੰਡਿਆਲਾ ਗੁਰੂ), ਡਾ. ਹਰੀ ਸਿੰਘ ਜਾਚਕ (ਲੁਧਿਆਣਾ) ਅਤੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ (ਯੂ.ਐਸ.ਏ.) ਨੇ- ਆਪਣੀਆਂ ਭਾਵਪੂਰਤ ਰਚਨਾਵਾਂ, ਬੁਲੰਦ ਆਵਾਜ਼ ਵਿੱਚ ਸੁਣਾ ਕੇ- ਸਭ ਨੂੰ ਭਾਵੁਕ ਕਰ ਦਿੱਤਾ। ਅੰਤ ਤੇ ਹੋਸਟ ਗੁਰਦੀਸ਼ ਕੌਰ ਨੇ ਚੁਰਾਸੀ ਦੇ ‘ਗੁੰਮਨਾਮ ਸ਼ਹੀਦਾਂ ਦੇ ਬੱਚਿਆਂ ਦੀ ਸੰਭਾਲ’ ਤੇ ਲਿਖਿਆ ਆਪਣਾ ਗੀਤ ਸੁਣਾ ਕੇ- ਸਭ ਦਾ ਧੰਨਵਾਦ ਕੀਤਾ। ਜੈਕਾਰਿਆਂ ਦੀ ਗੂੰਜ ਨਾਲ ਕਵੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ।

6 ਜੂਨ ਦੇ ਸਮਾਗਮ ਵਿੱਚ, ਸਭ ਤੋਂ ਪਹਿਲਾਂ ਸੰਗਤ ਵਲੋਂ, ਸੰਗਤੀ ਰੂਪ ਵਿੱਚ ਕੀਤੇ ਸਹਿਜ ਪਾਠ ਦੇ ਭੋਗ ਪਾਏ ਗਏ- ਜਿਸ ਵਿੱਚ ਬੱਚਿਆਂ ਵਲੋਂ ਨੌਂਵੇਂ ਪਾਤਸ਼ਾਹ ਦੇ ਸਲੋਕਾਂ ਦਾ ਗਾਇਨ ਕੀਤਾ ਗਿਆ। ਇਸ ਦਿਨ ਕਵੀ ਦਰਬਾਰ ਦੇ ਦੂਜੇ ਭਾਗ ਦੀ ਆਰੰਭਤਾ- ਪ੍ਰੋਫੈਸਰ ਡਾ. ਸੁਰਜੀਤ ਸਿੰਘ ਭੱਟੀ ਜੀ ਨੇ, ਸ਼ਹੀਦਾਂ ਦੇ ਸਰਤਾਜ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ, ਆਪਣੀ ਇੱਕ ਰਚਨਾ ਰਾਹੀਂ ਅਕੀਦਾ ਭੇਟ ਕਰਕੇ ਕੀਤੀ। ਉਪਰੰਤ- ਗੁਰਵਿੰਦਰ ਸਿੰਘ ਸ਼ੇਰਗਿੱਲ (ਲੁਧਿਆਣਾ), ਚਾਹਕਪ੍ਰੀਤ ਕੌਰ (ਜੈਪੁਰ), ਸੁਜਾਨ ਸਿੰਘ ਸੁਜਾਨ (ਟੋਰੰਟੋ), ਅਤੇ ਕੈਲਗਰੀ ਦੇ ਸ਼ਾਇਰ- ਗੁਰਚਰਨ ਸਿੰਘ ਹੇਹਰ, ਸਰੂਪ ਸਿੰਘ ਮੰਡੇਰ, ਜਸਵੀਰ ਕੌਰ ਗਿੱਲ, ਜਸਵੀਰ ਸਿੰਘ ਸਹੋਤਾ ਤੋਂ ਇਲਾਵਾ- ਡਾ. ਬਲਦੇਵ ਸਿੰਘ (ਐਡਮੰਟਨ) ਨੇ ਵੀ, ਪਾਕਿਸਤਾਨੀ ਸ਼ਾਇਰ ਅਫਜ਼ਲ ਅਹਿਸਾਨ ਰੰਧਾਵਾ ਦੀ, ਇਸ ਦਰਦਨਾਕ ਮੰਜ਼ਰ ਤੇ ਲਿਖੀ ਰਚਨਾ, ਸੰਗਤ ਨਾਲ ਸਾਂਝੀ ਕਰਕੇ, ਸਭ ਦੀਆਂ ਅੱਖਾਂ ਨਮ ਕਰ ਦਿੱਤੀਆਂ।


ਢਾਈ ਘੰਟੇ ਚੱਲੇ ਇਸ ਸਮਾਗਮ ਦੀ ਸਮਾਪਤੀ, ਅਨੰਦ ਸਾਹਿਬ ਪੜ੍ਹ ਕੇ ਅਰਦਾਸ ਨਾਲ ਕੀਤੀ ਗਈ। ਇਸ ਸਮਾਗਮ ਵਿੱਚ- ਕੈਲਗਰੀ ਤੋਂ ਇਲਾਵਾ, ਐਡਮੰਟਨ, ਟੋਰੰਟੋ, ਸਰੀ, ਵੈਨਕੂਵਰ ਤੇ ਇੰਡੀਆ ਤੋਂ ਭਰਵੀਂ ਗਿਣਤੀ ਵਿੱਚ ਸੰਗਤ ਨੇ ਔਨਲਾਈਨ ਹਾਜ਼ਰੀ ਭਰ ਕੇ, ਸਮਾਗਮ ਦੀ ਸ਼ੋਭਾ ਵਧਾਈ। ਸੋ ਇਸ ਤਰ੍ਹਾਂ ਇਹ ਵਿਸ਼ੇਸ਼ ਸਮਾਗਮ ਸਰੋਤਿਆਂ ਦੇ ਮਨਾਂ ਤੇ ਅਮਿੱਟ ਛਾਪ ਛੱਡਦੇ ਹੋਏ ਸਮਾਪਤ ਹੋਏ।





# ਵੰਝਲੀ ਦੀ ਹੂਕ ਨਹੀਂ ਕੂਕ ਸੁਣੋ

ਪੰਜਾਬੀ ਸੰਗੀਤ ਤੇ ਸਾਹਿਤ ਨਾਲ ਲਗਾਓ ਹੋਣ ਕਰਕੇ ਥੋੜ੍ਹਾ ਜਿਹਾ ਸੰਵੇਦਨਸ਼ੀਲ ਤੇ ਭਾਵੁਕ ਹੋ ਗਿਆ ਹਾਂਸਾਰੀ ਉਮਰ ਆਪਣੀ ਨਿੱਕੀ ਜਿਹੀ ਬਿਜਲੀ ਦੇ ਸਮਾਨ ਦੀ ਦੁਕਾਨਦਾਰੀ ਕਰਕੇ ਰੋਟੀ ਖਾਧੀ ਐ, ਤੇ ਹੁਣ ਉਸੇ ਦੁਕਾਨ ਤੇ ਈਆਪਣੇ ਪੁੱਤਰ ਦੇ ਹੈਲਪਰ ਵੱਜੋਂ ਸੇਵਾ ਨਿਭਾਅ ਰਿਹਾ ਹਾਂ, ਮੇਰੀ ਉਪਜੀਵਕਤਾ ਦਾ ਸਾਧਨ ਇਹੋ ਹੀ ਸੀ, ਇਹੋ ਹੀ ਹੈ। ਪੰਜਾਬੀ ਜ਼ੁਬਾਨ ਨੇ ਮੈਨੂੰ ਉਂਗਲੀ ਫੜ ਕੇ ਬੜੀ ਦੂਰ ਤੱਕ ਘੁਮਾਇਆ ਐ, ਇਸ ਮਾਂ ਬੋਲੀ ਨੇ ਮੇਰੀ ਬੜੀ ਸੇਵਾ ਕੀਤੀ ਐ, ਥੋੜ੍ਹਾਬਹੁਤਾ ਨਾਮ ਵੀ ਇਸੇ ਬੋਲੀ ਦੀ ਦੇਣ ਐ, ਦੇਸ਼ ਵਿਦੇਸ਼ ਵੀ ਇਸੇ ਬੋਲੀ ਨੇ ਈ ਗੋਦੀ ਚੁੱਕ ਕੇ ਘੁਮਾਇਆ ਐ ਦੁਨੀਆਂ ਗਾਹ ਕੇ ਦੁਨੀਆਂਦਾਰੀ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਐ , ਤੇ ਹਮੇਸ਼ਾ ਆਪਣੀਆਂ ਜੜ੍ਹਾਂ ਨਾਲ ਜੁੜਿਆ ਰਿਹਾ ਹਾਂ ਇਸਦਾ ਕਾਰਨ ਇਹ ਵੀ ਐ ਕਿ ਮੇਰੇ ਕੋਲ ਅੰਬਰੀਂ ਉੱਡਣ ਦਾ ਸਾਧਨ ਹੈ ਵੀ ਨਹੀਂ ਰੋਜਾਨਾ ਜ਼ਿੰਦਗੀ ਦੇ ਵਰਤਾਰੇ ਚੋਂ ਬਹੁਤ ਕੁੱਝ ਮਹਿਸੂਸ ਕਰਦਾ ਹਾਂ , ਦੇਸ਼ ਦੀ ਅਜ਼ਾਦੀ ਦੇ ਚੁਹੱਤਰ ਵਰ੍ਹਿਆਂ ਬਾਅਦ ਆਹ ਜੇਠ - ਹਾੜ ਦੀ ਤਪਦੀ ਲੌਅ 'ਚ ਜਦੋਂ ਕੋਈ ਮੇਰੀ ਦੁਕਾਨ ਤੇ ਆਕੇ ਪੁੱਛਦੈ **'ਕਿ ਬਾਈ ਕੋਈ ਪੁਰਾਣਾ ਪੱਖਾ ਵਿਕਾਊ ਹੈਗਾ ਜਾਂ ਬਾਈ ਪੱਖਾ ਕਿਸ਼ਤਾਂ ਤੇ ਵੀ ਦਿੰਦੇ ਓ'** ਨਾਂਹ ਵਿੱਚ ਸਿਰ ਹਿਲਾਉਣ ਤੋਂ ਸਿਵਾਏ ਮੈਂ ਕਰ ਤਾਂ ਕੁੱਝ ਨਹੀਂ ਸਕਦਾ, ਉਂਜ ਅੰਦਰੋਂ ਕਾਲਜਾ ਜ਼ਰੂਰ ਪਾੜ ਜਾਂਦੈ, ਤੇ ਸੱਚ ਜਾਣਿਓਅੰਦਰੋਂ ਉੱਠੀ ਚੀਸ ਨੂੰ ਅੰਦਰ ਈ ਦੱਬ ਲੈਣਾਂ , ਕਿਉਂਕਿ ਮੇਰੇ ਕੋਲ ਚਾਰਾ ਈ ਕੋਈ ਨਹੀਂ ਫੇਰ ਫੋਨ ਚੁੱਕ ਕੇ ਧਿਆਨ ਬਦਲਣ ਦੀ ਕੋਸ਼ਿਸ਼ ਕਰਦੇ ਹੋਏ ਸੱਤਾ ਤੇ ਕਾਬਜ ਲੋਕਾਂ ਦਾ ਮੀਡੀਆ ਤੇ ਬਿਆਨ ਸੁਣਦਾ ਹਾਂ ਦੇਸ਼ ਦੀ ਜੀ.ਡੀ.ਪੀ. ਪਿਛਲੀ ਸਰਕਾਰ ਦੇ ਸਮੇਂ ਨਾਲ ਹੁਣ ਐਨੀ ਵੱਧ ਗਈ ਜਾਂ ਫਲਾਣਾ ਅਰਬਪਤੀ ਬੈਂਕ ਨਾਲਐਨੇ ਅਰਬਾਂ ਦਾ ਘਪਲਾ ਕਰਕੇਵਿਦੇਸ਼ ਜਾ ਵੜਿਆ×;ਜਾਂ×;ਦੇਸ਼ ਵਿੱਚ ਫਲਾਣੇ ਦੇਵਤੇ ਦੇ ਮੰਦਰ ਵਿੱਚਐਨੇ ਟਨ ਸੋਨਾ ਪਿਆ ਐਤੇ ਹਰ ਮਹੀਨੇ ਵਿੱਚ ਐਨੇ ਕਰੋੜ ਦਾ ਚੜ੍ਹਦਾ-ਚੜ੍ਹਦਾ ਹੈ ਤਾਂ ਦੰਦ ਕਰੀਚ ਕੇ ਹੱਥਾਂ ਦੀਆਂ ਉਂਗਲਾਂ ਆਪਣੇ ਆਪ ਈ ਮੱਥੇ ਦੀਆਂ ਲਕੀਰਾਂ ਨਾਲ ਜਾ ਟਕਰਾਉਂਦੀਆਂ ਨੇ

ਬੇਸ਼ੱਕ ਮੈਂ ਸਿਆਸੀ ਨਹੀਂ, ਨਾ ਹੀ ਫਿਰਕੂ ਹਾਂ , ਪਰ ਹਾਂ ਤੇ ਇਸ ਦੇਸ਼ ਹੀ ਵਾਸੀ, ਜਿਸ ਦੇਸ਼ ਨੂੰ ਆਜ਼ਾਦ ਹੋਇਆਂ ਪੌਣੀ ਸਦੀ ਬੀਤ ਗਈ ਸਾਡੇ ਇਸ ਦੇਸ਼ ਨੂੰ ਦੁਨੀਆਂ ਦਾ ਵੱਡਾ ਲੋਕਤੰਤਰ ਕਿਹਾ ਜਾਂਦਾ ਹੈਪਰ ਇਸ



ਪੌਣੀ ਸਦੀ ਵਿੱਚ ਅਸੀਂ ਕਿੰਨੀ ਤਰੱਕੀ ਕੀਤੀ ਐ, ਇਹ ਮੰਥਨ ਕਰਨਾ ਪੈਣਾ ਹੈਇਸ ਮਾਹਾਮਾਰੀ ਦੇ ਦੌਰ ਵਿੱਚ ਸਾਡੀਆਂ ਸਿਹਤ ਸਹੂਲਤਾਂ ਕਿੱਥੇ ਜੇ ਖੜਦੀਆਂ ਹਨ ? ਸੇਹਤ ਸਹੂਲਤ ਮਨੁੱਖ ਦੀ ਪਹਿਲੀ ਲੋੜ ਹੈ ਤੇ ਕਿਸੇ ਵੀ ਲੋਕਤੰਤਰ ਦੇ ਲੋਕਾਂ ਦਾ




ਮੁੱਢਲਾ ਅਧਿਕਾਰ ਜਿੰਨੀ ਦੌਲਤ ਅਸੀਂ ਇਕ ਬੁੱਤ ਤੇ ਲਾ ਰਹੇ ਹਾਂ ਉਸ ਨਾਲ ਤੇ ਕਈ ਹਸਪਤਾਲ ਬਣ ਸਕਦੇ ਸਨਪੰਜ ਪੰਜ ਛੇ-ਛੇ ਵਾਰ ਵਿਧਾਇਕ, ਮੰਤਰੀ, ਪਾਰਲੀਮੈਂਟ ਮੈਂਬਰ, ਸੂਬਿਆਂ ਦੇ ਮੁੱਖ ਮੰਤਰੀ ਰਹਿ ਚੁੱਕੇ ਲੋਕ ਜਿੰਨੀ ਪੈਨਸ਼ਨ ਵਸੂਲ ਕਰ ਰਹੇ ਹਨ ਉਨੀ ਪੈਨਸ਼ਨ ਦੀ ਰਕਮ ਨਾਲ ਤੇ ਆਕਸੀਜਨ ਆਮ ਹੋ ਸਕਦੀ ਐ ਜਿੰਨੀਆਂ ਕੁ ਵੱਡੀਆਂ ਵੱਡੀਆਂ ਕਾਰਾਂ ਵਿੰਚ ਸਰਕਾਰਾਂ ਦੇ ਮੰਤਰੀ ਸੰਤਰੀ ਘੁੰਮਦੇ ਹਨ ਉਹ ਸਧਾਰਨ ਕਾਰਾਂ ਤੇ ਵੀ ਸਫਰ ਕਰਸਕਦੇ ਹਨ ਬਚਦੇ ਪੈਸਿਆਂ ਨਾਲ ਹਰ ਰਾਜ ਕੋਲ ਲੋੜੀਂਦੀਆਂ ਐਂਬੂਲੈਂਸਾ ਮੁਹੱਈਆ ਹੋ ਸਕਦੀਆਂ ਹਨ ਜਿੰਨਾ ਕੁ ਧਨ ਧਾਰਮਿਕ ਸੰਸਥਾਵਾਂ ਕੋਲ ਇਕੱਠਾ ਹੋਇਆ ਪਿਆ ਐ , ਜਿੰਨਾ ਕੁ ਸੋਨਾ ਮੰਦਰਾਂ ਵਿੱਚ ਲੋਕਾਂ ਦੇ ਚੜ੍ਹਾਵੇ ਦਾ ਚੜ੍ਹਿਆਹੋਇਆ ਹੈ ਉਹ ਕਦੋਂ ਤੇ ਕਿਸ ਕੰਮ ਆਵੇਗਾ ਜੇਕਰ ਅੱਜ ਮੈਂ ਆਪਣੇ ਰਾਜ ਪੰਜਾਬ ਦੀ ਗੱਲ ਕਰਾਂ ਜਿੱਥੇ ਇਸ ਮਾਹਾਮਾਰੀ ਦਾ ਕਹਿਰ ਸਭ ਤੋਂ ਵੱਧ ਹੈ ਤੇ ਇੱਥੇ ਵੀ ਲੋਕਾਂ ਦੇ ਚੁਣੇਹੋਏ ਨੁਮਾਇੰਦਦਿਆ ਦਾ ਸਿਆਸੀ ਘਸਮਾਨ ਪਿਆ ਹੋਇਆ ਹੈ ਜਦੋਂ ਕਿ ਅੱਜ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦਾ ਫਰਜ਼ ਬਣਦਾ ਸੀ ਕਿ ਆਪੋ ਆਪਣੀਆਂ ਸਿਆਸੀ ਪਾਰਟੀਆਂ ਤੋਂ ਉੱਪਰ ਉੱਠਕੇ ਆਪਣੇ ਆਪਣੇ ਹਲਕੇ ਦੀ ਜਾਨ ਦੀ ਰਖਵਾਲੀ ਲਈ ਫਰੰਟ ਲਾਈਨ ਤੇ ਆਉਂਦੇ ਪਚੱਤਰ ਸਾਲਾਂ ਤੋਂ ਵੋਟਾਂ ਪੈ ਰਹੀਆਂ ਹਨ ਨਾਂ ਕੇਂਦਰ ਵਿੱਚ ਨਾ ਸੂਬਿਆਂ ਵਿੱਚ ਕਦੇ ਵੀ ਕਿਤੇ ਵੀ ਕੋਈ ਸਰਕਾਰ ਸਥਾਈ ਨਹੀਂ ਹੋਈ , ਹਮੇਸ਼ਾ ਬਦਲਦੀਆਂ ਰਹਿੰਦੀਆਂ ਹਨ ਅੱਜ ਕਾਂਗਰਸੀ, ਅਕਾਲੀ, ਆਪ ਜਾ ਹੋਰ ਸਾਰੀਆਂ ਸਿਆਸੀ ਧਿਰਾਂ ਦੇ ਚੁਣੇ ਹੋਏ ਨੁਮਾਇੰਦੇ ਸਿਆਸੀ ਰੰਜਿਸ਼ਾਂ ਨੂੰ ਭੁੱਲ ਕੇ, ਭਵਿੱਖ ਦੀ ਸਿਆਸਤ ਦੀ ਵਿਉਂਤਬੰਦੀ ਨੂੰ ਇਸ ਮਹਾਮਾਰੀ ਦੇ ਦੌਰ ਤੱਕ ਲਾਂਭੇ ਕਰਕੇ ਇਕ ਮੰਚ ਤੇ ਇਕੱਠੇ ਹੋਕੇ ਲੋਕਾਂ ਦੀ ਜਾਨ ਦੀ ਰਖਵਾਲੀ ਲਈ ਮੂਹਰੇ ਆਉਣ




# ਸਾਡੇ ਪੁਰਖੇ ਕਿੰਨੇ ਜ਼ਾਲਮ ਸਨ। ਮੈਂ ਮੁਆਫ਼ੀ ਮੰਗਨਾ ਵਾਂ

ਸੰਨ 2004 ਵਿੱਚ ਮਹਾਰਾਜਾ ਪਟਿਆਲਾ ਦੇ ਇੱਕ ਸਰਕਾਰੀ ਹਜੂਮ ਨਾਲ ਮੈਨੂੰ ਵੀ ਪਾਕਿਸਤਾਨ ਜਾਣ ਦਾ ਮੌਕਾ ਮਿਲ ਗਿਆ ਸੀ। ਓਥੇ ਵਿਸ਼ਵ ਪੰਜਾਬੀ ਕਾਨਫਰੰਸ ਹੋਣੀ ਸੀ। ਭਾਰਤ ਦੀ ਜੂਹ ਟਪਦਿਆਂ ਹੀਪਾਕਿਸਤਾਨੀ ਸਵਾਗਤੀ ਜਥੇ ਨੇ ਸਾਡੇ ਤੇ ਸੂਹੇ ਦੇਸੀ ਗੁਲਾਬ ਦੀਆਂ ਪੰਖੜੀਆਂ ਦੀ ਖ਼ੁਸ਼ਬੂਦਾਰ ਵਰਖਾ ਕੀਤੀ। ਉਸ ਵੇਲੇ ਮਾਣੀ ਫੁੱਲਾਂ ਦੀ ਮਹਿਕਹਾਲੇ ਵੀ ਚੇਤਿਆਂ ਤੇ ਦਰਜ ਹੈ। ਲਾਹੌਰ ਵਾਸੀਆਂ ਨੇ ਜਿਵੇਂ ਸਾਨੂੰ ਹੱਥਾਂ ਉਪਰ ਚੁੱਕ ਲਿਆ ਸੀ। ਲਾਹੌਰ ਸ਼ਹਿਰ ਦੀਆਂ ਬਾਜ਼ਾਰ ਵਿਚਲੀਆਂਰੌਣਕਾਂ, ਓਥੋਂ ਦੀਆਂ ਦੁਕਾਨਾਂ ਅੰਦਰ ਸਜੀਆਂ ਵਸਤਾਂ ਅਤੇ ਸਾਡੇ ਸਾਂਝੇ ਇਤਿਹਾਸ ਨੂੰ ਸਾਂਭੀ ਬੈਠੀਆਂ ਨਿੱਕੀ ਇੱਟ ਦੀਆਂ ਇਮਾਰਤਾਂ -ਜਿਨ੍ਹਾਂ 'ਤੋਂਵਕਤ ਦੇ ਮੀਂਹਾਂ ਨੇ ਘਰਾਲਾਂ ਵਗਾ ਰੱਖੀਆਂ ਸਨ- ਸਭ ਮਨ ਨੂੰ ਅਨੋਖਾ ਸਕੂਨ ਬਖ਼ਸ਼ ਰਹੀਆਂ ਸਨ। ਸਾਨੂੰ ਪਰੋਸੇ ਜਾ ਰਹੇ ਖਾਣੇ ਵਿਚਲਾ ਜ਼ਾਇਕਾਜਿਵੇਂ ਸਾਡੇ ਖ਼ੂਨ ਵਿੱਚ ਰਮਿਆ ਸਵਾਦ ਹੋਵੇ। ਅਸੀਂ ਨਨਕਾਣਾ ਸਾਹਿਬ ਜਾਣ ਦੀ ਮੰਗ ਰੱਖੀ ਤਾਂ ਸ਼ਾਹੀ ਮਹਿਮਾਨ-ਨਿਵਾਜ਼ੀ ਕਾਰਨ ਸਰਕਾਰੀ ਦੇਖ-ਰੇਖ ਹੇਠ ਇੱਕ ਬੇ-ਰੌਣਕੇ ਜਿਹੇ ਰਸਤੇ ਤੋਂ ਲੰਘਦਿਆਂ ਅਸੀਂ ਨਨਕਾਣਾ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਜਾ ਅੱਪੜੇ। ਆਲੇ ਦੁਆਲੇ ਸਾਰੀਆਂਇਮਾਰਤਾਂ ਉਪਰ ਸਾਡੇ ਚੌਹੀਂ ਪਾਸੀਂ ਹਥਿਆਰਬੰਦ ਸਿਪਾਹੀ ਤਾਇਨਾਤ ਸਨ। ਓਥੋਂ ਦੀ ਸਿੱਖ ਸੰਗਤ ਦੀ ਖਸਤਾ ਹਾਲਤ ਦੇਖ ਕੇ ਮਨ ਅੰਦਰਅਜੀਬ ਜਿਹੀ ਧੂਹ ਪੈ ਰਹੀ ਸੀ। ਗੁਰਦੁਆਰੇ ਦੇ ਇੱਕ ਪਾਸੇ ਸਰਕਾਰੀ ਸਨਮਾਨ ਨਾਲ ਛੱਤੀ ਪਦਾਰਥਾਂ ਦੀ ਨੁਮਾਇਸ਼ ਜਿਹੀ ਲਗਾ ਰੱਖੀ ਸੀ ਜਿੱਥੇਸਾਡੇ ਲਈ ਖਾਣੇ ਦਾ ਵੱਖਰਾ ਪ੍ਰਬੰਧ ਕੀਤਾ



ਹੋਇਆ ਸੀ। ਮੈਂ ਇਕੱਲੀ ਜਦ ਪਾਣੀ ਦੀ ਟੂਟੀ ਕੋਲ ਹੱਥ ਧੋਣ ਗਈ ਤਾਂ ਇੱਕ ਗ਼ਰੀਬੜਾ ਜਿਹਾ ਸਿੱਖਮੇਰੇ ਕੋਲ ਆ ਕੇ ਹੱਥ ਜੋੜ ਕੇ ਪੂਰੀ ਹਲੀਮੀ ਨਾਲ ਪੁੱਛਣ ਲੱਗਾ-'ਸਾਡੇ ਤੋਂ ਕੀ ਖੁਨਾਮੀ ਹੋ ਗਈ ਜੀ, ਤੁਸਾਂ ਨੇ ਸਾਡਾ ਤਿਆਰ ਕੀਤਾ ਲੰਗਰ ਨਹੀਂਛਕਿਆ।'ਉਸ ਦੇ ਸ਼ਬਦਾਂ ਵਿਚਲੇ ਤਰਲੇ ਨੇ ਮੈਨੂੰ ਧੁਰ ਅੰਦਰ ਤੱਕ ਹਲੂਣ ਦਿੱਤਾ। ਮੈਂ ਪੂਰੀ ਕਾਹਲੀ ਨਾਲ ਅੰਦਰ ਜਾ ਕੇ ਖਾਣੇ ਲਈ ਕੁਰਸੀਆਂ ਮੇਜ਼ਾਂ 'ਤੇਸਜੀ ਬੈਠੀ ਸੰਗਤ ਨੂੰ ਕਿਹਾ-ਆਪਾਂ ਨੇ ਸਰਕਾਰੀ ਖਾਣੇ ਦੀ ਥਾਂ ਲੰਗਰ ਹਾਲ ਵਿੱਚ ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਹੈ। ਮੇਰੇ ਨਾਲ ਦੇ ਕਈਪੰਜਾਬੀ ਓਥੋਂ ਉੱਠ ਕੇ ਪੰਗਤ ਵਿੱਚ ਲੰਗਰ ਛਕਣ ਲਈ ਜਾ ਬੈਠੇ। ਓਥੋਂ ਦੇ ਸ਼ਰਧਾਲੂ ਪੂਰੀ ਮਰਿਆਦਾ ਨਾਲ ਸਾਨੂੰ ਭੋਜਨ ਛਕਾ ਕੇ ਸਾਡੇ ਜੂਠੇਭਾਂਡਿਆਂ ਨੂੰ ਇੱਕ ਦੂਜੇ ਤੋਂ ਮੂਹਰੇ ਹੋ ਕੇ ਫੜ ਰਹੇ ਸਨ। ਮੈਂ ਉਨ੍ਹਾਂ ਲਈ ਪਟਿਆਲਾ ਤੋਂ ਕਈ ਕੜੇ ਲੈ ਕੇ ਗਈ ਸੀ। ਜਦੋਂ ਮੈਂ ਓਥੋਂ ਦੇ ਭਾਈ ਜੀ ਨੂੰਕੜੇ ਭੇਂਟ ਕਰਨ ਲੱਗੀ ਉਸ ਨੇ ਦੋਵੇਂ ਹੱਥ ਖੋਲ੍ਹ ਕੇ ਆਪਣੇ ਬੁੱਕ ਵਿੱਚ ਕੜੇ ਫੜ ਕੇ ਪਰਸ਼ਾਦ ਲੈਣ ਦੀ ਮੁਦਰਾ ਵਿੱਚ ਮੱਥੇ ਨਾਲ ਲਾਏ। ਸ਼ਰਧਾ ਅਤੇਰੂਹਾਨੀ ਪ੍ਰਸੰਨਤਾ ਦੇ ਸੁਮੇਲ ਨਾਲ ਉਸ ਦੀਆਂ ਅੱਖਾਂ ਛਲਕ ਰਹੀਆਂ ਸਨ। ਫਿਰ ਉਸ ਨੇ ਆਪਣੀ ਫਤੂਹੀ ਦੀ ਅੰਦਰਲੀ ਜੇਬ ਵਿੱਚੋਂ ਇੱਕ ਮੁੜਿਆ-ਤੁੜਿਆ ਪੰਜ ਰੁਪਏ ਦਾ ਨੋਟ ਕੱਢ ਕੇ ਮੈਨੂੰ ਫੜਾਉਂਦਿਆਂ ਕਿਹਾ--ਭੈਣ ਮੇਰੀਏ, ਇਹ ਮੇਰਾ ਤਿਲ-ਫੁੱਲ ਹਰਿਮੰਦਰ ਸਾਹਿਬ ਦੀ ਗੋਲਕ ਤੱਕ ਅੱਪੜਦਾ ਕਰ ਦੇਣਾ।ਉਹ ਰੋ ਵੀ ਰਿਹਾ ਸੀ ਤੇ ਆਪਣੇ ਸੀਨੇ ਅੰਦਰ ਦਫ਼ਨ ਸੱਧਰ ਮੇਰੇ ਤੱਕ ਪਰੋਸ ਰਿਹਾ ਸੀ ਕਿ 'ਮੈਂ ਸਾਰੀ ਉਮਰ ਉਸ ਥਾਂ ਨੂੰ ਦੇਖਣ ਲਈ ਤਰਸਦਾਰਿਹਾ ਹਾਂ, ਓਥੇ ਮੇਰੇ ਨਾਨਕੇ ਸਨ। ਮੇਰੀ ਮਾਂ ਮੁੜ ਕੇ ਆਪਣੇ ਪੇਕੇ ਨਹੀਂ ਜਾ ਸਕੀ। ਉਹ ਓਥੋਂ ਦੀਆਂ ਗੱਲਾਂ ਕਰਦੀ ਹੀ ਉਮਰ ਪੁਗਾ ਗਈ। ਮੇਰੇ ਵੱਲੋਂ ਮੁਆਫ਼ੀ ਮੰਗਕੇ ਮੱਥਾ ਟੇਕ ਦੇਣਾ, ਮੇਰਾ ਨਾਂ ਚੰਨਣ ਸਿੰਘ ਹੈ। ਸ਼ਾਇਦ ਉਸ ਦੀ ਦਰਗਾਹ ਵਿੱਚ ਕਬੂਲ ਹੋ ਜਾਏ।' ਉਸ ਦੇ ਸੀਨੇ ਪਲ ਦਾ ਉਦਰੇਵਾਂ ਮਹਿਸੂਸ ਕਰ ਕੇ ਓਥੇ ਖੜ੍ਹੇ ਸਭ ਦੀਆਂ ਅੱਖਾਂ ਸੇਜਲ ਹੋ ਗਈਆਂ। ਸਰਹੱਦਾਂ ਦੀ ਸਿਆਸਤ ਨੇ ਪਤਾ ਨਹੀਂ ਕਿੰਨੀਆਂ ਹੀ ਸੱਧਰਾਂ ਦਾ ਗਲਾ ਘੁੱਟਿਆ ਹੈ। ਇੱਕ ਦਿਨ ਦੁਪਹਿਰੇ ਮੇਰੇ ਕੋਲ ਸੁਹੇਲ ਨਾਮ ਦਾਆਦਮੀ ਆ ਕੇ ਪੁੱਛਣ ਲੱਗਾ- ਮੈਂ ਤੁਹਾਡੀ ਕੀ ਖ਼ਿਦਮਤ ਕਰ ਸਕਨਾ ਵਾਂ। ਮੈਂ ਕਿਹਾ-ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ ਵਿਖਾ ਲਿਆ।ਉਹ ਮੈਨੂੰ ਗੁਰਦੁਆਰਾ ਸਾਹਿਬ ਲਾਹ ਕੇ ਆਪ ਬਾਹਰ ਖੜ੍ਹ ਗਿਆ। ਅੰਦਰ ਜਾਣ ਦੀ ਉਸ ਨੂੰ ਮਨਾਹੀ ਸੀ। ਮੈਂ ਭਾਈ ਜੀ ਨੂੰ ਕਹਿ ਕੇ ਉਸ ਨੂੰ ਅੰਦਰਲੈ ਗਈ। ਉਸ ਨੇ ਤੱਤੀ ਤਵੀ ਵਾਲੀ ਥਾਂ ਉਪਰ ਮੱਥਾ ਟੇਕਿਆ। ਮੈਂ ਰੋਂਦਿਆਂ ਹੀ ਉਸ ਨੂੰ ਇਤਿਹਾਸ ਦੱਸਿਆ। ਉਹ ਕਹਿਣ ਲੱਗਿਆ-'ਸਾਡੇ ਪੁਰਖੇ ਕਿੰਨੇ ਜ਼ਾਲਮ ਸਨ। ਮੈਂ ਮੁਆਫ਼ੀ ਮੰਗਨਾ ਵਾਂ, ਮੈਨੂੰ ਤਾਂ ਅੱਜ ਪਤਾ ਲੱਗਾ ਜੇ।' ਫਿਰ ਅਸੀਂ ਸਾਰੇ ਬੁੱਲ੍ਹੇ ਸ਼ਾਹ ਦੇ ਸ਼ਹਿਰ ਕਸੂਰ ਗਏ। ਅੱਧੀ ਰਾਤ ਨੂੰਸਾਰਾ ਸ਼ਹਿਰ ਸਾਡੇ ਸਵਾਗਤ ਲਈ ਢੋਲ ਤੇ ਡੱਗਾ ਵਜਾ ਕੇ ਕਾਫ਼ੀਆਂ ਗਾ ਰਿਹਾ ਸੀ। ਮੇਰਾ ਇੱਕ ਵਿਦਿਆਰਥੀ ਕਹਿ ਰਿਹਾ ਸੀ ਕਿ ਐਨਾ ਸਵਾਗਤਤਾਂ ਕਦੇ ਸਹੁਰਿਆਂ ਨੇ ਨਹੀਂ ਕੀਤਾ। ਸਾਡੇ ਲਈ ਕੁਰਸੀਆਂ ਡਾਹ ਕੇ ਉਹ ਆਪ ਜ਼ਮੀਨ ਤੇ ਬੈਠੇ ਸਨ। ਅੱਜ ਜਦੋਂ ਚੇਤਾ ਆਉਂਦਾ ਹੈ ਤਾਂ ਉਨ੍ਹਾਂਸੰਦਲੀਆਂ ਯਾਦਾਂ ਨਾਲ ਵਰਤਮਾਨ ਦੀ ਧੁਆਂਖੀ ਧੁੰਦ ਛਟ ਜਾਂਦੀ ਹੈ।

**facebook** ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਮੰਮਾ-ਮੰਮਾ ਵੋ ਛੱਤ ਪਰ ਬਲੈਕ ਸਾ ਬਰਡ ਕਿਆ ਹੈ ?

ਸੁਣ ਕੇ ਕਾਂ ਦਾ ਕਾਲਜਾ ਚੀਰਿਆ ਗਿਆ, ਹਾਏ ਓਏ ਰੱਬਾ! ਇੰਨੀ ਬੇਕਦਰੀ, ਇਹਨਾਂ ਘਰਾਂ ਚ ਕਦੇ ਮੇਰੀ ਆਵਾਜ ਤੋਂ ਪ੍ਰਾਹੁਣਿਆਂ ਦੀ ਆਮਦ ਦਾ ਪਤਾ ਲੱਗਦਾ ਸੀ, ਤੇ ਹੁਣ ਆਹ ਟੁੱਕ ਜੇ ਨੇ ਮੇਰੀ ਰੜਕ ਮਾਰ ਛੱਡੀ ਆ, ਹੈਲੋ ਹਾਂ ਚੱਲ ਪਏ, ਹੈਲੋ ਮਾਹਲਾਂ ਚੌਂਕ ਆ ਗਏ, ਹੈਲੋ ਭੀਖੀ ਆ ਗੇ, ਹੈਲੋ ਕੈਂਚੀਆਂ ਆ ਗੇ, ਹੈਲੋ ਪਿੰਡ ਆਲੀ ਫਿਰਨੀ , ਹੈਲੋ ਗੇਟ ਖੋਲ ਦੇਵਾਰ ਗੇ ਖੜ੍ਹੇ ਆ, ਪਹਿਲਾਂ ਜਦੋਂ ਖੁਰਲੀ 'ਚ ਸੰਨ੍ਹੀਂ ਰਲਾਉਂਦਿਆਂ ਰਲਾਉਂਦਿਆਂ ਦੀ ਨਿਗਾ ਬਾਰ 'ਚ ਪੈਂਦੀ ਤਾਂ ਅਚਾਨਕਹੀ ਭੂਆ ਕੇਲੇ ਫਲੀਆਂ ਵਾਲਾ ਲਿਫਾਫਾ ਹੱਥ ਚ ਫੜ੍ਹੀ ਅੰਦਰ ਆ ਵੜਦੀ, ਉਹ ਖੁਸੀ ਸਬਦਾਂ 'ਚ ਕਿੱਥੇ ਬਿਆਨ ਹੁੰਦੀਆ, ਮੇਰਾ ਬਨੇਰੇ ਤੇ ਬੋਲਣਾ ਤਾਂ ਵਿੱਚੇ ਰੁਲ ਗਿਆ, ਚੂਰੀਆਂ ਕਿਹੜੀਆਂ ਕੁੱਟਣੀਆਂ,,, ਹੁਣ ਤਾਂ ਮੈਨੂੰ ਕੁੱਟਣ ਨੂੰ ਫਿਰਦੇ ਆਪਤੰਦਰ, ਸਾਡੇ ਪੁਰਖਿਆਂ ਨੇ ਤਾਂ ਤੌੜੇ 'ਚ ਰੋੜੇ ਸਿੱਟਕੇ ਪਾਣੀ ਉੱਪਰ ਕਰ ਲਿਆ ਸੀ, ਸਾਡੇ ਬੱਚੇ ਕਹਿੰਦੇ ਦਾਦਾ ਪੁਰਾਣੇ ਜਮਾਨੇ ਦਾਸੀ, ਹੁਣ ਰੋੜਿਆਂ ਦੀ ਕੀ ਲੋੜ ਹੈ ਸਟਰੱਅ ਹੈ ਨਾ, ਮੈਂ ਕਿਹਾ ਸਹੁਰਿਓ!! ਕੱਲੀ ਸਟਰੱਅ ਨੂੰ ਕੀ ਕਰੋਗੇ, ਤੌੜੇ ਚ ਪਾਣੀਦੀ ਤਾਂ ਤਿੱਪ ਨੀ, ਅੱਗੇ ਕਾਵਾਂ ਰੌਲੀ ਕਰਕੇ ਹੀ ਕੋਈ ਪਹਿਚਾਣ ਬਣੀ ਹੋਈ ਸੀ, ਪਰ ਹੁਣ ਰੌਲਾ ਪਾਉਣ ਦਾ ਹੱਕ ਵੀ ਖੋਹ ਲਿਆ ਪਤੰਦਰਾਂਨੇ, ਹੁਣ ਕਹਿੰਦੇ ਸੰਸਦ 'ਚ ਕਾਵਾਂ ਰੌਲੀ ਪਾਉਂਦੇ ਨੇ ਲੀਡਰ, ਕਹਿੰਦੇ ਸਾਥੋਂ ਵੀ ਵੱਧ ਰੌਲਾ ਪਾਉਂਦੇ ਨੇ, ਓਏ ਅਸੀਂ ਤਾਂਰੌਲਾ ਪਾ ਕੇ ਫਿਰ ਵੀ ਕਿਸੇ ਖਤਰੇ ਤੋਂ ਅਗਾਹ ਕਰਦੇ ਸੀ, ਇਹ ਤਾਂ ਪਤੰਦਰ ਰੌਲਾ ਪਾ ਕੇ ਈ ਖਤਰੇ ਚ ਪਾਉਂਦੇ ਨੇ ਜਨਤਾ ਨੂੰ, ਅੱਗੇ ਜੇਠ ਮਹੀਨੇ ਕਹਿੰਦੇ ਹੁੰਦੇ, ਅਖੇ ਕਾਂ ਅੱਖ ਨਿਕਲਦੀ ਆ ਬਈ,



ਆਹ ਹੁਣ ਦੇਖ ਲੈ, ਸਮਿਲਾ ਬਣਿਆ ਪਿਆ, ਲੱਗਦੈ ਬੀ ਜੇਠ ਮਹੀਨਾ, ਰੁੱਤਾਂ ਦਾ ਈ ਉਲਟਫੇਰ ਹੋਇਆ ਪਿਆ, ਇੰਨੀ ਛੇੜਛਾੜ ਕੁਦਰਤ ਨਾਲ ਰਹੇ ਰੱਬ ਦਾ ਨਾਂ! ਆਹ ਦੇਖਲੋ ਸਿੱਟੇ, ਮੇਰੀ ਕਾਂ ਅੱਖ ਤਾਂ ਗਵਾਤੀ ਨਾ ਕਿਤੇ, ਬੈਠਾ ਇਹੀ ਸੋਚੀ ਜਾਨੈ, ਬੀ ਯਰ ਬੰਦੇ ਤਾਂ ਵੱਧਗੇ ਪਰ ਬੰਦਗੀ ਘੱਟਗੀ, ਜਿਨ੍ਹਾਂ ਦੇ ਆਪਦੇ ਸਬਰ ਹਿੱਲੇ ਪਏ,
ਉਹ ਮੇਰੀ ਕੀ ਖਬਰ ਲੈਣਗੇ,
ਮਨ ਤੋਂ ਲਹਿ ਗਿਆ, ਬੋਝ ਸੀ ਭਾਰੀ ਚੱਲ ਮਨਾ ਓਏ, ਹੁਣ ਮਾਰ ਉਡਾਰੀ

**ਜਸਵਿੰਦਰ ਸਿੰਘ ਚਾਹਲ**
9876915035

# ਕੈਨੇਡਾ ਵਿੱਚ 65% ਦੇ ਕਰੀਬ ਅਬਾਦੀ ਨੂੰ ਵੈਕਸਿਨ ਲੱਗ ਚੁੱਕੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਕੋਰੋਨਾ ਵਾਇਰਸ ਕੇਸਾਂ ਦੀ ਸੰਖਿਆ ਲਗਾਤਾਰ ਪੰਜਵੇਂ ਦਿਨ 200 ਤੋਂ ਘੱਟ ਦਰਜ ਕੀਤੀ ਗਈ ਹੈ ਪਰ ਪਹਿਲੀ ਡੋਜ਼ ਲਗਵਾਉਣ ਵਾਲਿਆਂ ਦੀ ਗਿਣਤੀ ਵਿੱਚ ਵੱਡੀ ਕਮੀ ਦੇਖੀ ਜਾ ਰਹੀ ਹੈ। ਸੂਬੇ ਵਿੱਚ ਨਵੇਂ ਐਕਟਿਵ ਕੇਸਾਂ ਦੀ ਸੰਖਿਆ 115 ਦਰਜ ਹੋਈ ਹੈ 'ਤੇ 12 ਸਾਲ ਤੋਂ ਉੱਪਰ ਉਮਰ ਦੇ ਲਗਪਗ 69% ਲੋਕਾਂ ਨੇ ਆਪੋ ਆਪਣੀ ਪਹਿਲੀ ਡੋਜ਼ ਲਗਵਾ ਲਈ ਹੈ। ਐਤਵਾਰ 13 ਜੂਨ ਵਾਲੇ ਦਿਨ ਸੂਬੇ ਵਿੱਚ ਸਿਰਫ਼ 3500 ਵਿਅਕਤੀਆਂ ਨੇ ਹੀ ਪਹਿਲੀ ਡੋਜ਼ ਲਗਵਾਈ ਰਿਪੋਰਟ ਹੋਈ ਹੈ। ਐਲਬਰਟਾ ਵਿੱਚ ਇਸ ਵਾਇਰਸ ਕਾਰਨ ਇੱਕ ਹੋਰ ਵਿਅਕਤੀ ਦੀ ਮੌਤ ਹੋ ਗਈ ਹੈ ਜਿਸ ਮਗਰੋਂ ਮੌਤਾਂ ਦਾ ਅੰਕੜਾ 2270 'ਤੇ ਪਹੁੰਚ ਗਿਆ ਹੈ। ਸੈਂਟਰਲ ਜ਼ੋਨ ਤੋਂ 40-45 ਸਾਲ ਦੀ ਉਮਰ ਦੀ ਔਰਤ ਦੀ ਇਹ ਮੌਤ ਦਰਜ ਕੀਤੀ ਗਈ ਹੈ। ਕੁੱਲ ਐਕਟਿਵ ਕੇਸ ਘਟ ਕੇ ਹੁਣ 3089 ਰਹਿ ਗਏ ਹਨ। ਹਸਪਤਾਲਾਂ ਵਿੱਚ ਦਾਖ਼ਲ ਵਿਅਕਤੀਆਂ ਦੀ ਗਿਣਤੀ 270 ਅਤੇ ਇੰਟੈਂਸਿਵ ਕੇਅਰ ਯੂਨਿਟਸ ਵਿੱਚ ਭਰਤੀ ਮਰੀਜ਼ਾਂ ਦੀ ਗਿਣਤੀ 73 'ਤੇ ਆ ਗਈ ਹੈ। ਉੱਧਰ ਦੱਸਿਆ ਗਿਆ ਹੈ ਕਿ ਕੈਨੇਡਾ ਇਸ ਸਮੇਂ ਦੁਨੀਆ ਦੇ ਕਿਸੇ ਵੀ ਦੇਸ਼ ਦੇ ਮੁਕਾਬਲੇ ਸਭ ਤੋਂ ਵੱਧ ਜਨਸੰਖਿਆ ਨੂੰ ਵੈਕਸਿਨ ਟੀਕੇ ਲਗਾਉਣ ਵਾਲਾ ਮੁਲਕ ਬਣ ਗਿਆ ਹੈ। ਕੈਨੇਡਾ ਵਿੱਚ 65% ਦੇ ਕਰੀਬ ਅਬਾਦੀ ਨੂੰ ਵੈਕਸਿਨ ਲੱਗ ਚੁੱਕੀ ਹੈ। ਇਸ ਮਗਰੋਂ ਇਜ਼ਰਾਇਲ ਤੇ ਇੰਗਲੈਂਡ ਦਾ ਨੰਬਰ ਹੈ ਤੇ ਦੱਖਣ ਅਫ਼ਰੀਕਾ ਸਭ ਤੋਂ ਪਿੱਛੇ ਹੈ।





ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)



ਪੰਜਾਬ ਤੋਂ ਪੰਜਾਬੀ ਸਟਾਈਲ ਦੇ ਸੂਟ
ਵਿਆਹ ਭਾਂਵੇ ਕਨੇਡਾ ਹੋਵੇ ਜਾਂ ਪੰਜਾਬ ਜਾਕੇ ਕਰਨਾ ਐ!
ਬਠਿੰਡਾ ਨੇਹਚਲ ਸਟੂਡਿਓ ਤਾਂ ਵਿਆਹ ਵਿੱਚ ਸ਼ਾਮਿਲ ਜਰੂਰ ਹੋਵੇਗਾ ਕਿਉਂਕਿ ਉਹੋ ਜਿਹੇ ਸੂਟ ਤੁਹਾਨੂੰ ਹੋਰ ਕਿਤੋਂ ਮਿਲ ਈ ਨਹੀਂ ਸਕਦੇ
Nehchhal Vogue Studio
Bathinda (PB)
ਰੇਟ ਤੁਹਾਡੀ ਜੇਬ ਦੇ ਹਾਣੀ ਹੋਣਗੇ
Hand- Machine Embroidery,
Indian Bridal Lehnga's, Tailoring,
(Hand, Block, Screen Painting), Sarees.....
Enjoy The Boutique Designer Attires
But Not At Boutique Price
73407 84137
ਆਨ ਲਾਈਨ ਆਰਡਰ ਅਤੇ ਹਵਾ ਦੇ ਬੁੱਲਿਆਂ ਵਾਂਗ ਡਲਿਵਰੀ ਤੁਹਾਡੇ ਘਰ ਹੁੰਦੀ ਹੈ

# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ , ਧਾਲੀਵਾਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ, ਉਮਰ 25 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ licensed practical Nurse ਲਈ ਹਾਣ ਪਰਵਾਣ ਦੇ ਸੋਹਣੇ ਸੁਨੱਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਸੰਪਰਕ 403 850 6263 ***179***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ , ਜੱਟ ਸਿੱਖ ਪਰਿਵਾਰ ਦੇ ਤਲਾਕ ਸੁਦਾ ਵੈਸਨੂੰ ਲੜਕੇ ਉਮਰ 35 ਸਾਲ ,ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਤਲਾਕਸ਼ੁਦਾ, ਵਿਜਟਿਰ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ।ਵਿਨੀਪੈਗ ਨੂੰ ਪਹਿਲ ।ਸੰਪਰਕ: 431 556 4986 ***178***

## ਲੜਕੀ ਦੀ ਲੋੜ

Looking for suitable match for single never married 36-year-old Arora Sikh boy born in Canada. Height 5'-8". Fair complexion. Educated, bachelor's degree in criminology from Canada. Currently working for the Federal Government. Contact: telephone 403-208-2354 or e-mail saamlak@yahoo.com ***178***

## ਲੜਕੀ ਦੀ ਲੋੜ

ਪਰਮਾਨੈਂਟ ਰੈਜੀਡੈਂਸੀ ਹੋਲਡਰ ਨਿਊਜੀਲੈਂਡ, ਨਿਊਜੀਲੈਂਡ ਤੋਂ ਹੀ ਵਿਦਿਆ ਪ੍ਰਾਪਤ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 27 ਸਾਲ , ਕੱਦ 5 ਫੁੱਟ 11 ਇੰਚ, ਲਈ ਕਨੇਡਾ ਤੋਂ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ।ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ ।ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 403 437 9061 ***177***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿ ਰਹੇ ਖੰਗੂੜਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 26 ਸਾਲ , ਕੱਦ 5 ਫੁੱਟ 11 ਇੰਚ , ਵਿਦਿਅਕ ਯੋਗਤਾ ਇਨਫਾਰਮੇਸਨ ਟੈਕਨੋਲਜੀ ਤਿੰਨ ਸਾਲ ਡਿਪਲੋਮਾ ਹੋਲਡਰ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦੀ ਸਾਰੀ ਫੈਮਿਲੀ ਕਨੇਡਾ ਵਿੱਚ ਹੀ ਸੈਟਲ ਹੈ ।ਸੰਪਰਕ: 403 680 8300 ਜਾਂ 403 589 4209 ***177***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਲਈ ਲੜਕੀ ਦੇ ਰਿਸਤੇ ਦੀ ਲੋੜ ਹੈ।ਲੜਕੇ ਦਾ ਅਲਬਰਟਾ ਸੂਬੇ ਅੰਦਰ ਆਪਣਾ ਬਿਜਨਿਸ ਹੈ।ਸੰਪਰਕ: 587 438 4041 ***177***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜੀਆ ਪਰਿਵਾਰ ਦੀ ਚੰਗੀ ਪੜੀ ਲਿਖੀ ਗੁਰਸਿੱਖ,ਤਲਾਕਸੁਦਾ ਲੜਕੀ ਉਮਰ 35 ਸਾਲ ਕੱਦ 5 ਫੁੱਟ 3 ਇੰਚ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 587 700 8715 ***173***

## ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ।ਸੰਪਰਕ: 587 917 5911 ਜਾਂ 403 702 2524 ***182***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 587 917 5911 ਜਾਂ 403 702 2524 ***182***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ ,ਕੱਦ 6 ਫੁੱਟ 2 ਇੰਚ ,ਵਿਦਿਅਕ ਯੋਗਤਾ: ਲਵਲੀ ਯੁਨੀਵਰਿਸਟੀ ਤੋਂ ਕੰਪਿਊਟਰ ਸਾਇੰਸ ਤੋਂ ਬੀ ਟੈਕ ,ਅਤੇ ਹੁਣ ਕਨੇਡਾ ਵਿੱਚ ਚੰਗੀ ਨੌਕਰੀ ਕਰਦੇ ਲੜਕੇ ਲਈ ਹਾਣ ਪਰਵਾਣ ਦੀ ਮੈਡੀਕਲ ਕਿੱਤੇ ਨਾਲ ਸਬੰਧਿਤ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕਾ ਸਾਲ 2011 ਤੋਂ ਕਨੇਡਾ ਰਹਿ ਰਿਹਾ ਹੈ।ਲੜਕੀ ਦਾ ਰਿਸਤਾ ਕਨੇਡਾ ਤੋਂ ਹੀ ਚਾਹੀਦਾ ਹੈ ਸੰਪਰਕ: 403 689 6471ਜਾਂ 403 861 2250***176***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਧਾਲੀਵਾਲ ਪਰਿਵਾਰ ਦੇ ਇਕਲੌਤੇ ਲੜਕੇ ਉਮਰ 23 ਸਾਲ, ਕੱਦ 5 ਫੁੱਟ 10 ਇੰਚ , ਵਿਦਿਅਕ ਯੋਗਤਾ ਪਲੱਸ ਟੂ ਵਿਦ ਨਾਨ ਮੈਡੀਕਲ , ਤਿੰਨ ਸਾਲ ਦੇ ਮਕੈਨਿਕ ਡਿਪਲੋਮਾਂ, ਪੰਜਾਬ ਵਿੱਚ 18 ਏਕੜ ਜਮੀਨ ਦੇ ਮਾਲਕ ਲਈ ਕਨੇਡੀਅਨ ਪੀ ਆਰ ਜਾਂ ਅਮਰੀਕਨ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦੇ ਮਾਤਾ ਪਿਤਾ ਅਮਰੀਕਨ ਸਿਟੀਜਨ ਹਨ ।ਸੰਪਰਕ: 403 604 2861***176***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਤਲਾਕਸੁਦਾ ,ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 30 ਸਾਲ , ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਏ, ਕੈਲਗਰੀ ਵਾਸੀ ਲਈ ਯੋਗ ਵਰ ਦੀ ਲੋੜ ਹੈ।ਸਿਰਫ ਦੁਆਬਾ ਇਲਾਕੇ ਨਾਲ ਸਬੰਧਿਤ ਪਰਿਵਾਰ ਹੀ ਸੰਪਰਕ ਕਰਨ।ਕਾਲ: 403 998 8473 ***176***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਸੋਹਣੇ ਸੁਨੱਖੇ ਲੜਕੇ ਟਾਂਕ ਕਸੱਤਰੀ-ਖੁਰਪਾ ,ਭੱਲਾ ਪਰਿਵਾਰ ਦੇ ਅਣਵਿਆਹੇ ਲੜਕੇ ਉਮਰ 39 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀਏ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 905 783 0784 ***176***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਲੜਕੇ ,1994, 5 ਫੁੱਟ,10 ਇੰਚ, ਲਈ ਕਨੇਡੀਅਨ ਪੀਆਰ ,ਵਰਕ ਪਰਮਿਟ ਜਾਂ ਘੱਟੋ ਘੱਟ 6.5 ਬੈਂਡ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦੀ ਵੱਡੀ ਭੈਣ ਕਨੇਡੀਅਨ ਸਿਟੀਜਨ ਹੈ।ਵਟਸਐਪ: 001 204 998 5221 ***175***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਸੰਧੂ ਪਰਿਵਾਰ ਦੇ ਲੜਕੇ ਉਮਰ 38 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਗਰੇਡ 12 ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ।ਅਸੀਂ ਸਧਾਰਣ ਰਹਿਣੀ ਬਹਿਣੀ ਵਾਲੀ ਲੜਕੀ ਦੇਖ ਰਹੇ ਹਾਂ ।ਹਲਕੀ ਅਪਾਹਜਤਾ ਵੀ ਵਿਚਾਰਨਯੋਗ ਹੈ। ਲੜਕਾ ਸਰਾਬ ਜਾਂ ਸਿਗਰਟਨੋਸੀ ਤੋਂ ਬਿਲਕੁੱਲ ਮੁਕਤ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕ ਸੁਦਾ ਬਿਨਾ ਬੱਚੇ ਤੋਂ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ।ਕਾਲ: 587 889 1585 ਜਾਂ 403 285 5195 ***175***

## ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਪੰਜਾਬ ਰਹਿੰਦੇ ਲੜਕੇ ਉਮਰ 31 ਸਾਲ, ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ : ਆਟੋ ਮੋਬਾਇਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦੇ ਭੈਣ ਭਰਾ ਅਤੇ ਮਾਪੇ ਕਨੇਡਾ ਪੱਕੇ ਤੌਰ ਤੇ ਸੈਟਲ ਹਨ। ਵਰਕ ਪਰਮਿਟ, ਜਾਂ ਸਟੂਡੈਂਟ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕਾਲ: 780 600 3600 ***175***

## ਲੜਕੀ ਦੀ ਲੋੜ

Gill Jat Sikh parents seeking a well-educated girl for their 27 years old son, 6 feet, teetotaler, graduated from a Canadian University and working as a Civil Engineer in Calgary, AB. Well settled family in Calgary, and Punjab (Malwa), possess urban-rural properties. Please share photos and particulars at first instance. +91-94177-58985 (IND), +1(306)850-5505 (CA) or email at gillwed2020@gmail.com.***175***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ, ਗੁਰਸਿੱਖ ਪਰਿਵਾਰ ਦੀ ਅੰਮ੍ਰਿਤਧਾਰੀ ਤਲਾਕ ਸੁਦਾ ਲੜਕੀ ,ਉਮਰ 33 ਸਾਲ, ਕੱਦ 5 ਫੁੱਟ 3 ਇੰਚ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ।ਸਿਰਫ ਉਹੀ ਸੰਪਰਕ ਕਰਨ ਜੋ ਲੜਕੀ ਦੇ ਨਾਲ ਰਹਿੰਦੀ ਉਸਦੀ 9 ਸਾਲ ਦੀ ਬੇਟੀ ਨੂੰ ਅਡੌਪਟ ਕਰ ਸਕਦਾ ਹੋਵੇ ।ਤਲਾਕ ਸੁਦਾ ਲੜਕੇ ਨੂੰ ਪਹਿਲ।ਹੋਰ ਜਾਣਕਾਰੀ ਲਈ ਸੰਪਰਕ ਕਰੋ ।: 587 917 0234***175***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ , ਰਾਮਗੜੀਆਂ ਮਠਾੜੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 28 ਸਾਲ, ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ: ਯੂਨੀਵਰਿਸਟੀ ਆਫ ਕੈਲਗਰੀ ਤੋਂ ਆਰ ਐਨ, ਬੀਐਸ ਐਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਤੋਂ ਹੀ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 403 402 9508 ***175***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 32 ਸਾਲ ,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ BA, PGDCA, MSC ਲਈ ਹਾਣ ਪ੍ਰਵਾਣ ਦੇ ਕਨੇਡੀਅਨ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 587 891 3187 *** 174***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੇ ਵੈੱਲ ਸੈਟਲਡ ਉਮਰ 30 ਸਾਲ , ਕੱਦ 5 ਫੁੱਟ 10 ਇੰਚ , ਕੈਲਗਰੀ ਵਿੱਚ ਆਪਣੇ ਘਰ ਦੇ ਮਾਲਕ ਅਤੇ ਚੰਗਾ ਬਿਜਨਿਸ ਚਲਾ ਰਹੇ ਸੋਹਣੇ ਸੁਨੱਖੇ ਲੜਕੇ ਲਈ ਪੜੀ ਲਿਖੀ,ਲੰਬੀ,ਸੁੰਦਰ ਸਸੀਲ , ਛੋਟੀ ਉਮਰ ਵਾਲੀ ਖਾਨਦਾਨੀ ਲੜਕੀ ਦੇ ਰਿਸਤੇ ਦੀ ਲੋੜ ਹੈ । ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲੀ ਕਨੇਡੀਅਨ ਪੀ ਆਰ ਲੜਕੀ ਨੂੰ ਪਹਿਲ। ਕਿਰਪਾ ਕਰਕੇ ਪਹਿਲਾਂ ਲੜਕੀ ਦੀਆਂ ਫੋਟੋਆਂ , ਪਰਿਵਾਰਕ ਜਾਣਕਾਰੀ, ਵਟਸਐਪ ਕਰੋ । ਇੰਡੀਆ ਰਹਿੰਦੀ ਸੁੰਦਰ ਲੜਕੀ ਵੀ ਵਿਚਾਰਨਯੋਗ ਹੋ ਸਕਦੀ ਹੈ । (Prenapture Must) ਸੰਪਰਕ ਫੋਨ ਕਾਲ ਜਾਂ ਵਟਸਐਪ ਕਰ ਸਕਦੇ ਹੋ : : 587 429 7878 , ਇੰਡੀਆ : 9815093010 *** 174***

## ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਕਨੇਡੀਅਨ ਸਿਟੀਜਨ ਲੜਕੇ ,ਉਮਰ 27 ਸਾਲ ਲਈ ਪੜੀ ਲਿਖੀ ਸੁੰਦਰ ਲੜਕੀ ਦੇ ਰਿਸਤੇ ਦੀ ਜਰੂਰਤ ਹੈ। ਲੜਕੀ ਦਾ ਕੱਦ 5 ਫੁੱਟ 4 ਇੰਚ ਤੋਂ ਘੱਟ ਨਾ ਹੋਵੇ। ਸਿਰਫ ਉਹੀ ਸੰਪਰਕ ਕਰਨ ਜੋ ਇਸ ਵੇਲੇ ਕਨੇਡਾ ਵਿੱਚ ਹੀ ਹੋਣ ਉਹ ਚਾਹੇ ਵਰਕ ਪਰਮਿਟ ਜਾਂ ਸਟੂਡੈਂਟ ਵੀ ਹੋ ਸਕਦੇ ਹਨ।ਮਾਲਵਾ ਇਲਾਕੇ ਨੂੰ ਪਹਿਲ। ਕਾਲ: 587 966 4139 ਜਾਂ 403 918 2416 ***174***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 27 years old daughter. She is a Engineering Graduate from Canadian University and working with a reputed company. Boy should be professionally qualified and graduate from Canadian University (Doctor, Dentist, Lawyer, Engineer) and working in Canada. Contact: (403) 828 7973 or acheema8811@gmail.com*** 174***

## ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਪੰਜਾਬ ਦੇ ਜੰਮਪਲ, ਕਨੇਡੀਅਨ ਸਿਟੀਜਨ ਲੜਕੇ ਉਮਰ 26 ਸਾਲ, ਕੱਦ 5 ਫੁੱਟ 11 ਇੰਚ,ਲਈ ਸੋਹਣੀ ਸੁਨੱਖੀ,ਪੜੀ ਲਿਖੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 204 999 9481 ਜਾਂ 204 998 7241 *** 174***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਪਰਿਵਾਰ ਦੇ ਵੈਸਨੂੰ ਤਲਾਕਸੁਦਾ ਲੜਕੇ , ਉਮਰ 35 ਸਾਲ ,ਕੱਦ 5 ਫੁੱਟ 9 ਇੰਚ ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਪਹਿਲਾ ਵਾਲੇ ਵਿਆਹ ਵਿੱਚੋਂ ਇੱਕ ਲੜਕੀ ਉਮਰ 7 ਸਾਲ ,ਉਹ ਬਾਪ ਦੇ ਨਾਲ ਹੀ ਰਹਿੰਦੀ ਹੈ।ਹੋਰ ਜਾਣਕਾਰੀ ਲਈ ਸੰਪਰਕ ਕਰੋ: 1 780 340 2434 ***173***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਕੈਲੇ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ 3 ਸਾਲਾ ਇਲੈਕਟ੍ਰੀਕਲ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕੇ ਦੀ ਭੈਣ ਅਤੇ ਮਾਪੇ ਕਨੇਡਾ ਪੱਕੇ ਤੌਰ ਤੇ ਸੈਟਲ ਹਨ ਜੋ ਲੜਕੇ ਨੂੰ ਵਿਆਹ ਉਪਰੰਤ ਕਨੇਡਾ ਸੈਟਲ ਹੋਣ ਵਿੱਚ ਮੱਦਦ ਕਰ ਸਕਦੇ ਹਨ।ਸਟੂਡੈਂਟਸ ਜਾਂ ਵਰਕ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ : 587 968 0064 raman13088@yahoo.com ***173***

## ਲੜਕੇ ਦੀ ਲੋੜ

ਪੰਜਾਬ ਦੇ ਮੋਗਾ ਜਿਲੇ ਨਾਲ ਸਬੰਧਿਤ ਬਰਾੜ ਪਰਿਵਾਰ ਦੀ ਕਨੇਡਾ ਰਹਿ ਰਹੀ ਲੜਕੀ ਉਮਰ 28 ਸਾਲ, ਕੱਦ 5 ਫੁੱਟ 5 ਇੰਚ, ਇੰਡੀਆ ਤੋਂ ਬੀ ਟੈਕ ਦੀ ਡਿਗਰੀ ਉਪਰੰਤ ਕਨੇਡਾ ਵਿੱਚ 2 ਸਾਲ ਦੀ ਸਟੱਡੀ ਅਤੇ ਹੁਣ 3 ਸਾਲ ਦਾ ਕਨੇਡੀਅਨ ਵਰਕ ਪਰਮਿਟ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੇ ਰਿਸਤੇ ਦੀ ਲੋੜ ਹੈ ।ਵਿਨੀਪੈਗ ਰਹਿੰਦੇ ਮੋਗਾ ਅਤੇ ਬਠਿੰਡਾ ਜਿਲਾ ਦੇ ਪਰਿਵਾਰਾਂ ਨੂੰ ਪਹਿਲ ।ਸੰਪਰਕ: 431 335 3127 ***173***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਨਸਾ ਰਹਿਤ, ਹਿਉਮਨ ਰਿਸੋਰਸ ਡਿਪਲੋਮਾਂ ਹੋਲਡਰ, ਵਿਨੀਪੈਗ ਟਰਾਂਜਿਟ ਵਿੱਚ ਸੁਪਰਵਾਈਜਰ ਦੀ ਜੌਬ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸਤੇ ਦੀ ਲੋੜ ਹੈ।ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 204 908 0011 ਜਾਂ 204 955 9199 **173**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ , ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ, ਸੇਟ ਕਾਲਿਜ ਕੈਲਗਰੀ ਤੋਂ ਇਲੈਟਰੀਕਲ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਹੈ ਅਤੇ ਬਿਜਨਿਸ ਦੇ ਤੌਰ ਤੇ ਆਪਣੀ ਹੀ ਇਲੈਕਟਰੀਕਲ ਕੰਪਨੀ ਚਲਾ ਰਿਹਾ ਹੈ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ।ਕਾਲ : 403 926 3620 **172**

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 20 ਸਾਲ, ਕੱਦ 5 ਫੁੱਟ 10 ਇੰਚ , ਵਿਦਿਅਕ ਯੋਗਤਾ ਪਲੱਸ ਟੂ, ਲਈ ਕਨੇਡਾ ਤੋਂ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਲੜਕੇ ਦਾ ਬਾਕੀ ਸਾਰਾ ਪਰਿਵਾਰ ਕਨੇਡਾ ਵਿੱਚ ਸੈਟਲ ਹੈ ,ਉਹ ਲੜਕੇ ਨੂੰ ਕਨੇਡਾ ਸੈਟਲ ਹੋਣ ਵਿੱਚ ਉਸਦੀ ਮੱਦਦ ਵੀ ਕਰ ਸਕਦੇ ਹਨ। ਸੰਪਰਕ: 587 707 3542 ਜਾਂ 403 918 6462 ***172***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ , ਉਮਰ 30 ਸਾਲ ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਐਮ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ।ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਪੱਕੇ ਤੌਰ 'ਤੇ ਸੈਟਲ ਹੈ। ਸਟੂਡੈਂਟ ਜਾਂ ਵਿਜਟਿਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 825 712 3370 ਜਾਂ 587 349 0901 ***172***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ ।ਸੰਪਰਕ: 403 615 0583 **190**

## ਲੜਕੇ ਦੀ ਲੋੜ

ਜੱਟ ਸਿੱਖ ਤਤਲਾ ਪਰਿਵਾਰ ਦੀ ਪੰਜਾਬ ਰਹਿੰਦੀ ਅੰਮ੍ਰਿਤਧਾਰੀ ਲੜਕੀ ਉਮਰ 24 ਸਾਲ ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ BSC Nursing ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਅੰਮ੍ਰਿਤਧਾਰੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਲੜਕੀ ਦੇ ਭਰਾ ਭਰਜਾਈ ਕੈਲਗਰੀ ਵਿੱਚ ਪੱਕੇ ਤੌਰ 'ਤੇ ਸੈਟਲ ਹਨ।ਲੜਕੀ ਅਤੇ ਲੜਕੀ ਦੇ ਮਾਤਾ ਪਿਤਾ ਕੋਲ ਕਨੇਡਾ ਦਾ ਵਿਜਟਰ ਵੀਜਾ ਹੈ। ਵਿਆਹ ਇੰਡੀਆ ਜਾਂ ਕੈਲਗਰੀ ਵੀ ਕੀਤਾ ਜਾ ਸਕਦਾ ਹੈ। ਸੰਪਰਕ: 587 968 5620 **172**


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

**ਕੈਲਗਰੀ–403 640 2000**
**ਐਡਮਿੰਟਨ–780 599 2000 ਸੈਸਕਾਟੂਨ 639 999 1000**
**ਰੀਜ਼ਾਇਨਾ– 639 999 1000, ਵਿਨੀਪੈਗ– 431 733 3000**


fourth annual Chahal's Clean-Up —

# There will be over $5000 in prices to be won for participating

Calgary (Punjabi Akhbaar Bureau) Living in a community means embracing shared and personal responsibilities. We rely on governments for essential services, but they cannot be everywhere at all times.Littering has become a problem in the Northeast, and it gets worse if it's not dealt with early. We need to collectively take pride and care for public spaces.Please join us in our fourth annual Chahal's Clean-Up, on June 19th 2021 beginning at 9 am. There will be over $5000 in prices to be won for participating, including a $1000 gift card grand prize! The first 200 people to drop off a bag of garbage at one of the designated cleanup bins, will receive a $20 gift card.

**All participants will receive discount coupons from Safeway/Sobeys, Boston Pizza, Aujla Restaurant, DC Pizza Bistro, and Sanjha Punjab Grocery. Refreshments and individually packaged snacks will be provided by Superstore/Loblaws.**

Please sign up for the clean using the following link:

Chahal's 4th Annual Community Cleanup Tickets, Sat, 19 Jun 2021 at 9:00 AM | Eventbrite

Please contact me with any questions you may have!

Sincerely,


**Amandeep Kaur Kaler | Executive Advisor & Community Liaison**
a: Ward 5 Councillor's Office | P.O. Box 2100, Station M | Calgary, AB, Canada T2P 2M5
e: eaward5@calgary.ca
p: (403)369-9537



**Hiring !**

Daffodils Cargo Logistics Inc. is looking for Class 1 Drivers for Long - Haul Best pay packages upto 58 cents per mile Applicants should have minimum of 7 - 12 months driving experience Please contact with your driving license and commercial driving abstract

**Email : dclogistics4@gmail.com**
**Phone : 204-396-1696 , 204-891-0031**

**ਟਰੱਕ ਡਰਾਈਵਰਾਂ ਦੀ ਲੋੜ**

0-2 years of experience,

Please contact us

Contact: Gagan Bains
VADDA BHAI ACE OF SPADES INC
T: 1-825-733-0030
Email Resume to: gagan@vbaspades.com

ACE OF SPADES INC

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ:**
**403 680 0436**


## ਨੈਨੀ ਦੀ ਲੋੜ

ਕੈਲਗਰੀ ਵੱਸਦੇ ਪੰਜਾਬੀ ਪਰਿਵਾਰ ਨੂੰ ਨੈਨੀ ਦੀ ਜਰੂਰਤ ਹੈ। ਪੰਜਾਬੀ ਜੁਬਾਨ ਬੋਲਣੀ ਆਉਂਦੀ ਜਰੂਰੀ ਹੈ। ਰੋਟੀ ਪਾਣੀ ਸਮੇਤ ਘਰ ਦਾ ਸਾਰਾ ਕੰਮ ਕਰਨਾ ਆਉਣਾ ਚਾਹੀਦਾ ਹੈ । ਵਿਜਟਿਰ ਵੀਜੇ ਉੱਪਰ ਆਏ ਯੋਗ ਉਮੀਂਦਵਾਰ ਨੂੰ elderly care catagory ਪ੍ਰੋਗਰਾਮ ਤਹਿਤ ਸਪਾਂਸਰ ਵੀ ਕੀਤਾ ਜਾ ਸਕਦਾ ਹੈ । ਯੋਗ ਤਨਖਾਹ ਦਿੱਤੀ ਜਾਵੇਗੀ ।ਸੰਪਰਕ: 403 200 6735 ***174***

# ਐਨ ਡੀ ਪੀ ਦੇ ਸੰਸਦ ਮੈਂਬਰ ਦਾ ਕਹਿਣਾ ਹੈ ਕਿ ਵੈਟਿਕਨ ਬੱਚਿਆ ਉੱਪਰ ਜੁਲਮਾਂ ਬਦਲੇ ਮੁਆਫੀ ਮੰਗੇ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਐਨਡੀਪੀ ਦੇ ਸੰਸਦ ਮੈਂਬਰ ਮੈਥਿਊ ਗ੍ਰੀਨ ਨੇ ਕਿਹਾ ਹੈ ਕਿ ਜੇ ਪੋਪ ਫ੍ਰਾਂਸਿਸ, ਕੈਨੇਡਾ ਦੇ ਸਾਬਕਾ ਰੈਜ਼ਿਡੈਂਸ਼ਿਅਲ ਸਕੂਲਾਂ ਵਿੱਚ ਮੂਲ ਨਿਵਾਸੀ ਬੱਚਿਆਂ ਨਾਲ ਹੋਏ ਧੱਕੇ ਦੀ ਮਾਫੀ ਨਹੀਂ ਮੰਗਦੇ ਤਾਂ ਫੈਡਰਲ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵੈਟਿਕਨ ਨਾਲੋਂ ਤੋੜ-ਵਿਛੋੜਾ ਕਰ ਲਵੇ ਅਤੇ ਚਰਚ ਦੇ ਖਿਲਾਫ਼ ਮੁਕਦਮਾ ਕੀਤਾ ਜਾਵੇ। ਸਰਕਾਰ ਅਤੇ ਵਿਰੋਧੀ ਧਿਰਾਂ ਵੱਲੋਂ ਵੈਟਿਕਨ 'ਤੇ ਦਬਾਅ ਪਾਇਆ ਗਿਆ ਹੈ ਕਿ ਉਹ ਇਹਨਾਂ ਬੱਚਿਆਂ 'ਤੇ ਹੋਏ ਜ਼ੁਲਮਾਂ ਬਦਲੇ ਮਾਫੀ ਮੰਗੇ।


**Tractor Trucks for Lease**




Two Trucks for Lease
Volvo Trucks with Sleeper
Maintenance Free Lease
Minimum Six Months to Twelve Months Lease
Good for Local, Regional/Short-Haul
$5000.00 Down
$4000.00 Per Month
Some Restrictions Apply
Please Contact:

**KulbirShergill Fresh Freight Ltd**
Phone or Text- 403-510-0070
Email: info@freshfreight.ca

**A-CHOICE DRIVING SCHOOL**

Bay# 324, 4774 Westwinds Dr NE
Calgary Alberta T3J 0L9
Tel: 403-473-1682



# ਰਿਹਾਇਸ਼ੀ ਸਕੂਲ --ਨਸਲਕੁਸ਼ੀ ਦੇ ਵਸੀਲੇ



ਜਗਦੇਵ ਸਿੱਧੂ ਕੈਲਗਰੀ
403 351 1136

ਹੁਣ ਜਦੋਂ ਕੈਮਲੂਪਸ ਦੇ ਬੰਦ ਪਏ ਰਿਹਾਇਸ਼ੀ ਸਕੂਲ ਨਾਲ ਲਗਦੀ ਥਾਂ ਤੋਂ 215 ਬੱਚਿਆਂ ਦੀਆਂ ਲਾਸ਼ਾਂ ਦੇ ਕਰੰਗ ਮਿਲੇ ਹਨ ਤਾਂ ਅਵੱਲੀ ਹਾਹਾਕਾਰ ਮੱਚੀ ਹੋਈ ਹੈ ਪਰ ਇਹ ਕੋਈ ਨਵੀਂ ਜਾਂ ਅਣਕਿਆਸੀ ਲੱਭਤ ਨਹੀਂ। ਇੱਥੋਂ ਦੇ ਮੂਲ ਨਿਵਾਸੀ ਤਾਂ ਸੌ ਸਾਲ ਤੋਂ ਪਿੱਟ ਰਹੇ ਹਨ ਕਿ ਇਨ੍ਹਾਂ ਸਕੂਲਾਂ ਦੇ ਨਾਲ ਲਗਦੇ ਦਿਸਦੇ ਅਤੇ ਗੁਪਤ ਕਬਰਿਸਤਾਨਾਂ ਵਿੱਚ ਉਨ੍ਹਾਂ ਦੇ ਜਿਗਰ ਦੇ ਹਜ਼ਾਰਾਂ ਟੁਕੜੇ ਸਦਾ ਦੀ ਨੀਂਦ ਸੁੱਤੇ ਪਏ ਹਨ। ਕਦੇ ਕਿਸੇ ਸਰਕਾਰ ਜਾਂ ਜ਼ਿਮੇਵਾਰ ਅਦਾਰੇ ਨੇ ਉੱਤਾ ਨਹੀਂ ਵਾਚਿਆ। ਜੇ ਸਾਰੇ ਅਜਿਹੇ ਕਬਰਿਸਤਾਨ ਲੱਭ ਲਏ ਜਾਣ ਅਤੇ ਖੁਦਾਈ ਕਰ ਕੇ ਲਾਸ਼ਾਂ ਗਿਣੀਆਂ ਜਾਣ ਤਾਂ ਮਨੁੱਖਤਾ ਦੇ ਅਲੰਬਰਦਾਰਾਂ ਨੂੰ ਭੁਆਂਟਣੀਆਂ ਆ ਜਾਣਗੀਆਂ, ਇਨ੍ਹਾਂ ਕਾਰਿਆਂ ਤੋਂ ਮੁਕਰਨ ਵਾਲਿਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਜਾਵੇਗੀ, ਅਖੌਤੀ ਸਭਿਅਕ ਲੋਕਾਂ ਦੀ ਫੋਕੀ ਹੈਂਕੜ ਨੂੰ ਦੰਦਲ ਪੈ ਜਾਵੇਗੀ। ਇਸ ਸਾਰੇ ਅਣਮਨੁੱਖੀ, ਘਿਨਾਉਣੇ ਤੇ ਸੋਚੀ ਸਮਝੀ ਵਿਉਂਤ ਨਾਲ ਕੀਤੇ ਕਾਰੇ ਦੇ ਪਿਛੋਕੜ ਵਿਚ ਝਾਤ ਮਾਰੀਏ ਤਾਂ ਅਕਲ ਸੁੰਨ ਹੋ ਜਾਵੇਗੀ। ਚਲੋ ਸੰਖੇਪ ਬਿਓਰਾ ਹੀ ਜਾਣ ਲਈਏ ਤੇ ਮੋਟੀਆਂ ਮੋਟੀਆਂ ਪਰਤਾਂ ਫਰੋਲੀਏ।

ਪਾਪਾਲ ਬੁੱਲ1534 ਈ. ਵਿਚ ਕਾਰਟੀਅਰ ਦੇ ਆਉਣ ਤੋਂ ਬਾਦ ਜਿਹੜੇ ਯੂਰਪੀਅਨ ਆਬਾਦਕਾਰ (ਧਾੜਵੀ) ਕੈਨੇਡਾ ਦੀ ਧਰਤੀ ਤੇ ਆਉਣੇ ਸ਼ੁਰੂ ਹੋਏ, ਉਹ ਆਪਣੇ ਨਾਲ ਈਸਾਈ ਮਿਸ਼ਨਰੀਆਂ ਨੂੰ ਲੈ ਕੇ ਆਏ। ਮੁੱਖ ਮਕਸਦ ਇਧਰ ਦੇ ਮੂਲ ਨਿਵਾਸੀਆਂ ਨੂੰ ਡਰਾ ਧਮਕਾ ਕੇ ਮਕਾਰੀ ਕਰ ਕੇ ਜਾਂ ਖ਼ਤਮ ਕਰ ਕੇ ਜ਼ਮੀਨਾਂ ਅਤੇ ਕੁਦਰਤੀ ਸਰੋਤਾਂ ਤੇ ਕਬਜ਼ਾ ਕਰਨਾ ਸੀ। ਬਚੇ ਖੁਚੇ ਲੋਕਾਂ ਨੂੰ ਈਸਾਈ ਧਰਮ ਵਿਚ ਸ਼ਾਮਲ ਕਰ ਕੇ ਉਨ੍ਹਾਂ ਦਾ ਸਭਿਆਚਾਰ ਖ਼ਤਮ ਕਰ ਕੇ ਉਨ੍ਹਾਂ ਨੂੰ ਯੂਰਪੀਅਨ ਤੌਰ-ਤਰੀਕੇ ਅਪਨਾਉਣ ਤੇ ਮਜਬੂਰ ਕਰਨਾ ਸੀ। ਈਸਾਈ ਹੁਕਮਰਾਨਾ ਨੇ ਸਾਰੀ ਦੁਨੀਆਂ ਵਿਚ ਇਹੋ ਤਰੀਕਾ ਅਖ਼ਤਿਆਰ ਕਰ ਕੇ ਸਾਮਰਾਜ ਨੂੰ ਫੈਲਾਇਆ। ਅਜਿਹਾ ਕਰਨ ਪਿੱਛੇ ਜਾਇਜ਼ ਠਹਿਰਾਉਣ ਲਈ ਧਰਮ ਦੀ ਆੜ ਲਈ ਗਈ।

ਅਸਲ ਵਿਚ 1452-55 ਵੇਲੇ ਰੋਮਨ ਕੈਥੋਲਿਕ ਚਰਚ ਨੇ ਪਾਪਾਲ ਬੁੱਲ (ਹੁਕਮਨਾਮੇ) ਜਾਰੀ ਕੀਤੇ ਸਨ ਕਿ ''ਗ਼ੈਰ ਈਸਾਈਆਂ ਤੇ ਧਾਵੇ ਬੋਲੇ ਜਾਣ, ਉਨ੍ਹਾਂ ਕੋਲ ਜੋ ਕੁਛ ਵੀ ਹੈ ਖੋਹ ਲਿਆ ਜਾਵੇ ਅਤੇ ਉਨ੍ਹਾਂ ਨੂੰ ਈਸਾ ਮਸੀਹ ਦੇ ਦੁਸ਼ਮਣ ਗਰਦਾਨ ਕੇ ਗ਼ੁਲਾਮ ਬਣਾ ਲਿਆ ਜਾਵੇ।'' ਇਸ ਕੁਟਿਲ ਨੀਤੀ ਨੂੰ ਖੋਜ ਦਾ ਸਿਧਾਂਤ (ਡੌਕਟਰੀਨ ਆਫ ਡਿਸਕਵਰੀ ਡੀ.ਡੀ) ਦਾ ਨਾਂ ਦਿੱਤਾ ਗਿਆ ਜਿਸ ਦੇ ਅਧੀਨ ਅਨੇਕਾਂ ਮੁਲਕਾਂ ਦੇ ਮੂਲ ਨਿਵਾਸੀਆਂ ਨੂੰ ਮਨੁੱਖ ਹੀ ਨਹੀਂ ਸਮਝਿਆ ਗਿਆ। ਉਨ੍ਹਾਂ ਤੋਂ ਉਨ੍ਹਾਂ ਦੀ ਮੁੱਢ-ਕਦੀਮ ਤੋਂ ਸੰਭਾਲੀ ਹੋਈ ਧਰਤੀ ਨੂੰ 'ਬੇ-ਮਾਲਕੀ ਖਾਲੀ' (ਟੈਰਾ ਨੂਲੀਅਸ) ਕਹਿ ਕੇ ਧੋਖੇ ਅਤੇ ਮਕਾਰੀ ਨਾਲ ਹਥਿਆ ਲਿਆ ਗਿਆ। ਇਸ ਸੱਤਿਆਨਾਸ਼ੀ ਡੀ.ਡੀ. ਦਾ ਅਜੇ ਤੱਕ ਵੀ ਅਦਾਲਤਾਂ ਵਿਚ ਹਵਾਲਾ ਦਿੱਤਾ ਜਾਂਦਾ ਹੈ। ਜਦੋਂ ਇਸ ਨੀਤੀ ਦੇ ਖਿਲਾਫ਼ ਸ਼ਿਕਾਇਤ ਕਰਨ ਅਤੇ ਪਾਪਾਲ ਬੁੱਲ ਨੂੰ ਵਾਪਸ ਲੈਣ ਜਾਂ ਰੱਦ ਕਰਨ ਦੀ ਪਟੀਸ਼ਨ ਲੈ ਕੇ 2016 ਈ. ਵਿਚ ਮੂਲ ਨਿਵਾਸੀਆਂ ਦਾ ਇੱਕ ਵਫ਼ਦ ਰੋਮ ਵਿਚ ਪੋਪ ਨੂੰ ਮਿਲਿਆ ਤਾਂ ਮੀਟਿੰਗ ਤੋਂ ਮਗਰੋਂ ਵਫ਼ਦ ਦੇ ਨੇਤਾ ਕਾਨ੍ਹਾਵੇਕ ਮੋਹਾਅਕ ਕੈੱਨਥ ਡੀਅਰ ਨੇ ਦੱਸਿਆ ਕਿ ਪੋਪ ਫਰਾਂਸਿਸ ਨੇ ਉਸ ਦੀਆਂ ਅੱਖਾਂ ਵੱਲ ਤੱਕ ਕੇ ਬੱਸ ਏਨਾ ਹੀ ਕਿਹਾ,''ਮੈਂ ਤੁਹਾਡੇ ਲਈ ਪ੍ਰਾਰਥਨਾ ਕਰਾਂਗਾ।'' ਦੋ ਸਾਲ ਮਗਰੋਂ ਇਸੇ ਮਸਲੇ ਬਾਰੇ ਵਫ਼ਦ ਦੋਬਾਰਾ ਰੋਮ ਗਿਆ ਤਾਂ ਉਨ੍ਹਾਂ ਨੂੰ ਇਹ ਕਹਿ ਕੇ ਟਾਲ ਦਿੱਤਾ ਕਿ ਇਹ ਮਸਲਾ ਹੋਰ ਕਮੇਟੀ ਨੂੰ ਭੇਜਿਆ ਜਾ ਰਿਹਾ ਹੈ। ਸ਼ਾਇਦ ਪੋਪ ਅਜੇ ਤੱਕ ਪ੍ਰਾਰਥਨਾ ਕਰੀ ਜਾ ਰਿਹਾ ਹੈ।




ਰਿਹਾਇਸ਼ੀ ਸਕੂਲਾਂ ਦਾ ਫਰਨਾ ਅਤੇ ਵਿਉਂਤ-ਬੰਦੀ -- 1833 ਈ. ਵਿਚ ਪਹਿਲੀ ਵਾਰ ਮਿਸ਼ਨਰੀ ਪੀਟਰ ਜੋਨਜ਼ ਨੇ ਮੈਥੋਡਿਸਟ ਚਰਚ ਨੂੰ ਓਂਟਾਰੀਓ ਵਿਚਲੇ ਓਜਿਬਵੇ ਕਬੀਲੇ ਦੇ ਮੂਲ ਨਿਵਾਸੀਆਂ (ਇੰਡੀਅਨਾਂ) ਖਾਤਰ ਰਿਹਾਇਸ਼ੀ ਸਕੂਲ ਉਸਾਰਨ ਲਈ ਪਟੀਸ਼ਨ ਪਾਈ। ਉਦੋਂ ਤੋਂ ਸ਼ੁਰੂ ਹੋ ਕੇ ਇਹ ਸਕੂਲ ਚਲਦੇ ਰਹੇ। ਕੈਨੇਡਾ ਦਾ ਆਖਰੀ ਅਜਿਹਾ ਸਕੂਲ-ਮੈਕੇਅ ਨਾਂ ਦਾ- ਮੈਨੀਟੋਬਾ ਦੇ ਡਾਫ਼ਿਨ ਵਿਖੇ 1988 ਈ. ਵਿਚ ਬੰਦ ਹੋਇਆ। ਉਨ੍ਹੀਂਵੀਂ ਸਦੀ ਦੇ ਅਖੀਰ ਤੱਕ ਮੂਲ ਨਿਵਾਸੀਆਂ ਦੇ ਹਰੇਕ ਇਲਾਕੇ ਵਿਚ ਉਨ੍ਹਾਂ ਦੇ ਬੱਚਿਆਂ ਲਈ ਉਚੇਚੇ ਤੌਰ ਤੇ ਰਿਹਾਇਸ਼ਿ ਸਕੂਲ ਸਨ ਜਿਹੜੇ ਸਰਕਾਰੀ ਵਿੱਤੀ ਮਦਦ ਨਾਲ ਚਰਚ ਦੀ ਧਾਰਮਿਕ ਅਗਵਾਈ ਅਤੇ ਪ੍ਰਬੰਧ ਹੇਠ ਚੱਲ ਰਹੇ ਸਨ। ਇਸ ਮੰਦ ਭਾਵਨਾ ਵਾਲੀ ਲਹਿਰ ਨੂੰ ਪ੍ਰੌੜ੍ਹਤਾ ਦੇਣ ਵਾਲਾ ਐਗਰਟਨ ਰਾਇਰਸਨ 1844 ਈ. ਵਿਚ ਅੰਗ੍ਰੇਜ਼ੀ ਬੋਲਣ ਵਾਲੇ ਕੈਨੇਡੀਅਨ ਇਲਾਕਿਆਂ ਵਿਚ ਇਨ੍ਹਾਂ ਸਕੂਲਾਂ ਦਾ ਪਹਿਲਾ ਸੁਪ੍ਰਡੈਂਟ ਬਣਿਆ। ਉਸ ਨੇ ਮਸ਼ਵਰਾ ਦਿੱਤਾ ਸੀ ਕਿ ਮੂਲ ਨਿਵਾਸੀ ਧਾਰਮਿਕ ਭਾਵਨਾਵਾਂ ਤੋਂ ਬਗੈਰ ਸਭਿਅ ਨਹੀਂ ਹੋ ਸਕਦੇ (ਸਚਾਈ ਤਾਂ ਇਹ ਹੈ ਕਿ ਮੂਲ ਨਿਵਾਸੀ ਆਪਣੇ ਧਰਮ ਦੇ ਕਿਤੇ ਵਧੇਰੇ ਤੇ ਸੱਚੇ ਭਾਵਨਾਵਾਂ ਦੇ ਧਾਰਨੀ ਸਨ)। ਉਸ ਸਮੇਂ ਦੇ ਕੈਨੇਡਾ ਸੂਬੇ (ਜੋ ਉਦੋਂ ਪ੍ਰੋਵਿੰਸ ਦਾ ਦਰਜਾ ਰਖਦਾ ਸੀ), ਨੇ ਰਾਇਰਸਨ ਦੀ ਇਸ ਯੋਜਨਾ ਦੀ ਤਾਈਦ ਕਰਦੇ ਹੋਏ ਮੰਨਿਆਂ ਕਿ,''ਯੂਰਪੀਅਨ ਸਭਿਆਚਾਰ ਉੱਤਮ ਹੈ ਅਤੇ ਮੂਲ ਨਿਵਾਸੀਆਂ ਨੂੰ ਗੋਰਿਆਂ ਦੇ ਪੱਧਰ ਤੇ ਲਿਆਉਣ ਦੀ ਜ਼ਰੂਰਤ ਹੈ।''1867 ਈ. ਵਿਚ ਕੈਨੇਡਾ ਫੈਡਰੇਸ਼ਨ ਵਜੋਂ ਵੱਖਰਾ ਦੇਸ਼ ਬਣਿਆ ਤਾਂ ਇਹ ਕਹਿ ਕੇ ਇਸੇ ਨੀਤੀ ਨੂੰ ਜਾਰੀ ਰੱਖਿਆ ਗਿਆ ਕਿ,''ਮਲਿਕਾ (ਵਿਕਟੋਰੀਆ) ਅਜਿਹੇ ਰੀਜ਼ਰਵਾਂ ਅੰਦਰ ਇਨ੍ਹਾਂ ਸਕੂਲਾਂ ਨੂੰ ਚਾਲੂ ਰੱਖਣ ਲਈ ਸਹਿਮਤ ਹੈ।

''ਅਸਲ ਵਿਚ ਸਰਕਾਰ ਦੀ ਧਾਰਨਾ ਇਹ ਸੀ ਕਿ ਜੇ ਮੂਲ ਨਿਵਾਸੀਆਂ ਨੇ ਜ਼ਿੰਦਾ ਰਹਿਣਾ ਹੈ ਤਾਂ ਉਨ੍ਹਾਂ ਦੇ ਸਭਆਚਾਰ ਦੀ ਨਸਲਕੁਸ਼ੀ ਕਰਨੀ ਹੀ ਪੈਣੀ ਹੈ।




1867 ਈ. ਵਿਚ ਕੈਨੇਡਾ ਦੇ ਪਹਿਲੇ ਪ੍ਰਧਾਨ ਮੰਤਰੀ ਜੌਹਨ ਅਲੈਗਜ਼ੈਂਡਰ ਮੈਕਡੌਨਲਡ ਨੇ ਹੁਕਮ ਚਾੜ੍ਹਿਆ,''ਜਿੰਨੇ ਵੀ ਹੋ ਸਕਣ, ਇੰਡੀਅਨ ਬੱਚੇ ਮਾਪਿਆਂ ਦੇ ਅਸਰ ਹੇਠੋਂ ਕੱਢ ਲਏ ਜਾਣ ਅਤੇ ਅਜਿਹਾ ਇੱਕੋ ਤਰੀਕੇ ਨਾਲ ਸੰਭਵ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਸਨਅਤੀ (ਉਦੋਂ ਇਨ੍ਹਾਂ ਸਕੂਲਾਂ ਦਾ ਨਾਂ) ਸਕੂਲਾਂ ਵਿਚ ਪਾਇਆ ਜਾਵੇ ਜਿੱਥੇ ਉਹ ਚਿੱਟੇ ਲੋਕਾਂ ਦੀਆਂ ਆਦਤਾਂ ਅਤੇ ਤੌਰ ਤਰੀਕੇ ਅਪਣਾ ਸਕਣਗੇ।''ਰਿਹਾਇਸ਼ੀ ਸਕੂਲ ਪ੍ਰਣਾਲੀ ਦੇ ਜਨਮਦਾਤਾ ਡੰਕਲ ਕੈਂਪਬੈੱਲ ਨੇ ਕਿਹਾ ਸੀ,''ਸਾਡਾ ਮੰਤਵ ਇਹ ਪ੍ਰਣਾਲੀ ਉਦੋਂ ਤੱਕ ਜਾਰੀ ਰੱਖਣ ਦਾ ਹੈ ਜਦੋਂ ਤੱਕ ਕੈਨੇਡਾ ਅੰਦਰ ਇੱਕ ਵੀ ਇੰਡੀਅਨ ਨਾਰਹੇ।''ਇਸੇ ਤਰਜ਼ ਤੇ ਪ੍ਰਧਾਨ ਮੰਤਰੀ ਮਕੈਂਜ਼ੀ ਕਿੰਗ ਦਾ ਵਿਚਾਰ ਸੀ ਕਿ '' ਕੈਨੇਡਾ ਚਿੱਟੇ ਲੋਕਾਂ ਦਾ ਹੀ ਮੁਲਕ ਰਹਿਣਾ ਚਾਹੀਦਾ ਹੈ।''

ਢੰਗ ਤਰੀਕੇ--ਅਸਲੀ ਮਕਸਦ ਸੀ ਕਿ ਮੂਲ ਨਿਵਾਸੀ ਬੱਚਿਆਂ ਅੰਦਰੋਂ 'ਇੰਡੀਅਨ ਨੂੰ ਮਾਰਨਾ ਹੈ'। ਇਸ ਤਰ੍ਹਾਂ ਦੇ ਕੋਈ 80 ਜਾਂ ਵੱਧ ਸਕੂਲ 140 ਸਾਲ ਤੱਕ ਚਲਦੇ ਰਹੇ ਜਿਨ੍ਹਾਂ ਦਾ ਪ੍ਰਬੰਧ ਰੋਮਨ ਕੈਥੋਲਿਕ, ਐਂਗਲੀਕਨ, ਮੈਥੋਡਿਸਟ, ਯੂਨਾਈਟਿਡ ਅਤੇ ਪ੍ਰੈਸਬਾਈਟੇਰੀਅਨ ਚਰਚਾਂ ਦੁਆਰਾ ਕੀਤਾ ਜਾਂਦਾ ਸੀ। ਕੈਨੇਡਾ ਅੰਦਰ ਸਿਰਫ਼ ਇਹੋ ਸਕੂਲ ਹੀ ਸਨ ਜਿਨ੍ਹਾਂ ਨਾਲ ਕਬਰਿਸਤਾਨ ਬਣੇ ਹੋਏ ਸਨ। ਪੁਲੀਸ ਦੇ ਸਿਪਾਹੀ ਘਰ-ਘਰ ਜਾ ਕੇ ਮਾਪਿਆਂ ਤੋਂ ਛੇ-ਸੱਤ ਸਾਲ ਜਾਂ ਵੱਡੀ ਉਮਰ ਦੇ ਬੱਚੇ ਜ਼ਬਰਦਸਤੀ ਖੋਹ ਕੇ ਲੈ ਜਾਂਦੇ ਸਨ। ਬੱਚੇ ਰੋਂਦੇ ਕੁਰਲਾਂਦੇ ਚੀਕ ਚਿਹਾੜਾ ਪਾਉਂਦੇ, ਮਾਪੇ ਦੁਹਾਈਆਂ ਦਿੰਦੇ ਸਨ, ਧਾਹਾਂ ਮਾਰਦੇ ਸਨ, ਪਿੱਛੇ ਭਜਦੇ ਸਨ, ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟ ਕੇ ਮੋੜਿਆ ਜਾਂਦਾ ਸੀ। ਇਹ ਕਰੂਰ ਵਤੀਰਾ ਵੇਖ ਕੇ ਅੰਬਰ ਦਾ ਕਿੰਗਰਾ ਵੀ ਕੰਬ ਜਾਂਦਾ ਹੋਣੈ ਪਰ ਤਾਕਤ ਦੇ ਨਸ਼ੇ ਵਿਚ ਚੂਰ ਹਤਿਆਰੇ ਆਪਣਾ ਕੰਮ ਬੇ-ਖੌਫ਼ ਕਰੀ ਗਏ। ਮਾਪਿਆਂ ਨੂੰ ਇਹ ਵੀ ਨਹੀਂ ਸੀ ਦੱਸਿਆ ਜਾਂਦਾ ਕਿ ਬੱਚੇ ਨੂੰ ਕਿੱਥੇ ਲੈ ਕੇ ਜਾ ਰਹੇ ਸਨ ਨਾ ਹੀ ਬੱਚਿਆਂ ਨੂੰ ਪਤਾ ਹੁੰਦਾ ਸੀ ਕਿ ਉਨ੍ਹਾਂ ਨੂੰ ਕਿੱਥੇ ਲਿਜਾ ਰਹੇ ਸਨ। ਮਾਸੂਮਾਂ ਦੀਆਂ ਚੰਘਿਆੜਾਂ ਸੁਣ ਕੇ ਕਿਸ ਦਾ ਸੀਨਾ ਨਹੀਂ ਪਾਟਦਾ ਹੋਵੇਗਾ।

ਸਕੂਲਾਂ ਅੰਦਰਲੀ ਦੁਰਦਸ਼ਾ -- ਬੱਚਿਆਂ ਨੂੰ ਸਕੂਲ ਵਿਚ ਲਿਜਾਣ ਸਾਰ ਉਨ੍ਹਾਂ ਦੀ ਮਾਂ-ਬੋਲੀ ਬੋਲਣ ਤੋਂ ਸਖਤੀ ਨਾਲ ਵਰਜ ਦਿੱਤਾ ਜਾਂਦਾ ਸੀ। ਆਪਣੀ ਬੋਲੀ ਬੋਲਣ ਤੇ ਭਾਰੀ ਕੁੱਟ-ਮਾਰ ਤੇ ਤਸੀਹੇ ਝੱਲਣੇ ਪੈਂਦੇ ਸਨ। ਉਨ੍ਹਾਂ ਦੇ ਸਿਰ ਮੁੰਨ ਦਿੱਤੇ ਜਾਂਦੇ ਸਨ। ਨੇਟਿਵ ਲੋਕਾਂ ਅੰਦਰ ਧਾਰਮਿਕ ਅਤੇ ਭਾਈਚਾਰਕ ਰਿਵਾਜ ਹੈ ਕਿ ਉਹ ਪਰਿਵਾਰ ਦੇ ਕਿਸੇ ਜੀਅ ਦੀ ਮੌਤ ਹੋਣ ਤੇ ਹੀ ਸਿਰ ਦੇ ਵਾਲ ਕਟਵਾਉਂਦੇ ਹਨ। ਇਉਂ ਬੱਚਿਆਂ ਅੰਦਰ ਗਿਲਾਨੀ ਅਤੇ ਹੀਣ ਭਾਵਨਾ ਸ਼ੁਰੂ ਤੋਂ ਹੀ ਘਰ ਕਰ ਜਾਂਦੀ ਸੀ। ਉਨ੍ਹਾਂ ਨੂੰ ਇੱਕ ਦੂਜੇ ਨਾਲ ਮਿਲਣ ਦੀ ਵੀ ਮਨਾਹੀ ਸੀ। ਮਾੜੀ-ਮੋਟੀ ਹਰਕਤ ਤੇ ਵੀ ਏਨਾ ਕੁੱਟਿਆ ਮਾਰਿਆ ਜਾਂਦਾ ਸੀ ਕਿ ਕਈ ਵਾਰ ਤਾਂ ਉਹ ਬੇਹੋਸ਼ ਹੋ ਜਾਂਦੇ ਸਨ। ਉਨ੍ਹਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਸੀ। ਜੇ ਕੋਈ ਸਾਥੀ ਬੱਚਾ ਤਰਸ ਕਰਦਾ ਤਾਂ ਉਹ ਵੀ ਸਜ਼ਾ ਦਾ ਭਾਗੀ ਹੋ ਜਾਂਦਾ ਸੀ। ਹਰ ਵੇਲੇ ਦਹਿਸ਼ਤ ਪਈ ਰਹਿੰਦੀ ਸੀ। ਸਜ਼ਾ ਵਜੋਂ ਮੂੰਹ ਵਿਚ ਉਨ੍ਹਾਂ ਦਾ ਪਿਸ਼ਾਬ ਪਾਇਆ ਜਾਂਦਾ ਸੀ। ਇਨ੍ਹਾਂ ਮਾਸੂਮਾਂ ਦਾ ਜਿਨਸੀ ਸ਼ੋਸ਼ਣ ਵੀ ਹੁੰਦਾ ਸੀ। ਖੁਰਾਕ ਦਾ ਮੀਨੂ ਇਹ ਹੁੰਦਾ ਸੀ- ਬ੍ਰੇਕਫਾਸਟ ਵਿਚ ਬ੍ਰੈਡ ਦੇ ਦੋ ਟੁਕੜੇ, ਸਣੇ ਜੈਮ ਜਾਂ ਸ਼ਹਿਦ, ਬਹੁਤ ਥੋੜੀ ਮਾਤਰਾ ਵਿਚ ਘਟੀਆ ਕਿਸਮ ਦਾ ਜਵੀ ਜਾਂ ਮੱਕੀ ਦਾ ਦਲੀਆ। ਲੰਚ ਵਿਚ ਸੁੱਕੀ ਬ੍ਰੈਡ ਦੇ ਡੇਢ ਜਾਂ ਦੋ ਟੁਕੜੇ, ਬੇਹਾ ਸੂਪ (ਗਲੇ ਹੋਏ ਬੀਫ਼ ਜਾਂ ਸਬਜ਼ੀਆਂ ਦੀ ਰਹੰਦ- ਖੂੰਦ ਤੋਂ ਬਣਾਇਆ) ਅਤੇ ਪਾਣੀ। ਰਾਤ ਦਾ ਖਾਣਾ--ਬ੍ਰੈਡ ਦੇ ਦੋ ਟੁਕੜੇ, ਜੈਮ, ਭੁੰਨੇ ਹੋਏ ਆਲੂ, ਕੋਈ ਮੀਟ ਨਹੀਂ। ਘਰਾਂ ਵਿਚ ਇਹ ਸ਼ਿਕਾਰ ਦਾ ਮੀਟ ਰੱਜ ਕੇ ਖਾਂਦੇ ਹੁੰਦੇ ਸਨ।

ਭੁੱਖੇ ਜਾਂ ਅਧ-ਭੁੱਖੇ ਬੱਚੇ ਢੋਲਾਂ ਵਿਚ ਸੂਰਾਂ ਲਈ ਰੱਖੀ ਖੁਰਾਕ ਵਿੱਚੋਂ ਟੁਕੜੀਆਂ ਚੁੱਕ ਕੇ ਖਾਂਦੇ ਵੇਖੇ ਗਏ। ਕਿਉਂਕਿ ਯੂਰਪੀਅਨ ਲੋਕ ਬੀਮਾਰੀਆਂ ਵੀ ਨਾਲ ਲੈ ਕੇ ਆਏ ਸਨ, ਸੋ ਇਨ੍ਹਾਂ ਅਨਾਥ ਕੀਤੇ ਬੱਚਿਆਂ ਨੂੰ ਕੁਪੋਸ਼ਣ ਦੇ ਨਾਲ ਬੀਮਾਰੀਆਂ ਦਾ ਸ਼ਿਕਾਰ ਹੋਣਾ ਪੈਂਦਾ ਸੀ। ਇਲਾਜ ਦੀ ਕੋਈ ਤਸੱਲੀਬਖ਼ਸ ਸਹੂਲਤ ਨਹੀਂ ਸੀ। ਚਰਚ ਅਤੇ ਸਕੂਲ ਦਾ ਸਟਾਫ ਹਰ ਤਰ੍ਹਾਂਦਾ ਦੁਰਾਚਾਰ ਅਤੇ ਮਨੁੱਖਤਾ ਤੋਂ ਗਿਰਿਆ ਹੋਇਆ ਵਿਵਹਾਰ ਕਰਦਾ ਸੀ। ਅਨੇਕਾਂ ਬੱਚੇ ਕੁਪੋਸ਼ਣ, ਦੁਰਾਚਾਰ, ਤਸ਼ੱਦਦ ਅਤੇ ਬੀਮਾਰੀਆਂ ਦਾਸ਼ਿਕਾਰ ਹੋ ਕੇ ਦਮ ਤੋੜ ਜਾਂਦੇ ਸਨ ਜਿਨ੍ਹਾਂ ਨੂੰ ਬੇਰਹਿਮੀ ਨਾਲ ਦਫ਼ਨਾ ਦਿੱਤਾ ਜਾਂਦਾ ਸੀ। ਜੇ ਕੋਈ ਬੱਚਾ ਕਿਸੇ ਜੁਗਾੜਬਾਜ਼ੀ ਨਾਲ ਰਾਤ-ਬਰਾਤੇ ਨਿੱਕਲ ਜਾਂਦਾ ਸੀ ਤਾਂ ਉਸ ਨੂੰ ਕੋਈ ਪਤਾ ਨਹੀਂ ਹੁੰਦਾ ਸੀ ਕਿ ਕਿੱਥੇ ਜਾਵੇ, ਕਿਹੜੇ ਰਾਹ ਪਵੇ। ਕਈ ਤਾਂ ਜੰਗਲਾਂ ਵਿਚ ਭਟਕਦੇ ਮਰ ਗਏ, ਕਈ ਜਾਨਵਰਾਂ ਦਾ ਸ਼ਿਕਾਰ ਹੋ ਗਏ। ਜੇ ਕੋਈ ਪੁੱਛ-ਦੱਸ ਕੇ ਜੱਦੀ ਟਿਕਾਣੇ ਪਹੁੰਚ ਵੀ ਜਾਂਦਾ ਤਾਂ ਬੰਦ ਉਜਾੜ ਘਰ ਉਸ ਦਾ ਮੂੰਹ ਚਿੜਾ ਰਿਹਾ ਹੁੰਦਾ ਕਿਉਂਕਿ ਵਿਯੋਗ ਦੇ ਦੁੱਖ ਵਿਚ ਅਤੇ ਯੂਰਪੀਅਨਾ ਦੀ ਬਖ਼ਸ਼ੀ ਹੋਈ ਸ਼ਰਾਬ ਦੇ ਨਸ਼ੇ ਵਿਚ ਮਾਪੇ ਉੱਜੜ ਤੇ ਮਰ ਖਪ ਜਾਂਦੇ ਸਨ। ਕੋਈ 140 ਸਾਲ ਤੱਕ ਚੱਲਣ ਵਾਲੇ ਇਨ੍ਹਾਂ ਸਕੂਲਾਂ ਵਿਚ 150,000 ਬੱਚਿਆਂ ਵਿੱਚੋਂ 30 ਤੋਂ 50 ਪ੍ਰਤੀਸ਼ਤ ਮੌਤ ਦਾ ਸ਼ਿਕਾਰ ਹੋਏ ਦੱਸੇ ਜਾਂਦੇ ਹਨ ਜੋ ਇਨ੍ਹਾਂ ਮਾਲੂਮ ਅਤੇ ਨਾ-ਮਾਲੂਮ ਕਬਰਿਸਤਾਨਾਂ ਵਿਚ ਦਫ਼ਨਾਏ ਪਏ ਹਨ।


ਮਾਰੂ ਅਸਰ -- ਸਕੂਲਾਂ ਵਿੱਚੋਂ ਆਏ ਬੱਚੇ ਦੂਰ ਦੁਰਾਡੇ ਅਜਨਬੀ ਸ਼ਹਿਰਾਂ ਜਾਂ ਕਸਬਿਆਂ ਵਿਚ ਛੱਡ ਦਿੱਤੇ ਜਾਂਦੇ ਸਨ। ਬਿਨਾ ਕਿਸੇ ਰੁਜ਼ਗਾਰ, ਟਿਕਾਣੇ ਅਤੇ ਸਹਾਰੇ ਤੋਂ ਨਸ਼ੇ ਅਤੇ ਮੁਜਰਮਾਨਾ ਕਾਰਵਾਈਆਂ ਵੱਲ ਧੱਕੇ ਜਾਂਦੇ ਸਨ। ਇਸ ਦਾ ਭੈੜਾ ਅਸਰ-ਸ਼ਰਾਬਨੋਸ਼ੀ, ਨਸ਼ੇ, ਗਾਲੀਗਲੋਚ, ਕੁੱਟਮਾਰ, ਵੇਸਵਾਗਮਨੀ ਦੀ ਸ਼ਕਲ ਵਿਚ ਪਰਿਵਾਰਾਂ ਅਤੇ ਰਿਜ਼ਰਵ ਸਮਾਜਾਂ ਉਪਰ ਪਿਆ ਜੋ ਕਾਫ਼ੀ ਹੱਦ ਤੱਕ ਅਜੇ ਵੀ ਮੌਜੂਦ ਹੈ। ਨਾ ਸਿਰਫ਼ ਬੱਚੇ ਅੰਦਰੋਂ 'ਇੰਡੀਅਨ ਮਰਿਆ' ਸਗੋਂ ਉਸ ਅੰਦਰਲੇ ਸ੍ਵੈਮਾਣ ਅਤੇ ਭਰੋਸੇ ਨੂੰ ਵੀ ਢਾਹ ਲੱਗੀ।

ਨਸਲਕੁਸ਼ੀ --- ਉਪਰ ਦਿੱਤੇ ਡੰਕਨ ਕੈਂਪਬੈੱਲ, ਮਕੈਂਜ਼ੀ ਕਿੰਗ, ਜੌਹਨ ਏ. ਮੈਕਡੌਨਲਡ ਅਤੇ ਹੋਰਾਂ ਦੇ ਵਿਚਾਰਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਰਿਹਾਇਸ਼ੀ ਸਕੂਲਾਂ ਨੂੰ ਮੂਲ ਨਿਵਾਸੀਆਂ ਦੀ ਨਸਲਕੁਸ਼ੀ ਕਰਨ ਦੇ ਕੰਮ ਨੂੰ ਅੰਜਾਮ ਦੇਣ ਲਈ ਵਰਤਿਆ ਗਿਆ। ਜਨਰਲ ਵਿਲੀਅਮ ਟੀ. ਸ਼ਰਮਨ ਨੇ ਤਾਂ ਪੂਰੇ ਨੇਟਿਵ ਲੋਕਾਂ ਬਾਰੇ ਕਹਿ ਦਿੱਤਾ ਸੀ,''ਜਿੰਨੇ ਵੱਧ ਇੰਡੀਅਨ ਇਸ ਸਾਲ ਮਾਰ ਲਵਾਂਗੇ, ਅਗਲੇ ਸਾਲ ਓਨੇ ਹੀ ਘੱਟ ਮਾਰਨੇ ਪੈਣਗੇ।''ਕੀ ਨਸਲਕੁਸ਼ੀ ਦਾ ਨਾਂ ਦੇਣ ਵਾਸਤੇ ਕੋਈ ਕਸਰ ਰਹਿ ਗਈ ਹੈ?

ਮੁਆਫ਼ੀਆਂ-- ਸਾਰੇ ਪਾਸਿਓਂ ਲਾਹਣਤਾਂ ਪੈਣ ਮਗਰੋਂ ਆਖਰ 1986 ਅਤੇ ਫੇਰ 1998 ਵਿਚ ਕੈਨੇਡਾ ਦੇ ਯੂਨਾਈਟਿਡ ਚਰਚ ਵੱਲੋਂ, 1991 ਵਿਚ ਮੇਰੀ ਇਮੈਕੂਲੇਟ ਦੇ ਮਿਸ਼ਨਰੀ ਓਬਲੇਟਸ ਵੱਲੋਂ, 1993 ਵਿਚ ਐਂਗਲੀਕਨ ਚਰਚ ਦੇ ਆਰਕਬਿਸ਼ਪ ਮਾਈਕਲ ਪੀਰਜ਼ ਵੱਲੋ, 1994 ਵਿਚ ਪ੍ਰੈਸਬਾਈਟੇਰੀਅਨ ਚਰਚ ਵੱਲੋਂ ਅਤੇ 1988 ਵਿਚ ਕੈਨੇਡਾ ਸਰਕਾਰ ਦੀ ਇੰਡੀਅਨ ਅਫੇਅਰਜ਼ ਦੀ ਮੰਤਰੀ ਜੇਨ ਸਟੀਵਰਟ ਵੱਲੋਂ ਰਿਹਾਇਸ਼ੀ ਸਕੂਲਾਂ ਦੀਆਂ ਵਧੀਕੀਆਂ ਬਾਰੇ ਮੁਆਫ਼ੀਆਂ ਮੰਗੀਆਂ ਗਈਆਂ। ਇਸ ਤੋਂ ਇੱਕੀ ਸਾਲਾਂ ਬਾਦ 2009 ਈ. ਵਿਚ ਪੋਪ ਬੈਨੇਡਿਕਟ ਸੋਲ੍ਹਵੇਂ ਨੇ ਨੇਟਿਵਾਂ ਦੇ ਡੈਲੀਗੇਟ ਅੱਗੇ ਕੈਥੋਲਿਕ ਚਰਚ ਦੁਆਰਾ ਕੀਤੇ ਨਾਕਸ ਵਤੀਰੇ ਲਈ ਖਾਲੀ ਅਫਸੋਸ ਪ੍ਰਗਟਾਇਆ ਜਦੋਂ ਕਿ 75 ਪ੍ਰਤੀਸ਼ਤ ਸਕੂਲ ਕੈਥੋਲਿਕ ਚਰਚ ਦੇ ਸਨ। ਹੁਣ ਕੈਮਲੂਪਸ ਦੇ ਬੰਦ ਰਿਹਾਇਸ਼ੀ ਸਕੂਲ ਕੋਲੋਂ 215 ਬੱਚਿਆਂ ਦੀਆਂ ਲਾਸ਼ਾਂ ਦੇ ਕਰੰਗ ਮਿਲਣ ਮਗਰੋਂ ਪੋਪ ਫਰਾਂਸਿਸ ਨੇ ਕੈਨੇਡਾ ਦੇ ਕੁਛ ਪਾਦਰੀਆਂ ਕੋਲ ਸਿਰਫ਼ ਸੁੱਕਾ ਅਫ਼ਸੋਸ ਹੀ ਜ਼ਾਹਿਰ ਕੀਤਾ ਹੈ। ਅਜੇ ਵੀ ਖੁੱਲ੍ਹ ਕੇ ਮੁਆਫ਼ੀ ਨਾ ਮੰਗਣਾ ਢੀਠਤਾ ਵਾਲੇ ਅੜੀਅਲ ਵਤੀਰੇ ਨਾਲੋਂ ਵੱਡੀ ਵਿਡੰਬਣਾ ਕੀ ਹੋ ਸਕਦੀ ਹੈ। 11 ਜੂਨ, 2008 ਈ. ਨੂੰ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਹਾਊਸ ਆਫ ਕਾਮਨਜ਼ ਅੰਦਰ ਇਨ੍ਹਾਂ ਸਕੂਲਾਂ ਦੀ ਭੂਮਿਕਾ ਲਈ ਸਰਕਾਰ ਦੀ ਤਰਫੋਂ ਮੁਆਫ਼ੀ ਮੰਗੀ। ਪਰ ਸਤੰਬਰ 2009 ਈ. ਦੀ ਫਿਲਾਡੈਲਫੀਆ ਵਿਖੇ ਜੀ-20 ਦੇਸ਼ਾਂ ਦੇ ਸਿਖਰ ਸੰਮੇਲਨ ਸਮੇ ਹਾਰਪਰ ਨੇ ਕਿਹਾ ਕਿ ਸਾਡਾ ਬਸਤੀਵਾਦ ਦਾ ਕੋਈ ਇਤਿਹਾਸ ਨਹੀਂ ਹੈ। ਉਸ ਨੇ ਤਾਂ ਸੰਯੁਕਤ ਰਾਸ਼ਟਰ ਸੰਸਥਾ ਵੱਲੋਂ ਅਪਣਾਏ ਮੂਲ ਨਿਵਾਸੀਆਂ ਦੇ ਅਧਿਕਾਰਾਂ ਬਾਰੇ ਐਲਾਨਨਾਮੇ ਤੇ ਵੀ ਦਸਤਖ਼ਤ ਕਰਨੋ ਇਨਕਾਰ ਕਰ ਦਿੱਤਾ ਸੀ। ਕਾਲਮਨਵੀਸ ਕੋਲੀਨ ਸਿਮਾਰਡ ਨੇ ਵਿੱਨੀਪੈੱਗ ਫ੍ਰੀ ਪ੍ਰੈਸ ਵਿਚ ਲਿਖਿਆ ਸੀ,'ਜੇ ਬਸਤੀਵਾਦੀ ਇਤਿਹਾਸ ਨਹੀਂ ਤਾਂ ਸਟੀਫਨ ਹਾਰਪਰ ਇੱਥੇ ਕੀ ਕਰ ਰਿਹਾ ਹੈ? ਕੀ ਉਸ ਦਾ ਵਿਸ਼ਵਾਸ਼ ਹੈ ਕਿ ਉਸ ਦੇ ਪੁਰਖੇ ਇਸ ਜ਼ਮੀਨ'ਚੋਂ ਸੂਰਜਮੁਖੀ ਵਾਂਗ ਉੱਗਰੇ ਸਨ?' ਮੂਲ ਨਿਵਾਸੀਆਂ ਨੂੰ ਆਪਣੇ ਬੱਚਿਆਂ ਦੀ ਖ਼ੁਦ ਦੇਖ ਭਾਲ ਕਰਨ ਅਤੇ ਵਿੱਦਿਆ ਦੇਣ ਦਾ ਅਧਿਕਾਰ ਲੈਣ ਲਈ 1860 ਤੋਂ 1970 ਈ. ਤੱਕ ਚਾਰ ਪੀੜ੍ਹੀਆਂ ਲੱਗ ਗਈਆਂ। ਹੁਣ ਰੀਜ਼ਰਵਾਂ ਅੰਦਰ ਨੇਟਿਵ ਲੋਕ ਆਪਣੇ 518 ਸਕੂਲ ਚਲਾ ਰਹੇ ਹਨ। ਹੁਣ ਬੱਚਾ ਅਤੇ ਪਰਿਵਾਰ ਭਲਾਈ ਕੇਂਦਰਾਂ ਦੇ ਨਾਂ ਹੇਠ ਇਨ੍ਹਾਂ ਨਾਲ ਫੇਰ ਘਟੀਆ ਵਤੀਰਾ ਕੀਤਾ ਜਾ ਰਿਹਾ ਹੈ। ਕੈਨੇਡਾ ਸਰਕਾਰ ਨੇ 150ਵੀਂ ਵਰ੍ਹੇਗੰਢ ਮਨਾਉਣ ਉੱਤੇ 610 ਮਿਲੀਅਨ ਡਾਲਰ ਰੋੜ੍ਹ ਦਿੱਤੇ ਪਰ ਰੀਜ਼ਰਵਾਂ ਅੰਦਰ ਪੀਣ ਵਾਲਾ ਸਾਫ਼ ਪਾਣੀ ਕਈ ਥਾਈਂ ਅਜੇ ਵੀ ਨਹੀਂ ਮੁਹੱਈਆ ਕਰਵਾਇਆ ਗਿਆ।

ਰਿਹਾਇਸ਼ੀ ਸਕੂਲ ਅਤੇ ਈਸਾ ਮਸੀਹ-- ਇੱਕ ਰਿਹਾਇਸ਼ੀ ਸਕੂਲ ਦੇ ਹਾਲ ਅੰਦਰ ਈਸਾ ਮਸੀਹ ਦੀ ਤਸਵੀਰ ਟੰਗੀ ਹੋਈ ਸੀ ਜਿਸ ਦੀ ਛਾਤੀ ਵਿੱਚੋਂ ਖ਼ੂਨ ਵਗਦਾ ਵਿਖਾਇਆ ਗਿਆ ਸੀ। ਦੋ ਲੜਕਿਆਂ ਨੂੰ ਅਧਿਆਪਕ ਨੇ ਉਦੋਂ ਤੱਕ ਕੁੱਟਿਆ ਜਦੋਂ ਤੱਕ ਕੁੱਟ ਕੁੱਟ ਕੇ ਥੱਕ ਨਾ ਗਿਆ। ਏਨਾ ਕੁੱਟਿਆ ਕਿ ਦੋਵਾਂ ਦੇ ਸਿਰਾਂ ਵਿੱਚੋਂ ਖ਼ੂਨ ਵਹਿਣ ਲੱਗ ਪਿਆ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ
ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ
ਦਾ ਸੀਜ਼ਨ ਖਤਮ ਹੋਣ ਉਪਰੰਤ
ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ
ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

## ਮੂਲ ਨਿਵਾਸੀ ਭਾਈਚਾਰੇ ਨੂੰ ਮਾਣ ਦੇਣ ਲਈ ਸਿਟੀ ਹਾਲ ਦੇ ਬਾਹਰ ਝੰਡਾ ਝੁਲੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੂਲ ਨਿਵਾਸੀ ਭਾਈਚਾਰਿਆਂ ਨਾਲ ਹੋਏ ਭੇਦਭਾਵ, ਵਖ਼ਰੇਵਿਆਂ ਅਤੇ ਉਹਨਾਂ ਨਾਲ ਹੋਈਆਂ ਵਧੀਕੀਆਂ ਦੀ ਜਾਂਚ ਕਰਨ ਤੇ ਕਮੀਆਂ ਪੇਸ਼ੀਆਂ ਦੂਰ ਕਰਨ ਆਦਿ ਲਈ ਬਣਾਏ ਗਏ ਠਰੁਟਹ ਅਨਦ੍ਰ ੲਚੋਨਚਿਲਿਅਟਿਨ ਛੋਮਮਿਸਸਿੋਨ ਰਿਪੋਰਟ ਦੀਆਂ ਸਿਫਾਰਿਸ਼ਾਂ ਨੂੰ ਲਾਗੂ ਕਰਨ ਵਾਸਤੇ ਸਿਟੀ ਔਫ਼ ਕੈਲਗਰੀ ਵੱਲੋਂ ਕਦਮ ਚੁੱਕੇ ਜਾਣ 'ਤੇ ਵਿਚਾਰ ਹੋ ਰਿਹਾ ਹੈ। ਸਿਟੀ ਦੀ ਵਾਈਟ ਗੂਜ਼ ਫ਼ਲਾਇੰਗ ਰਿਪੋਰਟ ਅਨੁਸਾਰ ਐਕਸ਼ਨ ਲੈਣ ਲਈ ਸਿਟੀ ਤਿਆਰ ਹੋ ਰਿਹਾ ਹੈ। ਵਾਈਟ ਗੂਜ਼ ਫ਼ਲਾਇੰਗ ਰਿਪੋਰਟ ਮਈ 2016 ਵਿਚ ਆ ਗਈ ਸੀ ਤੇ ਇਸ ਵਿਚ 94 ਸਿਫਾਰਿਸ਼ਾਂ ਕੀਤੀਆਂ ਗਈਆਂ ਸਨ। ਇਸ ਵਿੱਚ ਕਿਹਾ ਗਿਆ ਸੀ ਕਿ ਮਾਫੀ ਮੰਗਣ ਤੋਂ ਅੱਗੇ ਜਾ ਕੇ ਕੁਝ ਠੋਸ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਮੂਲ ਨਿਵਾਸੀਆਂ ਨਾਲ ਸੰਬੰਧ ਸੁਧਾਰੇ ਜਾ ਸਕਣ। ਇਸ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਸਿਟੀ ਹੌਲ ਦੇ ਬਾਹਰ ਟ੍ਰੀਅਟੀ ਸੈਵਨ ਝੰਡਾ ਲਹਿਰਾਇਆ ਜਾਵੇਗਾ ਤੇ ਇਸ ਟ੍ਰੀਅਟੀ ਦੇ ਸਾਰੇ ਗਰੁੱਪਾਂ ਦੇ ਝੰਡੇ ਚੇਂਬਰ ਵਿੱਚ ਲਗਾਏ ਜਾਣਗੇ, ਇੱਕ ਥਾਂ ਨਿਰਧਾਰਿਤ ਕੀਤੀ ਜਾਵੇਗੀ ਜਿੱਥੇ ਮੂਲ ਨਿਵਾਸੀ ਇਕੱਠੇ ਹੋ ਸਕਣ ਅਤੇ ਸਿਟੀ ਹੌਲ ਵਿੱਚ ਇੱਕ ਅਸਾਮੀ ਇੰਡਿਜਿਨਸ ਰਿਲੇਸ਼ਨਜ਼ ਔਫਿਸਰ ਵਾਸਤੇ ਬਣਾਈ ਜਾਵੇਗੀ।

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ਕੈਲਗਰੀ ਦੀਆਂ ਸੜਕਾਂ ਉੱਪਰ ਹੁਣ ਬਿਜਲਈ ਬੱਸਾਂ ਚੱਲਣਗੀਆਂ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਟ੍ਰਾਂਜ਼ਿਟ ਵੱਲੋਂ ਚਿਰਾਂ ਤੋਂ ਉਡੀਕੇ ਜਾ ਰਹੇ ਇਲੈਕਟ੍ਰਿਕ ਵਹੀਕਲਜ਼ ਹੁਣ ਸ਼ਹਿਰ ਵਿੱਚ ਜਲਦੀ ਚੱਲਦੇ ਨਜ਼ਰ ਆਉਣਗੇ। ਅਗਲੇ ਸਾਲ ਕੁੱਝ ਕਮਿਊਨਿਟੀਆਂ ਵਿੱਚ ਬੈਟਰੀ ਨਾਲ ਚੱਲਣ ਵਾਲੇ ਇਹ ਵਹੀਕਲਜ਼ ਚਲਾਏ ਜਾਣਗੇ। ਟ੍ਰਾਂਜ਼ਿਟ ਨੇ 14 ਵਿਸਿਨਿਟੀ ਲਾਇਟਨਿੰਗ ਇਲੈਕਟ੍ਰਿਕਲ ਵਹੀਕਲ ਸ਼ਟਲ ਬੱਸਾਂ ਖ਼ਰੀਦੀਆਂ ਸਨ ਤੇ ਇਹਨਾਂ ਦਾ ਸੰਚਾਲਨ 2022 ਤੋਂ ਹੋਣਾ ਹੈ। ਇਹਨਾਂ ਦੀ ਉਡੀਕ 2018 ਤੋਂ ਕੀਤੀ ਜਾ ਰਹੀ ਹੈ। ਇਹ ਮੁਕਾਬਲਤਨ ਛੋਟੀਆਂ ਬੱਸਾਂ ਹਨ ਤੇ ਬਰਫ਼ਬਾਰੀ ਦੌਰਾਨ ਕਮਿਊਨਿਟੀ ਰੂਟਾਂ 'ਤੇ ਇਹਨਾਂ ਨੂੰ ਚਲਾ ਕੇ ਵੇਖਿਆ ਜਾਵੇਗਾ। ਇਹਨਾਂ 14 ਬੱਸਾਂ ਲਈ 60 ਲੱਖ ਡਾਲਰ ਦੀ ਰਕਮ ਖ਼ਰਚ ਕੀਤੀ ਗਈ ਹੈ। ਇਹ ਇਲੈਕਟ੍ਰਿਕ ਬੱਸ, ਦੂਜੀ ਬੱਸ ਤੋਂ ਸਾਇਜ਼ ਵਿੱਚ ਅੱਧੀ ਹੈ। ਹੁਣ ਇਸ ਦੇ ਰੂਟ ਨਿਰਧਾਰਿਤ ਕਰਨ ਲਈ ਮੀਟਿੰਗ ਹੋਵੇਗੀ।


# ਅਲਬਰਟਾ ਵਿੱਚ ਅੱਠ ਲੱਖ ਦੇ ਕਰੀਬ ਲੋਕਾਂ ਨੂੰ ਦੋਵੇਂ ਡੋਜ਼ਿਜ਼ ਲੱਗ ਚੁੱਕੀਆ ਹਨ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਬੀਤੇ ਐਤਵਾਰ ਵਾਲੇ ਦਿਨ ਕੋਵਿਡ-19 ਨਾਲ ਸੰਬੰਧਿਤ 165 ਨਵੇਂ ਕੇਸ ਆਉਣ ਅਤੇ ਇੱਕ ਹੋਰ ਵਿਅਕਤੀ ਦੀ ਮੌਤ ਹੋ ਜਾਣ ਦੀ ਸੂਚਨਾ ਜਾਰੀ ਕੀਤੀ ਗਈ ਹੈ। ਐਲਬਰਟਾ ਭਰ ਵਿੱਚ ਹੁਣ ਕੁੱਲ ਐਕਟਿਵ ਕੇਸਾਂ ਦੀ ਸੰਖਿਆ 3180 ਹੋ ਗਈ ਹੈ ਜਿਹਨਾਂ ਵਿੱਚੋਂ ਕੈਲਗਰੀ ਜ਼ੋਨ ਵਿੱਚ 1320, ਐਡਮੰਟਨ ਜ਼ੋਨ ਵਿੱਚ 800, ਨੌਰਥ ਜ਼ੋਨ ਵਿੱਚ 559, ਸੈਂਟਰਲ ਜ਼ੋਨ ਵਿੱਚ 374 ਅਤੇ ਸਾਊਥ ਜ਼ੋਨ ਵਿੱਚ 126 ਕੇਸ ਰਹਿ ਗਏ ਹਨ। ਸੂਬੇ ਵਿੱਚ ਮਰਨ ਵਾਲੇ ਵਿਅਕਤੀਆਂ ਦੀ ਕੁੱਲ ਗਿਣਤੀ 2270 'ਤੇ ਅੱਪੜ ਗਈ ਹੈ। ਹਸਪਤਾਲਾਂ ਵਿੱਚ ਇਸ ਵਾਇਰਸ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ 272 'ਤੇ ਆ ਗਈ ਹੈ ਜਿਹਨਾਂ ਵਿਚੋਂ 75 ਦਾ ਇਲਾਜ ਇੰਟੈਂਸਿਵ ਕੇਅਰ ਯੂਨਿਟਸ ਵਿੱਚ ਚੱਲ ਰਿਹਾ ਹੈ। ਐਲਬਰਟਾ ਵਿੱਚ ਨਵੇਂ ਵੇਰੀਐਂਟ ਦੇ ਕੁੱਲ ਕੇਸ ਹੁਣ 2417 'ਤੇ ਪਹੁੰਚ ਗਏ ਹਨ। ਸ਼ਨੀਵਾਰ 12 ਜੂਨ ਤੱਕ ਸੂਬੇ ਦੇ 33 ਲੱਖ 84 ਹਜ਼ਾਰ 26 ਵਿਅਕਤੀਆਂ ਨੂੰ ਵੈਕਸਿਨ ਲੱਗ ਚੁੱਕੀ ਰਿਪੋਰਟ ਕੀਤੀ ਗਈ ਹੈ। ਇਹਨਾਂ ਵਿੱਚੋਂ 7 ਲੱਖ 67 ਹਜ਼ਾਰ 586 ਨੂੰ ਦੋਵੇਂ ਡੋਜ਼ਿਜ਼ ਮਿਲ ਚੁੱਕੀਆਂ ਹਨ। ਇਸ ਤਰ੍ਹਾਂ 12 ਸਾਲ ਤੋਂ ਉੱਪਰ ਉਮਰ ਦੇ 68.7% ਲੋਕਾਂ ਨੂੰ ਵੈਕਸਿਨ ਦੀ ਪਹਿਲੀ ਅਤੇ 20.2% ਲੋਕਾਂ ਨੂੰ ਦੋਵੇਂ ਡੋਜ਼ਿਜ਼ ਮਿਲ ਚੁੱਕੀਆਂ ਦਰਜ ਹੋਈਆਂ ਹਨ।

# ਕੈਲਗਰੀ ਦਾ ਮੇਅਰ ਬਣਨ ਦਾ ਚਾਹਵਾਨ ਹਾਲੇ ਜੇਲ ਦੀਆਂ ਸਲਾਖਾਂ ਪਿੱਛੇ ਹੀ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਰੋਨਾ ਵਾਇਰਸ ਦੀ ਮਹਾਮਾਰੀ ਦੇ ਚੱਲਦਿਆਂ ਲਗਾਈਆਂ ਗਈਆਂ ਪਾਬੰਦੀਆਂ ਦੇ ਧੁਰ ਵਿਰੋਧੀ ਰਹੇ ਅਤੇ ਕੈਲਗਰੀ ਮੇਅਰ ਦੇ ਅਹੁਦੇ ਵਾਸਤੇ ਚੋਣ ਲੜਣ ਦੀ ਤਿਆਰੀ ਕਰ ਰਹੇ ਕੈਵਿਨ ਜੇ ਜੌਨਸਟਨ ਨੂੰ ਦੋ ਕ੍ਰਿਮਿਨਿਲ ਚਾਰਜ਼ਾਂ ਦੇ ਸੰਬੰਧ ਵਿੱਚ ਹਿਰਾਸਤ ਵਿੱਚ ਹੀ ਰਹਿਣ ਪਵੇਗਾ ਤੇ ਅਦਾਲਤ ਨੇ ਉਸ ਦੇ ਵਕੀਲ ਦੀ ਉਸ ਦਲੀਲ ਨੂੰ ਨਹੀਂ ਮੰਨਿਆ ਜਿਸ ਵਿੱਚ ਉਸ ਨੇ ਕਿਹਾ ਸੀ ਕਿ ਮਾਮਲਾ ਸ਼ੁਰੂ ਹੋਣ ਤੱਕ ਉਹ ਨਿਰਧਾਰਿਤ ਸਜ਼ਾ ਤੋਂ ਵੀ ਵੱਧ ਸਮਾਂ ਕੈਦ ਕੱਟ ਚੁੱਕਾ ਹੋਵੇਗਾ। ਕੈਵਿਨ ਜੇ ਜੌਨਸਟਨ ਵਿਰੁੱਧ ਮੁਕੱਦਮੇ ਦੀ ਸ਼ੁਰੂਆਤ 12 ਜੁਲਾਈ ਨੂੰ ਹੋਣੀ ਹੈ ਤੇ ਉਸ ਦਿਨ ਤੱਕ ਉਸ ਨੂੰ ਅੰਦਰ ਗਿਆਂ 72 ਦਿਨ ਹੋ ਜਾਣਗੇ। ਸਜ਼ਾ ਦਿੱਤੇ ਜਾਣ ਵੇਲੇ ਇੱਕ ਦਿਨ ਦੇ ਬਦਲੇ ਡੇਢ ਦਿਨ ਦਾ ਕ੍ਰੈਡਿਟ ਦਿੱਤਾ ਜਾਂਦਾ ਹੈ। ਜੌਨਸਟਨ ਦੇ ਵਕੀਲ ਨੇ ਕਿਹਾ ਕਿ ਉਸ ਨੂੰ ਰਿਹਾ ਕਰਨਾ ਚਾਹੀਦਾ ਹੈ ਕਿਉਂਕਿ ਉਸ ਦੀ ਸਜ਼ਾ ਵੀ ਇੰਨੀ ਨਹੀਂ ਹੋਣੀ ਜਿੰਨੀ ਉਹ ਉਸ ਸਮੇਂ ਤੱਕ ਕੱਟ ਚੁੱਕਿਆ ਹੋਵੇਗਾ। ਪਿਛਲੇ ਦਿਨੀਂ ਉਹ ਆਪਣੇ 4 ਸਾਥੀਆਂ ਨਾਲ ਇੱਕ ਸ਼ੌਪਿੰਗ ਮੌਲ ਵਿੱਚ ਆਪਣੇ ਲਈ ਸੂਟ ਅਤੇ ਸ਼ੂਜ਼ ਖ਼ਰੀਦਣ ਗਿਆ ਹੋਇਆ ਸੀ ਜਿੱਥੇ ਖੱਪ ਪਾਉਣ ਦੇ ਸੰਬੰਧ ਵਿੱਚ ਉਸ ਵਿਰੁੱਧ ਦੋਸ਼ ਲਗਾਏ ਗਏ ਸਨ। ਹੁਣ ਉਹ ਭਲਕੇ ਕੋਰਟ ਵਿੱਚ ਆਪਣੇ 'ਤੇ ਲੱਗੇ ਦੋਸ਼ਾਂ ਦਾ ਜਵਾਬ ਦੇਵੇਗਾ।






# ਓਂਟੈਰੀਓ ਵਿੱਚ ਮਾਰੇ ਗਏ ਪਰਿਵਾਰ ਲਈ ਹਾਅ ਦਾ ਨਾਹਰਾ ਮਾਰਨ ਵਾਲੇ ਕੈਲਗਰੀ ਵਿੱਚ ਇੱਕਠੇ ਹੋਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) –ਟੈਰੀ– ਦੇ ਲੰਡਨ ਵਿੱਚ ਪਾਕਿਸਤਾਨੀ ਮੂਲ ਦੇ ਇੱਕ ਮੁਸਲਮਾਨ ਪਰਿਵਾਰ ਦੇ 4 ਜੀਆਂ ਦੇ ਕਤਲ ਕਰ ਦਿੱਤੇ ਜਾਣ ਮਗਰੋਂ ਅਫ਼ਸੋਸ ਵਿਚੋਂ ਗ਼ੁਜ਼ਰ ਰਹੇ ਕੈਲਗਰੀ ਦੇ ਮੁਸਲਿਮ ਭਾਈਚਾਰੇ ਵੱਲੋਂ ਲੰਘੇ ਸ਼ਨੀਵਾਰ 12 ਜੂਨ ਵਾਲੇ ਦਿਨ ਨੌਰਥ ਈਸਟ ਵਿਚਲੇ ਪ੍ਰੇਅਰੀ ਵਿੰਡਜ਼ ਪਾਰਕ ਵਿੱਚ ਇੱਕ ਵਾਕ ਦਾ ਆਯੋਜਨ ਕੀਤਾ ਗਿਆ। ਪਾਕਿਸਤਾਨ ਕੈਨੇਡਾ ਐਸੋਸਿਏਸ਼ਨ ਦੇ ਬੈਨਰ ਹੇਠ ਇਸ ਵਾਕ ਦਾ ਪ੍ਰੋਗਰਾਮ, ਰੱਖਿਆ ਗਿਆ ਸੀ। ਸੰਸਥਾ ਦੇ ਪ੍ਰੈਜ਼ੀਡੈਂਟ ਅਹਿਮਦ ਨਦੀਮ ਮੈਮਨ, ਮੁਹੰਮਦ ਮਲਿਕ, ਸ਼ਹਿਨਾਜ਼ ਮੁਨੀਰ ਤੇ ਉਹਨਾਂ ਦੇ ਤਮਾਮ ਵਲੰਟੀਅਰ ਸਾਥੀ, ਮਨਿਸਟਰ ਰਾਜਨ ਸਾਹਨੀ, ਐਮ.ਐਲ.ਏ. ਇਰਫਾਨ ਸਾਬਿਰ, ਐਮ.ਐਲ.ਏ. ਦਵਿੰਦਰ ਤੂਰ, ਪਰਮੀਤ ਸਿੰਘ ਬੋਪਾਰਾਇ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਇਸ ਮਾਰਚ ਵਿੱਚ ਸ਼ਾਮਿਲ ਸਨ। ਸਾਰੇ ਬੁਲਾਰਿਆਂ ਨੇ ਇਜ਼ਲਾਮੋਫੋਬੀਆ, ਐਂਟਾਇ ਮੁਸਲਿਮ ਭਾਵਨਾ, ਹੇਟ ਕ੍ਰਾਇਮ ਤੇ ਨਸਲਵਾਦ ਦੇ ਖਿਲਾਫ਼ ਜ਼ੋਰਦਾਰ ਆਵਜ਼ ਬੁਲੰਦ ਕੀਤੀ। ਉੱਧਰ ਲੰਡਨ, –ਟੈਰੀ– ਵਿੱਚ ਮਾਰੇ ਗਏ ਅਫ਼ਜ਼ਾਲ ਪਰਿਵਾਰ ਦੇ 4 ਮੈਂਬਰਾਂ ਨੂੰ ਧਾਰਮਿਕ ਰੀਤਾਂ ਅਨੁਸਾਰ ਸਪੁਰਦੇ ਖਾਕ ਕਰ ਦਿੱਤਾ ਗਿਆ ਹੈ।

# ਕੈਲਗਰੀ ਪੁਲਿਸ ਦਾ ਕਹਿਣਾ ਹੈ ਕਿ ਇਸ ਸਾਲ ਅਪਰਾਧ ਦਰ ਤਾਂ ਘਟੀ ਹੈ ਪਰ ਗੋਲੀਬਾਰੀ ਅਤੇ ਗੈਂਗਵਾਰ ਵਿੱਚ ਵਾਧਾ ਹੋਇਆ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਪੁਲਿਸ ਦਾ ਕਹਿਣਾ ਹੈ ਕਿ ਸਾਲ 2020 ਦੌਰਾਨ ਸ਼ਹਿਰ ਵਿੱਚ ਅਪਰਾਧ ਦਰ ਵਿੱਚ ਕਮੀ ਦਰਜ ਕੀਤੀ ਗਈ ਹੈ ਪਰ ਇਸ ਸਾਲ ਵਿੱਚ ਗੋਲੀਬਾਰੀ ਅਤੈਂ ਗੈਂਗਜ਼ ਵਾਰਦਾਤਾਂ ਵਿੱਚ ਵਾਧਾ ਹੋਇਆ ਹੈ। ਸਾਲ 2020 ਦੌਰਾਨ ਪੁਲਿਸ ਨੂੰ 3 ਲੱਖ 85 ਹਜ਼ਾਰ ਕਾਲਾਂ ਕੀਤੀਆਂ ਗਈਆਂ ਤੇ ਸਾਲ 2019 ਦੇ ਮੁਕਾਬਲੇ ਇਹਨਾਂ ਵਿੱਚ 8% ਦਾ ਇਜ਼ਾਫਾ ਹੋਇਆ। ਪੁਲਿਸ ਅਫਸਰ ਨੇ ਕਾਲਾਂ ਦੇ ਜੁਆਬ ਵਿੱਚ 74% ਹਾਜ਼ਰੀ ਭਰੀ। ਔਨਲਾਇਨ ਕ੍ਰਾਇਮ ਰਿਪੋਰਟਿੰਗ ਵਿੱਚ 30% ਦਾ ਵਾਧਾ ਦਰਜ ਕੀਤਾ ਗਿਆ। ਸਾਲ 2019 ਵਿੱਚ ਅਪਰਾਧਕ ਵਾਰਦਾਤਾਂ ਵਿੱਚ ਪਿਛਲੇ 10 ਸਾਲਾਂ ਦਾ ਰਿਕਾਰਡ ਟੁੱਟਿਆ ਸੀ ਪਰ ਸਾਲ 2020 ਵਿੱਚ ਇਹਨਾਂ ਵਾਰਦਾਤਾਂ ਵਿੱਚ ਕਮੀ ਦਰਜ ਕੀਤੀ ਗਈ ਪਰ ਇਸੇ ਦੌਰਾਨ ਗੋਲੀ ਚੱਲਣ ਅਤੇ ਗੈਂਗਜ਼ ਨਾਲ ਸੰਬੰਧਿਤ ਘਟਨਾਵਾਂ ਵਿੱਚ ਇਜ਼ਾਫਾ ਹੋ ਗਿਆ। ਲੋਕਾਂ ਦੇ ਮਾੜੇ ਵਿਹਾਰ, ਸ਼ੱਕੀ ਗਤੀਵਿਧੀਆਂ, ਸ਼ੋਰ-ਸ਼ਰਾਬਾ, ਮੈਂਟਲ ਹੈਲਥ ਕੌਨਸਰਨਜ਼, ਓਵਰ-ਸਪੀਡਿੰਗ ਅਤੇ ਕੋਵਿਡ-19 ਨਿਯਮਾਂ ਦੇ ਉਲੰਘਣ ਸੰਬੰਧੀ ਪੁਲਿਸ ਨੂੰ ਪਿਛਲੇ ਸਾਲ ਹਰ ਰੋਜ਼ ਔਸਤਨ 280 ਕਾਲਾਂ ਜਾਂਦੀਆਂ ਰਹੀਆਂ ਹਨ।

# ਕੈਲਗਰੀ ਦੇ ਲੋੜਵੰਦ ਬੱਚਿਆਂ ਨੂੰ ਸਾਈਕਲ ਵੰਡੇ ਗਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵਲੰਟੀਅਰ ਕਾਰਜ ਵਜੋਂ ਸ਼ੁਰੂ ਕੀਤੇ ਗਏ ਵਾਇ.ਵਾਇ.ਸੀ. ਕਿਡਜ਼ ਰਾਇਡ ਪ੍ਰੋਗਰਾਮ ਤਹਿਤ ਸੈਂਕੜੇ ਬੱਚਿਆਂ ਨੂੰ ਬਾਇਕ ਮੁਹਈਆ ਕਰਵਾਏ ਗਏ ਹਨ ਤੇ ਇਹ ਤੀਸਰਾ ਸਲਾਨਾ ਅਜਿਹਾ ਪ੍ਰੋਗਰਾਮ ਸੀ। ਕੁੱਲ 450 ਬਾਇਕ ਬੱਚਿਆਂ ਨੂੰ ਭੇਟ ਕੀਤੇ ਗਏ। ਕੈਲਗਰੀ ਅਤੇ ਨਾਲ ਲਗਦੀਆਂ ਕਈ ਕਮਿਉਨਿਟੀਆਂ ਵਿੱਚੋਂ ਇਹ ਬਾਇਕ ਦਾਨ ਕੀਤੇ ਗਏ ਸਨ। ਇਹ ਬਾਇਕ ਲੋੜਵੰਦ ਅਤੇ ਖ਼ਤਰੇ ਹੇਠ ਰਹਿ ਰਹੇ ਬੱਚਿਆਂ ਨੂੰ ਦਿੱਤੇ ਜਾ ਹਨ। ਵਾਇ.ਵਾਇ.ਸੀ. ਕਿਡਜ਼ ਰਾਇਡ ਦੇ ਸੰਸਥਾਪਕ ਗਾਰ-ਗਾਰ ਨੇ ਦੱਸਿਆ ਕਿ ਬਹੁਤ ਸਾਰੇ ਪਰਿਵਾਰ ਬਹੁਤ ਮੁਸ਼ਕਲ ਹਾਲਾਤ ਵਿੱਚੋਂ ਗੁਜ਼ਰ ਰਹੇ ਹਨ ਤੇ ਬੱਚਿਆਂ ਦੀਆਂ ਰੀਝਾਂ ਪੂਰੀਆਂ ਕਰਨਾ ਉਹਨਾਂ ਵਾਸਤੇ ਮੁਸ਼ਕਿਲ ਹੋ ਚੁੱਕਿਆ ਹੈ ਅਜਿਹੇ ਵਿੱਚ ਲੋਕਾਂ ਦੇ ਸਹਿਯੋਗ ਨਾਲ ਇਹਨਾਂ ਬੱਚਿਆਂ ਦੇ ਚਿਹਰਿਆਂ 'ਤੇ ਮੁਸਕਰਾਹਟਾਂ ਲਿਆਉਣਾ ਰੱਬੀ ਖੁਸ਼ੀ ਹਾਸਲ ਕਰਨ ਵਾਂਗ ਹੈ। ਪਿਛਲੇ ਸਾਲ 320 ਬੱਚਿਆਂ ਨੂੰ ਬਾਇਕਸ ਦਿੱਤੇ ਗਏ ਸਨ। ਇਸ ਸੰਬੰਧੀ ਫੇਸਬੁਕ ਪੇਜ 'ਵਾਇ.ਵਾਇ.ਸੀ.ਕਿਡਜ਼ ਰਾਇਡ' ਬਣਾਇਆ ਗਿਆ ਹੈ ਜਿਸ ਰਾਹੀਂ ਲੋਕ ਬਾਇਕ ਦਾਨ ਕਰ ਸਕਦੇ ਹਨ।

# ਇਜ਼ਰਾਇਲ ਦਾ ਪ੍ਰਧਾਨ ਮੰਤਰੀ ਸਿਰਫ ਇੱਕ ਵੋਟ ਖਾਤਰ ਗੱਦੀ ਗੁਆ ਬੈਠਾ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਇਜ਼ਰਾਇਲ ਦੀ ਸੰਸਦ ਨੇ ਆਖ਼ਰ ਪਿਛਲੇ 12 ਸਾਲਾ ਤੋਂ ਚੱਲੀ ਆ ਰਹੀ ਬੈਨਿਆਮਿਨ ਨੇਤੈਨਿਆਹੂ ਦੀ ਸਰਕਾਰ ਦਾ ਭੋਗ ਪਾ ਦਿੱਤਾ ਹੈ ਤੇ ਉਹ ਹੁਣ ਵਿਰੋਧੀ ਧਿਰ ਵਿੱਚ ਸ਼ਾਮਿਲ ਹੋ ਗਏ ਹਨ। 49 ਸਾਲਾ ਨੈਫਟੈਲੀ ਬੈਨੈਂਟ ਨੇ ਦੇਸ਼ ਦੇ ਨਵੇਂ ਪ੍ਰਾਇਮ ਮਨਿਸਟਰ ਵਜੋਂ ਹਲਫ਼ ਲੈ ਲਿਆ ਹੈ। ਉਹ ਪਹਿਲਾਂ 71 ਸਾਲਾ ਬੈਨਿਆਮਿਨ ਨੇਤੈਨਿਆਹੂ ਦੇ ਭਾਈਵਾਲ ਸਨ ਤੇ ਪਿਛਲੇ ਦਿਨੀਂ ਉਹਨਾਂ ਨੇ ਉਹਨਾਂ ਤੋਂ ਤੋੜ ਵਿਛੋੜਾ ਕਰ ਲਿਆ ਸੀ। ਪਿਛਲੇ 2 ਸਾਲਾਂ ਵਿੱਚ 4 ਵਾਰ ਚੋਣਾਂ ਹੋ ਚੁੱਕੀਆਂ ਹਨ ਪਰ ਕਿਸੇ ਧਿਰ ਨੂੰ ਬਹੁਮਤ ਨਹੀਂ ਮਿਲ ਰਿਹਾ ਸੀ ਤੇ ਬੈਨਿਆਮਿਨ ਨੇਤੈਨਿਆਹੂ ਪ੍ਰਾਇਮ ਮਨਿਸਟ ਬਣੇ ਹੋਏ ਸਨ। ਹੁਣ ਵਿਰੋਧੀ ਧਿਰਾਂ ਨੇ ਇਕੱਠੇ ਹੋ ਕੇ ਉਸ ਨੂੰ ਬਾਹਰ ਕੱਢ ਦਿੱਤਾ ਹੈ। ਦੋ ਸਾਲ ਯੈਮਿਨਾ ਪਾਰਟੀ ਦੇ ਲੀਡਰ ਨੈਫਟੈਲੀ ਬੈਨੈਂਟ ਦੇਸ਼ ਦੇ ਪ੍ਰਾਇਮ ਮਨਿਸਟਰ ਰਹਿਣਗੇ ਤੇ ਉਸ ਤੋਂ ਦੋ ਸਾਲ ਬਾਦ ਯਾਇਰ ਲੈਪਿਡ ਦੇਸ਼ ਦੇ ਪ੍ਰਾਇਮ ਮਨਿਸਟਰ ਬਣਨਗੇ। ਸੰਸਦ ਵਿੱਚ ਵਿਰੋਧੀਆਂ ਨੂੰ 60 ਅਤੇ ਨੇਤੈਨਿਆਹੂ ਨੂੰ 59 ਵੋਟ ਮਿਲੇ ਤੇ ਸਿਰਫ਼ ਇੱਕ ਵੋਟ ਦੇ ਫ਼ਰਕ ਨਾਲ ਉਹ ਹਾਰ ਗਏ। ਨੇਤੈਨਿਆਹੂ ਨੇ ਇਸ ਗਠਬੰਧਨ ਨੂੰ ਅਨੈਤਿਕ ਕਰਾਰ ਦਿੱਤਾ ਹੈ ਤੇ ਕਿਹਾ ਹੈ ਕਿ ਉਹ ਇਸ ਨੂੰ ਫੇਲ ਕਰਨ ਲਈ ਹਰ ਕੋਸ਼ਿਸ਼ ਕਰਨਗੇ।

# ਕੋਵਿਡ ਦਾ ਟੀਕਾ ਲਗਵਾਉਣ ਵਾਲਾ ਅਲਬਰਟਾ ਵਾਸੀ ਇੱਕ ਮਿਲੀਅਨ ਡਾਲਰ ਦਾ ਮਾਲਕ ਬਣ ਸਕਦਾ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਕੋਵਿਡ-19 ਵੈਕਸਿਨ ਦੀ ਪਹਿਲੀ ਡੋਜ਼ ਲਗਵਾਉਣ ਵਾਸਤੇ ਘੱਟ ਹੁੰਦੀ ਜਾ ਰਹੀ ਮੰਗ ਨੂੰ ਵੇਖਦਿਆਂ ਅਤੇ ਲੋਕਾਂ ਵਿੱਚ ਇਸ ਪ੍ਰਤੀ ਜਾਗਰੂਕਤਾ ਵਧਾਉਣ ਦੇ ਇਰਾਦੇ ਨਾਲ ਜੇਸਨ ਕੈਨੀ ਸਰਕਾਰ ਨੇ ਸੂਬੇ ਵਿੱਚ 1-1 ਮਿਲੀਅਨ ਡਾਲਰ ਦੇ 3 ਇਨਾਮ ਦੇਣ ਦਾ ਐਲਾਨ ਕੀਤਾ ਹੈ। ਸ਼ਨੀਵਾਰ 12 ਜੂਨ ਵਾਲੇ ਦਿਨ ਸੋਸ਼ਲ ਮੀਡੀਆ ਰਾਹੀਂ ਜਾਰੀ ਆਪਣੇ ਸੁਨੇਹੇ ਵਿੱਚ ਪ੍ਰੀਮੀਅਰ ਜੇਸਨ ਕੈਨੀ ਨੇ ਕਿਹਾ ਕਿ ਕੋਵਿਡ-19 ਇੰਜੈਕਸ਼ਨ ਲਗਵਾਉਣ ਵਾਲੇ ਸੂਬਾ ਵਾਸੀ ਇਹ ਲਾਟਰੀ ਜਿੱਤ ਸਕਦੇ ਹਨ। ਲਾਟਰੀ ਦਾ ਪਹਿਲਾ ਡਰਾਅ ਉਸ ਦਿਨ ਕੱਢਿਆ ਜਾਵੇਗਾ ਜਿਸ ਦਿਨ ਸੂਬੇ ਵਿੱਚ ਸਿਹਤ ਪਾਬੰਦੀਆਂ ਤੋਂ ਢਿੱਲ ਦੇਣ ਦੇ ਤੀਜੇ ਪੜਾਅ ਦਾ ਐਲਾਨ ਕੀਤਾ ਜਾਵੇਗਾ। ਇਹ ਇਨਾਮ ਉਸ ਨੂੰ ਨਿੱਕਲ ਸਕਦਾ ਹੈ ਜਿਸ ਦੀ ਉਮਰ 18 ਸਾਲ ਤੋਂ ਉੱਪਰ ਅਤੇ ਜਿਸ ਦੇ ਕੋਵਿਡ-19 ਵੈਕਸਿਨ ਦਾ ਘੱਟੋ ਘੱਟ ਪਹਿਲਾ ਟੀਕਾ ਲੱਗਿਆ ਹੋਵੇ। ਲੋਕਾਂ ਨੂੰ ਇਸ ਵਾਸਤੇ ਰਜਿਸਟਰ ਕਰਨਾ ਪਵੇਗਾ ਤੇ ਇਸ ਦੀ ਸੂਚਨਾ ਜਾਰੀ ਕੀਤੀ ਜਾ ਰਹੀ ਹੈ। ਜਿਸ ਦਿਨ ਸੂਬੇ ਵਿੱਚ 70% ਲੋਕਾਂ ਨੂੰ ਵੈਕਸਿਨ ਲੱਗ ਗਈ, ਰਜਿਸਟਰੇਸ਼ਨ ਉਸ ਦਿਨ ਖੁੱਲ੍ਹੇਗੀ ਤੇ 7 ਦਿਨ ਜਾਰੀ ਰਹੇਗੀ। ਇਸ ਤੋਂ ਦੋ ਹਫ਼ਤੇ ਬਾਦ ਢਿੱਲਾਂ ਦਾ ਤੀਸਰਾ ਪੜਾਅ ਲਾਗੂ ਹੋਵੇਗਾ।

ਪ੍ਰੀਮੀਅਰ ਜੇਸਨ ਕੈਨੀ ਨੇ ਬੀਤੀ 14 ਜੂਨ ਨੂੰ ਇਸ ਦਾ ਐਲਾਨ ਕਰਦਿਆਂ ਕਿਹਾ ਕਿ 1-1 ਮਿਲੀਅਨ ਡਾਲਰ ਦੇ 3 ਇਨਾਮ ਕੱਢੇ ਜਾਣਗੇ। ਪਹਿਲੀ ਲਾਟਰੀ ਲਈ 18 ਸਾਲ ਤੋਂ ਉਪਰ, ਐਲਬਰਟਾ ਵਾਸੀ ਜਿਹਨਾਂ ਪਹਿਲਾ ਟੀਕਾ ਲਗਵਾ ਲਿਆ ਹੈ, ਇਸ ਵਾਸਤੇ ਰੈਜਿਸਟਰ ਕਰ ਸਕਦੇ ਹਨ। ਇਸ ਦਾ ਪਹਿਲਾ ਡ੍ਰਾਅ ਸਿਹਤ ਪਾਬੰਦੀਆਂ ਵਿੱਚ ਢਿੱਲਾਂ ਦੇ ਤੀਜੇ ਫੇਜ਼ ਦਾ ਐਲਾਨ ਕਰਨ ਵਾਲੇ ਦਿਨ ਕੱਢਿਆ ਜਾਵੇਗਾ। ਦੂਜੇ ਅਤੇ ਤੀਜੇ ਡ੍ਰਾਅ ਵਾਸਤੇ ਦੋ-ਦੋ ਟੀਕੇ ਲੱਗੇ ਹੋਣੇ ਚਾਹੀਦੇ ਹਨ ਤੇ 31 ਅਗਸਤ ਨੂੰ ਹੋਣ ਵਾਲੇ ਦੂਜੇ ਡਰਾਅ ਲਈ 24 ਅਗਸਤ ਅਤੇ 30 ਸਤੰਬਰ ਨੂੰ ਹੋਣ ਵਾਲੇ ਤੀਜੇ ਡ੍ਰਾਅ ਲਈ 23 ਸਤੰਬਰ ਤੱਕ ਰੈਜਿਸਟ੍ਰੇਸ਼ਨ ਹੋਣੀ ਜ਼ਰੂਰੀ ਹੈ। ਇਸ ਤੋਂ ਇਲਾਵਾ ਹੋਰ ਵੀ ਇਨਾਮ ਦਿੱਤੇ ਜਾਣਗੇ ਜਿਹਨਾਂ ਦਾ ਐਲਾਨ ਆਉਣ ਵਾਲੇ ਦਿਨਾਂ ਵਿੱਚ ਕੀਤਾ ਜਾਵੇਗਾ।

# ਮਿਉਨਿਸਿਪਲ ਚੋਣਾ ਨਾਲ ਨਾਲ ਹੀ ਅਲਬਰਟਾ ਵਿੱਚ ਐਕੁਅਲਾਇਜ਼ੇਸ਼ਨ ਪੇਅਮੈਂਟਸ ਬਾਰੇ ਰੈਫਰੈਂਡਮ ਵੀ ਹੋਵੇਗਾ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਆਉਂਦੀ 18 ਅਕਤੂਬਰ ਨੂੰ ਮਿਉਨਿਸਿਪਲ ਚੋਣਾਂ ਮੌਕੇ ਸੂਬਾ ਵਾਸੀਆਂ ਕੋਲੋਂ ਪੁੱਛੇ ਜਾਣ ਵਾਲੇ ਉਸ ਸਵਾਲ ਦਾ ਖੁਲਾਸਾ ਕੀਤਾ ਗਿਆ ਹੈ ਜਿਹੜਾ ਐਕੁਅਲਾਇਜ਼ੇਸ਼ਨ ਪੇਅਮੈਂਟਸ ਨੂੰ ਕੈਨੇਡਾ ਦੇ ਸੰਵਿਧਾਨ ਤੋਂ ਵੱਖ ਕਰਨ ਸੰਬੰਧੀ ਰੈਫ਼ਰੰਡਮ ਦਾ ਹਿੱਸਾ ਹੋਵੇਗਾ। ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਕੱਲ੍ਹ ਜਸਟਿਸ ਮਨਿਸਟਰ ਕੇਅਸੀ ਮੈਡੂ ਦੇ ਨਾਲ ਮੀਡੀਆ ਨੂੰ ਦੱਸਿਆ ਕਿ ਉਹਨਾਂ ਵੱਲੋਂ ਇਸ ਸੰਬੰਧੀ ਵਿਧਾਨਸਭਾ ਵਿੱਚ ਬਹਿਸ ਵਾਸਤੇ ਇਹ ਸਵਾਲ ਪੇਸ਼ ਕਰ ਦਿੱਤਾ ਹੈ। ਇਹ ਸਵਾਲ ਹੋਵੇਗਾ, "ਕੀ ਕੌਂਸਟਿਟਿਊਸ਼ਨ ਐਕਟ 1982 ਦੇ ਸੈਕਸ਼ਨ 36 ਧਾਰਾ 2 ਦੇ ਤਹਿਤ ਦਰਜ ਪਾਰਲਿਮੈਂਟ ਅਤੇ ਕੈਨੇਡਾ ਸਰਕਾਰ ਦੇ ਐਕੁਏਲਾਇਜ਼ੇਸ਼ਨ ਪੇਅਮੈਂਟ ਦੇਣ ਦੇ ਸਿਧਾਂਤ ਨੂੰ ਸੰਵਿਧਾਨ ਵਿੱਚੋਂ ਖ਼ਤਮ ਕਰਨ ਦੇਣਾ ਚਾਹੀਦਾ ਹੈ?" ਇਸ ਦੇ ਜਵਾਬ ਵਿੱਚ ਲੋਕਾਂ ਵੱਲੋਂ ਹਾਂ ਜਾਂ ਨਾਂਹ ਵਿੱਚ ਵੋਟ ਕੀਤਾ ਜਾਵੇਗਾ। ਜੇ ਬਹੁਗਿਣਤੀ ਲੋਕ ਹਾਂ ਵਿੱਚ ਵੋਟ ਕਰਦੇ ਹਨ ਤਾਂ ਇਸ ਦਾ ਦਬਾਅ ਫੈਡਰਲ ਸਰਕਾਰ 'ਤੇ ਵਧਾਇਆ ਜਾਵੇਗਾ ਕਿ ਲੋਕ ਰਾਇ ਮੁਤਾਬਕ ਸਰਕਾਰ ਕੰਮ ਕਰੇ। ਸਾਲ 1961 ਤੋਂ ਲੈ ਕੇ ਹੁਣ ਤੱਕ ਫੈਡਰਲ ਸਰਕਾਰ ਤੋਂ ਅਲਬਰਟਾ ਵੱਲ ਨੂੰ ਆਈ ਰਕਮ ਨਾਲੋਂ 600 ਬਿਲੀਅਨ ਡੌਲਰ ਤੋਂ ਜ਼ਿਆਦਾ ਰਕਮ ਐਲਬਰਟਾ ਤੋਂ ਐਕੁਏਲਾਇਜ਼ੇਸ਼ਨ ਪੇਅਮੈਂਟ ਵਜੋਂ ਜਾ ਚੁੱਕੀ ਹੈ। ਪ੍ਰੀਮੀਅਰ ਨੇ ਕਿਹਾ ਕਿ ਇਹ ਪੇਅਮੈਂਟ ਐਲਬਰਟਾ ਅਤੇ ਐਲਬਰਟਾ ਵਾਸੀਆਂ ਲਈ ਵੱਡੇ ਵਖ਼ਰੇਵੇਂ ਦਾ ਕਾਰਨ ਬਣੀ ਹੈ। ਚੇਤੇ ਰਹੇ ਕਿ ਸਿਰਫ਼ ਰੈਫ਼ਰੰਡਮ ਵਿੱਚ ਪਾਸ ਹੋ ਜਾਣ ਨਾਲ ਹੀ ਇਹ ਪੇਅਮੈਂਟ ਬੰਦ ਨਹੀਂ ਹੋ ਜਾਣੀ ਸਗੋਂ ਇਸ ਵਾਸਤੇ ਦੋ ਤਿਹਾਈ ਸੂਬਿਆਂ ਵੱਲੋਂ ਵੀ ਸਮਰਥਨ ਮਿਲਣਾ ਜ਼ਰੂਰੀ ਹੈ।

# ਚੋਰਾਂ ਵੱਲੋਂ ਬਜ਼ੁਰਗਾਂ ਦਾ ਫਰਨੀਚਰ ਚੋਰੀ ਕਰ ਲਿਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਸਾਊਥ ਵੈਸਟ ਵਿੱਚ ਸਥਿੱਤ ਗੈਰਿਜ਼ਨ ਵੁਡਜ਼ ਵਿਚਲੀ ਸਟੈਅਵੈੱਲ ਮੇਨਰ ਵਿਲੇਜ ਨਾਮ ਦੀ ਸੀਨੀਅਰਜ਼ ਰੈਜ਼ਿਡੈਂਸ ਫੈਸਿਲਿਟੀ ਤੋਂ 4 ਹਜ਼ਾਰ ਡਾਲਰ ਦੀ ਕੀਮਤ ਦਾ ਹਾਇ-ਕੁਆਲਿਟੀ ਪੈਟੀ-ਫ਼ਰਨੀਚਰ ਚੋਰੀ ਕਰ ਲਏ ਜਾਣ ਦੀ ਸੂਚਨਾ ਹੈ। ਕੋਵਿਡ-19 ਮਹਾਮਾਰੀ ਦੇ ਚਲਦਿਆਂ ਇੱਥੇ ਰਹਿਣ ਵਾਲੇ ਬਜ਼ੁਰਗ਼ ਪਹਿਲਾਂ ਹੀ ਅੰਦਰ ਬੰਦ ਸਨ ਤੇ ਹੁਣ ਹੌਲੀ ਹੌਲੀ ਸਥਿਤੀ ਨੌਰਮਲ ਹੁੰਦੀ ਜਾ ਰਹੀ ਕਰਕੇ ਬਾਹਰ ਨਿਕਲਣਾ ਸ਼ੁਰੂ ਹੋਏ ਸਨ ਪਰ ਹੁਣ ਉਹਨਾਂ ਦੇ ਬੈਠਣ ਵਾਲਾ ਫ਼ਰਨੀਚਰ ਹੀ ਚੋਰੀ ਕਰ ਲਿਆ ਗਿਆ ਹੈ। ਪੁਲਿਸ ਨੂੰ ਰਿਪੋਰਟ ਕਰ ਦਿੱਤਾ ਗਿਆ ਹੈ ਤੇ ਸੀਨੀਅਰਜ਼ ਰੈਜ਼ਿਡੈਂਸ ਵੱਲੋਂ ਅਪੀਲ ਕੀਤੀ ਗਈ ਹੈ ਕਿ ਇਹਨਾਂ ਬਜ਼ੁਰਗ਼ਾਂ ਦਾ ਸਮਾਨ ਵਾਪਸ ਕਰ ਦਿੱਤਾ ਜਾਵੇ ਕਿਉਂਕਿ ਉਹਨਾਂ ਨੂੰ ਇਸ ਦੀ ਬਹੁਤ ਜ਼ਿਆਦਾ ਲੋੜ ਹੈ।























ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ
TOWNHOMES FROM THE $250s
DUPLEXES FROM THE $400s
LANED HOMES FROM THE $400s
FRONT GARAGE FROM THE $500s
REDSTONE
ਆਖਰੀ ਲਾਟਾਂ ਮੌਜੂਦ ਹਨ
ਹੁਣ ਆਨ ਲਾਈਨ ਵਰਚੁਅਲ ਟੂਰ ਵੀ ਲੈ ਸਕਦੇ ਹੋ
ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ
redstonecommunity.ca
DEERFOOT TRAIL
STONEY TRAIL NE
201
COUNTRY HILLS BLVD NE
2
METIS TRAIL NE
• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


SOUTH POINTE TOYOTA
FOR ONLY $118 A WEEK! WITH $3888 DOWN
0% FINANCING
NO PAYMENTS UNTIL JULY 2020!
ALL NEW REDESIGNED
2020 HIGHLANDER
PRE-ORDER YOURS TODAY!
403-567-8888
WWW.SOUTHPOINTETOYOTA.COM
11500 35 ST SE #7000
CALGARY, AB T2Z 3W4
SALES@SOUTHPOINTETOYOTA.COM
7WWW.SOUTHPOINTETOYOTA.COM
CALGARYS LARGEST AND MOST AWARDED TOYOTA DEALERSHIP
WWW.SOUTHPOINTETOYOTA.COM

# ਸਿਟੀ ਆਫ ਕੈਲਗਰੀ ਨੇ ਆਪਣੀਆਂ ਫੀਸਾਂ ਵਧਾ ਦਿੱਤੀਆ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਿਟੀ ਔਫ਼ ਕੈਲਗਰੀ ਨੇ ਸਿਟੀ ਔਨਲਾਇਨ ਤੋਂ ਹਾਸਲ ਕੀਤੀ ਜਾ ਸਕਣ ਵਾਲੀ ਪ੍ਰੌਪਰਟੀ ਇਨਫੌਰਮੇਸ਼ਨ ਹਾਸਲ ਕਰਨ ਬਦਲੇ ਵਸੂਲੀ ਜਾਂਦੀ ਫੀਸ ਵਿੱਚ ਚੁੱਪ-ਚੁਪੀਤੇ ਵਾਧਾ ਕਰ ਦਿੱਤਾ ਹੈ। ਇਹਨਾਂ ਫੀਸਾਂ ਵਿੱਚ ਦੁੱਗਣੇ ਤੋਂ ਚਾਰ ਗੁਣਾ ਤੱਕ ਵਾਧਾ ਕੀਤਾ ਗਿਆ ਹੈ। ਅਸੈਸਮੈਂਟ ਡੀਟੇਲਜ਼ ਲਈ ਵਸੂਲ ਕੀਤੀ ਜਾਂਦੀ 6 ਡਾਲਰ ਫੀਸ ਹੁਣ 13 ਡਾਲਰ ਲਈ ਜਾਇਆ ਕਰੇਗੀ। ਬੇਸਿਕ ਸਾਇਟ ਇਨਫੌਰਮੇਸ਼ਨ ਮੈਪਵਿਊ ਦੇ ਨਾਲ ਹੁਣ ਸਾਢੇ 16 ਡਾਲਰ ਵਿੱਚ ਮਿਲੇਗੀ; ਪਹਿਲਾਂ ਇਸ ਦੀ ਫੀਸ ਪੌਣੇ ਅੱਠ ਡਾਲਰ ਸੀ। ਡਿਵੈਲਪਮੈਂਟ ਪਰਮਿਟ ਸਟੇਟਸ ਫੀਸ 4 ਡਾਲਰ ਤੋਂ ਵਧਾ ਕੇ 19 ਡਾਲਰ ਕਰ ਦਿੱਤੀ ਗਈ ਹੈ। ਪ੍ਰੌਪਰਟੀ ਟੈਕਸ ਸਟੇਟਮੈਂਟ ਔਫ਼ ਅਕਾਊਂਟ ਦੀ ਫੀਸ ਸਾਢੇ 8 ਡਾਲਰ ਤੋਂ ਵਧਾ ਕੇ 23 ਡਾਲਰ ਕੀਤੀ ਗਈ ਹੈ ਅਤੇ ਪ੍ਰੌਪਰਟੀ ਟੈਕਸ ਸਰਟੀਫਿਕੇਟ ਹੁਣ 20 ਡਾਲਰ ਦੀ ਥਾਂ 52 ਡਾਲਰ ਵਿੱਚ ਮਿਲੇਗਾ। ਇਹ ਫੀਸ ਵਾਧਾ ਪਹਿਲੀ ਜੁਲਾਈ ਤੋਂ ਲਾਗੂ ਕੀਤਾ ਜਾ ਰਿਹਾ ਹੈ।

# ਛੱਤ ਉੱਤੇ ਬੈਠਕੇ ਰੋਟੀ ਖਾਣ ਬਦਲੇ ਅਲਬਰਟਾ ਦੇ ਪ੍ਰੀਮੀਅਰ ਜੈਸਨ ਕੈਨੀ ਨੇ ਮੁਆਫ ਮੰਗ ਲਈ ਹੈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਰਾਜਧਾਨੀ



ਐਡਮੰਟਨ ਦੀ ਫੈਡਰਲ ਬਿਲਡਿੰਗ ਉੱਪਰ ਗਿਆਰਵੀਂ ਮੰਜ਼ਿਲ 'ਤੇ ਬਾਹਰ ਬੈਠ ਕੇ ਖਾਣਾ ਖਾਣ ਲਈ ਆਪਣੇ ਸਾਥੀ ਮੰਤਰੀਆਂ ਅਤੇ ਸਟਾਫ਼ ਨਾਲ ਬੈਠੇ ਪ੍ਰੀਮੀਅਰ ਜੇਸਨ ਕੈਨੀ ਨੇ ਅਜਿਹਾ ਕਰਨ ਲਈ ਮਾਫੀ ਮੰਗ ਲਈ ਹੈ। ਪ੍ਰੀਮੀਅਰ ਨੇ ਕਿਹਾ ਕਿ ਉਹਨਾਂ ਨੇ ਜਨਤਕ ਸਿਹਤ ਪਾਬੰਦੀਆਂ ਦੀ ਪੂਰੀ ਸਖ਼ਤੀ ਨਾਲ ਪਾਲਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਸੋਚਿਆ ਕਿ ਇਹ ਅਜਿਹਾ ਕਰਨ ਕਿ ਸੂਬਾ ਵਾਸੀ ਉਸ ਤੋਂ ਸੇਧ ਲੈਣ ਪਰ ਉਹਨਾਂ ਸਵੀਕਾਰ ਕੀਤਾ ਕਿ ਉਹ ਹਮੇਸ਼ਾ ਅਜਿਹਾ ਪੂਰੀ ਤਰ੍ਹਾਂ ਨਹੀ ਕਰ ਸਕੇ ਹਨ। ਪਹਿਲੀ ਜੂਨ ਵਾਲੇ ਦਿਨ ਪ੍ਰੀਮੀਅਰ ਕੈਨੀ, ਫਾਇਨੈਂਸ ਮਨਿਸਟਰ ਟ੍ਰੈਵਿਸ ਟੇਵਜ਼, ਹੈਲਥ ਮਨਿਸਟਰ ਟਾਇਲਰ ਸ਼ੈਂਡਰੋ, ਐਨਵਾਇਰਨਮੈਂਟ ਮਨਿਸਟਰ ਜੇਸਨ ਨਿਕਸਨ, ਚੀਫ਼ ਔਫ਼ ਸਟਾਫ਼ ਲੈਰੀ ਕੌਮੇਯਾਰ ਅਤੇ ਡੈਪਿਊਟੀ ਚੀਫ਼ ਔਫ਼ ਸਟਾਫ਼ ਪੈਮ ਲਿਵਿੰਗਸਟਨ ਨਾਲ ਬਾਹਰ ਖੁੱਲ੍ਹੇ ਵਿੱਚ ਖਾਣਾ ਖਾਣ ਲਈ ਬੈਠੇ ਸਨ ਕਿ ਕਿਸੇ ਨੇ ਉਹਨਾਂ ਦੀਆਂ ਤਸਵੀਰਾਂ ਲੈ ਕੇ ਮੀਡੀਆ ਨੂੰ ਨਸ਼ਰ ਕਰ ਦਿੱਤੀਆਂ ਸਨ। ਇਸ ਤੋਂ ਬਾਦ ਕੌਕਸ ਦੇ ਕਈ ਮੈਂਬਰਾਂ ਤੇ ਦੋ ਕੈਬਿਨੇਟ ਮਨਿਸਟਰਾਂ ਨੇ ਪ੍ਰੀਮੀਅਰ ਨੂੰ ਅਜਿਹਾ ਕਰਨ ਲਈ ਮਾਫੀ ਮੰਗਣ ਨੂੰ ਕਿਹਾ ਸੀ। ਉਹਨਾਂ ਇਸ ਘਟਨਾ 'ਤੇ ਮਾਫੀ ਮੰਗਦਿਆਂ ਕਿਹਾ ਕਿ ਇਹ ਉਹਨਾਂ ਦੀ ਗਲਤੀ ਸੀ ਤੇ ਉਹਨਾਂ ਆਪਣੇ ਸਾਥੀਆਂ ਤੇ ਸੂਬਾ ਵਾਸੀਆਂ ਤੋਂ ਮਾਫੀ ਮੰਗਦਿਆਂ ਕਿਹਾ ਕਿ ਉਹ ਭਵਿਖ ਵਿੱਚ ਅਜਿਹਾ ਨਹੀਂ ਕਰਨਗੇ।

# 12 ਸਾਲ ਦੀ ਉਮਰ ਵਾਲਿਆਂ ਨੂੰ ਵੈਕਸੀਨ ਲਗਵਾਉਣ ਲਈ ਡਾ: ਡੀਨਾ ਹੁਣ ਮਾਪਿਆਂ ਨੂੰ ਚਿੱਠੀ ਲਿਖਣਗੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿਚ ਕੋਵਿਡ-19 ਵੈਕਸਿਨ ਦੀ ਪਹਿਲੀ ਡੋਜ਼ ਲੈਣ ਵਾਲਿਆਂ ਦੀ ਗਿਣਤੀ ਵਿੱਚ ਕਮੀ ਆਉਂਦੀ ਜਾ ਰਹੀ ਹੈ ਜਿਸ ਨੂੰ ਧਿਆਨ ਵਿੱਚ ਰੱਖਦਿਆਂ ਸਿਹਤ ਅਧਿਕਾਰੀਆਂ ਵੱਲੋਂ ਹੁਣ ਸਕੂਲਾਂ ਨੂੰ ਟਾਰਗੈਟ ਕਰਕੇ ਉਹਨਾਂ ਸੂਬਾ ਵਾਸੀਆਂ ਨੂੰ ਵੈਕਸਿਨ ਦੀ ਪਹਿਲੀ ਡੋਜ਼ ਦਿੱਤੇ ਜਾਣ ਦੀ ਯੋਜਨਾ ਬਣਾਈ ਜਾ ਰਹੀ ਹੈ ਜਿਹਨਾਂ ਨੇ ਅਜੇ ਤੱਕ ਇਹ ਡੋਜ਼ ਨਹੀਂ ਲਈ ਹੈ। 8 ਜੂਨ ਵਾਲੇ ਦਿਨ ਤੱਕ ਲਗਪਗ 32 ਹਜ਼ਾਰ ਡੋਜ਼ਿਜ਼ ਦਿੱਤੀਆਂ ਗਈਆਂ ਸਨ ਜਦੋਂ ਕਿ 20 ਮਈ ਵਾਲੇ ਦਿਨ 80 ਹਜ਼ਾਰ ਵਿਅਕਤੀਆਂ ਨੇ ਡੋਜ਼ ਲਈ ਸੀ। ਸਿਹਤ ਮਹਿਕਮੇ ਦਾ ਕਹਿਣਾ ਹੈ ਕਿ ਨੌਜਵਾਨ ਵਰਗ ਦੇ ਵੱਡੀ ਸੰਖਿਆ ਵਿੱਚ ਵਿਅਕਤੀਆਂ ਨੇ ਆਪੋ ਆਪਣੀ ਡੋਜ਼ ਨਹੀਂ ਲਈ ਹੈ ਤੇ ਇਹ ਚਿੰਤਾ ਦੀ ਗੱਲ ਹੈ। ਇਸ ਵਿੱਚ ਆ ਰਹੀਆਂ ਰੁਕਾਵਟਾਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਕੂਲਾਂ ਦੇ ਨੇੜੇ ਅਜਿਹੇ ਪੌਪ-ਅਪ ਕਲਿਨਿਕ ਲਿਆਂਦੇ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਡਾ. ਡੀਨਾ ਹਿਨਸ਼ੌਅ ਵੱਲੋਂ ਮਾਪਿਆਂ ਨੂੰ ਚਿੱਠੀ ਲਿਖੀ ਜਾ ਰਹੀ ਹੈ ਜਿਸ ਵਿੱਚ ਉਹ 12 ਸਾਲ ਤੋਂ ਉੱਪਰ ਉਮਰ ਦੇ ਬੱਚਿਆਂ ਨੂੰ ਪਹਿਲੀ ਡੋਜ਼ ਲੈਣ ਵਾਸਤੇ ਪ੍ਰੇਰਤ ਕਰਨਗੇ।

# ਕੋਵਿਡ ਵੈਕਸੀਨ ਦੀਆਂ ਸੇਵਾਵਾਂ ਲਈ ਵਿਸੇਸ ਕਿਸਮ ਦੀ ਵੈਨ ਅਲਬਰਟਾ ਵਾਲਿਆਂ ਨੇ ਤਿਆਰ ਕੀਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੀ ਆਪਣੀ ਕਿਸਮ ਦੀ ਪਹਿਲੀ ਇੰਡਿਜਿਨੱਸ ਕੋਵਿਡ-19 ਵੈਕਸਿਨ ਆਊਟਰੀਚ ਕਲਿਨਿਕ ਵੈਨ ਸ਼ਹਿਰ ਦੀਆਂ ਉਹਨਾਂ ਕਮਿਊਨਿਟੀਆਂ ਵਿੱਚ ਪਹੁੰਚ ਕਰਨ ਲੱਗੀ ਹੈ ਜਿੱਥੇ ਬਹੁਤੇ ਖ਼ਤਰੇ ਹੇਠ ਰਹਿਣ ਵਾਲੇ ਲੋਕ ਰਹਿੰਦੇ ਹਨ ਤੇ ਉਹਨਾਂ ਨੂੰ ਵੈਕਸਿਨ ਦਿੱਤੇ ਜਾਣ ਦੀ ਲੋੜ ਹੈ। ਇਹ ਨਵੀਂ ਇਮਿਊਨਾਇਜ਼ੇਸ਼ਨ ਸਪੈਸ਼ਨ ਫੋਰਸਿਜ਼ ਮੋਬਾਇਲ ਕਲਿਨਿਕ ਇਸੇ ਹਫ਼ਤੇ ਸੜਕਾਂ 'ਤੇ ਨਜ਼ਰ ਆਵੇਗਾ ਤੇ ਇਹ ਪੰਜ ਮਿੰਟ ਵਿੱਚ ਕਲਿਨਿਕ ਬਣਾ ਦਿੰਦੀ ਹੈ ਜਿਸ ਵਿੱਚ ਕੁਰਸੀਆਂ, ਟੇਬਲਦੇ ਨਾਲ ਨਾਲ ਵੈਕਸਿਨ ਨੂੰ ਸਹੀ ਟੈਂਪਰੇਚਰ 'ਤੇ ਰੱਖਣ ਵਾਲੀ ਫਰਿਜ ਤੇ ਹੋਰ ਲੋੜੀਂਦਾ ਮੈਡਿਕਲ ਸਮਾਨ ਉਪਲਬਧ ਹੁੰਦਾ ਹੈ। ਇਸ ਗੱਡੀ ਦੇ ਟਾਇਰ ਵੀ ਸਪੈਸ਼ਲ ਹਨ ਜਿਸ ਨਾਲ ਇਹ ਕਿਸੇ ਵੀ ਤਰ੍ਹਾਂ ਦੇ ਰਾਹਾਂ 'ਤੇ ਅਸਾਨੀ ਨਾਲ ਚੱਲ ਸਕਦੀ ਹੈ। ਇਸ ਰਾਹੀਂ ਲੋਕਾਂ ਨੂੰ, ਜਿਥੇ ਉਹ ਮੌਜੂਦ ਹਨ, ਉੱਥੇ ਹੀ ਸਰਵਿਸ ਦਿੱਤੀ ਜਾ ਸਕਦੀ ਹੈ। ਇਹ ਵੈਨ ਮੂਲ ਨਿਵਾਸੀ ਭਾਈਚਾਰਿਆਂ ਲਈ ਲਿਆਂਦੀ ਗਈ ਹੈ ਤੇ ਉਹਨਾਂ ਦੇ ਰਿਜ਼ਰਵ ਇਲਾਕਿਆਂ ਦੇ ਨਾਲ ਸ਼ਹਿਰ ਵਿੱਚ ਜਿਥੇ ਵੀ ਕਿਤੇ ਉਹਨਾਂ ਦੀ ਅਬਾਦੀ ਹੈ, ਉਥੇ ਦਵਾਈ ਪਹੁੰਚਾਈ ਜਾ ਸਕਦੀ ਹੈ।

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ

Call Romi Sidhu For Insurance & Financial Needs




StateFarm IS NOW Desjardins Insurance

Monday-Friday
9:00 am to 5:30 PM
Weekends: All Other Times Appointments only




4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com

* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS

Romi Sidhu, Agent

# ਭੁਪਾਲ ਕਲਾਂ ਦੇ ਪ੍ਰੀਤਪਾਲ ਸਿੰਘ ਦੀ 'ਯੂਨੀਵਰਸਿਟੀ ਆਫ਼ ਟੋਰਾਂਟੋ' ਵਿੱਚ ਪੀਐੱਚ. ਡੀ. ਦੀ ਪੜ੍ਹਾਈ ਲਈ ਹੋਈ ਚੋਣ





ਮਾਨਸਾ (ਪੰਜਾਬੀ ਅਖਬਾਰ ਬਿਊਰੋ) ਮਾਨਸਾ ਜ਼ਿਲ੍ਹੇ ਦੇ ਪਿੰਡ ਭੁਪਾਲ ਕਲਾਂ ਦਾ ਜੰਮਪਲ ਪ੍ਰੀਤਪਾਲ ਸਿੰਘ ਉਹ ਵਿਦਿਆਰਥੀ ਹੈ ਜਿਸ ਦੇ ਸੁਪਨੇ ਪੇਂਡੂ ਵਿਦਿਆਰਥੀਆਂ ਤੋਂ ਵੱਖਰੇ ਹਨ। ਨਿਮਨ ਕਿਸਾਨੀ ਪਰਿਵਾਰ ਵਿੱਚ ਪੈਦਾ ਹੋਏ ਪ੍ਰੀਤਪਾਲ ਸਿੰਘ ਨੇ ਗਰੀਬੀ ਨੂੰ ਬਹੁਤ ਨੇੜਿਓਂ ਵੇਖਿਆ ਹੈ। ਜਦੋਂ ਬੰਦੇ ਕੋਲ ਕੋਈ ਰਾਹ ਨਾ ਬਚਦਾ ਹੋਵੇ ਉਦੋਂ ਬੰਦਾ ਨਵਾਂ ਰਸਤਾ ਬਣਾਉਂਦਾ ਹੈ। ਪ੍ਰੀਤਪਾਲ ਸਿੰਘ ਨੇ ਬਾਰ੍ਹਵੀਂ ਤੋਂ ਬਾਅਦ ਬੀ. ਐੱਸਸੀ. ਖੇਤੀਬਾੜੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਪਾਸ ਕੀਤੀ। ਇਸ ਸਮੇਂ ਉਹ ਅਕਾਦਮਿਕ ਪੱਖੋਂ ਯੂਨੀਵਰਸਿਟੀ ਦਾ ਪਹਿਲੀ ਕਤਾਰ ਦਾ ਵਿਦਿਆਰਥੀ ਰਿਹਾ ਅਤੇ ਵਜੀਫ਼ਾ ਪ੍ਰਾਪਤ ਕਰਕੇ ਪੜ੍ਹਦਾ ਰਿਹਾ। ਬੀ. ਐੱਸਸੀ. ਖੇਤੀਬਾੜੀ ਪਾਸ ਹੁੰਦਿਆਂ ਹੀ ਉਸਨੇ ਅਮਰੀਕਾ ਜਾਣ ਦਾ ਸੁਪਨਾ ਲਿਆ। ਵਿਗਿਆਨੀ ਬਣਨ ਦੇ ਆਪਣੇ ਟੀਚੇ ਨੂੰ ਅੱਗੇ ਵਧਾਉਣ ਲਈ ਪ੍ਰੀਤਪਾਲ ਸਿੰਘ ਆਪਣੀ ਐਮ.ਐੱਸਸੀ ਦੀ ਉਚੇਰੀ ਪੜ੍ਹਾਈ ਲਈ ਸਾਲ 2019 ਵਿਚ ਸੰਯੁਕਤ ਰਾਜ ਅਮਰੀਕਾ ਚਲਾ ਗਿਆ। ਉਸਨੇ ਡਾ. ਜੂਲੀਆ ਬੋਸਰ (ਨੌਰਥ ਡਕੋਟਾ ਸਟੇਟ ਯੂਨੀਵਰਸਿਟੀ, ਅਮਰੀਕਾ) ਅਤੇ ਡਾ. ਜੋਸਫ ਰੇਨਹਾਰਟ (ਸੰਯੁਕਤ ਰਾਜ ਰਾਜ ਖੇਤੀਬਾੜੀ ਵਿਭਾਗ, ਅਮਰੀਕਾ) ਨਾਲ ਖੋਜ ਕਾਰਜ ਕੀਤਾ। ਅਮਰੀਕਾ ਦੀ ਇਸ ਯੂਨੀਵਰਸਿਟੀ ਵਿੱਚ ਵੀ ਉਹ ਸ਼ਕਾਲਰਸ਼ਿਪ ਲੈ ਕੇ ਪੜ੍ਹਿਆ। ਉਸ ਦੀ ਖੋਜ ਨੇ ਇਸ ਗੱਲ 'ਤੇ ਧਿਆਨ ਕੇਂਦ੍ਰਤ ਕੀਤਾ ਕਿ ਸੰਯੁਕਤ ਰਾਜ ਅਮਰੀਕਾ ਵਿਚ ਮੌਸਮ ਤਬਦੀਲੀ ਦੀਆਂ ਸਥਿਤੀਆਂ ਦੇ ਤਹਿਤ ਅਲਫਾਫਾ ਮੱਖੀਆਂ ਨੂੰ ਕਿਵੇਂ ਬਚਾਉਣਾ ਹੈ, ਜੋ ਕਿ ਉੱਤਰੀ ਅਮਰੀਕਾ ਵਿੱਚ ਭੋਜਨ ਲੜੀ ਲਈ ਮਹੱਤਵਪੂਰਨ ਹਨ। ਉਸ ਨੇ ਪਹਿਲੀ ਵਾਰ ਪਾਇਆ ਕਿ ਆਲ੍ਹਣੇ ਦਾ ਤਾਪਮਾਨ ਇਸ ਕੀੜੇ ਵਿੱਚ ਸ਼ੁਰੂਆਤੀ ਵਿਕਾਸ ਦੀ ਮੌਤ ਦਾ ਕਾਰਨ ਬਣਦਾ ਹੈ ਅਤੇ ਮਾਂ ਮੱਖੀ ਆਪਣੇ ਬੱਚੇ ਦੇ ਬਚਾਅ ਨੂੰ ਸਭ ਤੋਂ ਵੱਧ ਪ੍ਰਭਾਵਤ ਕਰਦੀ ਹੈ। ਆਪਣੀ ਖੋਜ ਦੇ ਨਾਲ, ਉਸਨੇ ਨੌਰਥ ਡਕੋਟਾ ਸਟੇਟ ਯੂਨੀਵਰਸਿਟੀ ਵਿੱਚ ਇੱਕ ਸਾਲ ਜੀਵ ਵਿਗਿਆਨ ਵਿਸ਼ਾ ਪੜ੍ਹਾਇਆ। ਆਪਣੀ ਐਮਐਸਸੀ ਦੇ ਦੌਰਾਨ ਉਸਨੂੰ ਇੱਕ ਖੋਜ ਗ੍ਰਾਂਟ ਵੀ ਮਿਲੀ। ਹੁਣ ਉਸਦੀ ਇਹ ਪੜ੍ਹਾਈ ਮੁਕੰਮਲ ਹੋ ਗਈ ਹੈ। ਉਸਨੇ ਅਗਲੀ ਪੜ੍ਹਾਈ ਲਈ ਕਨੇਡਾ ਨੂੰ ਚੁਣਿਆ ਹੈ। ਪੀਐਚਡੀ ਦੇ ਇਸ ਕਾਰਜ ਲਈ ਉਸਨੇ ਜੋ ਵਿਸ਼ਾ ਲੈਣਾ ਹੈ, ਉਹ ਜੈਵਿਕ ਹਮਲਿਆਂ ਤੋਂ ਕੁਦਰਤੀ ਵਾਤਾਵਰਣ ਨੂੰ ਬਚਾਉਣ ਨਾਲ ਸਬੰਧਿਤ ਹੈ। ਅਗਲੇ ਮਹੀਨੇ ਉਹ ਯੂਨੀਵਰਸਿਟੀ ਆਫ ਟੋਰਾਂਟੋ ਵਿਚ ਸ਼ਾਮਲ ਹੋਵੇਗਾ ਜੋ ਕਿ ਕਨੇਡਾ ਵਿਚ ਪਹਿਲੇ, ਉੱਤਰੀ ਅਮਰੀਕਾ ਵਿਚ ਦੂਜੇ ਅਤੇ ਵਿਸ਼ਵ ਦੀ 15 ਵੇ ਰੈਂਕ ਦੀ ਗਲੋਬਲ ਪਬਲਿਕ ਯੂਨੀਵਰਸਿਟੀ ਹੈ। ਉਸਦੇ ਪੀਐਚ. ਡੀ. ਗਾਈਡ ਡਾ. ਸਮਿੱਥ ਅਤੇ ਡਾ. ਕ੍ਰਿਸਚੀਅਨ ਹੋਣਗੇ। ਆਪਣੀ ਪੀਐਚ. ਡੀ. ਖੋਜ ਲਈ, ਉਹ ਕੈਨੇਡੀਅਨ ਜੰਗਲਾਤ ਵਿਭਾਗ ਦੇ ਨਾਲ ਉੱਤਰੀ ਅਮਰੀਕਾ ਦੀ ਵਿਸ਼ਵ ਪੱਧਰੀ ਵਿਗਿਆਨਕ ਸੰਸਥਾ ਵਿੱਚ ਕੰਮ ਕਰੇਗਾ। ਪ੍ਰੀਤਪਾਲ ਸਿੰਘ ਅਨੁਸਾਰ ਇਹ ਸਫਲਤਾ ਧੰਨ ਗੁਰੂ ਗਰੰਥ ਸਾਹਿਬ ਦੀ ਬਖਸ਼ਿਸ਼ ਅਤੇ ਕਈ ਸੱਜਣਾਂ ਦੀ ਮਦਦ ਨਾਲ ਸੰਭਵ ਹੋਈ ਹੈ। ਪ੍ਰੋਫੈਸਰ ਗੁਰਦੀਪ ਸਿੰਘ ਨੇ ਦੱਸਿਆ ਕਿ ਉਹ ਪਰਿਵਾਰ ਵੱਲੋਂ ਉਸਦੇ ਵਾਇਵੇ ਵਿੱਚ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਪ੍ਰੀਤਪਾਲ ਨੇ ਜ਼ਿਲ੍ਹੇ ਦਾ ਹੀ ਨ੍ਹੀਂ, ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਉਸਦੀ ਅਧਿਆਪਕ ਜੂਲੀਆ ਦਾ ਧੰਨਵਾਦ ਕੀਤਾ ਜਿਸਨੇ ਉਸਨੂੰ ਅਗਾਂਹ ਤੋਰਨ ਵਿੱਚ ਉਸ ਨੂੰ ਗਾਈਡ ਕੀਤਾ ਹੈ। ਉਸਦੀ ਇਸ ਪ੍ਰਾਪਤੀ ਤੇ ਉਸਦੇ ਪਿਤਾ ਅਮਰੀਕ ਸਿੰਘ, ਸਮੂਹ ਪਰਿਵਾਰ ਅਤੇ ਪਿੰਡ ਵਾਸੀ ਖ਼ੁਸ਼ ਹਨ। ਉਸਨੂੰ ਪ੍ਰੋਫੈਸਰ ਸੁਖਦੇਵ ਸਿੰਘ, ਡਾ. ਵਿਜੇ ਸਿੰਗਲਾ (ਆਗੂ, ਆਮ ਆਦਮੀ ਪਾਰਟੀ), ਨਰਾਤਾ ਰਾਮ (ਸਮਾਜ ਸੇਵੀ), ਡਾ. ਹੀਰਾ ਸਿੰਘ (ਪ੍ਰੋਫੈਸਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ), ਡਾ. ਰਜਿੰਦਰ ਸਿੰਘ, ਸੰਦੀਪ ਸਿੰਘ, ਮਾਹਲਾ ਸਿੰਘ, ਪਰਮਿੰਦਰ ਸਿੰਘ, ਸਤਿੰਦਰ ਸਿੰਘ, ਬਹਾਦਰ ਸਿੰਘ (ਆਗੂ, ਅਕਾਲੀ ਦਲ), ਜਸਵੀਰ ਸਿੰਘ, ਗੁਰਪ੍ਰੀਤ ਸਿੰਘ ਅਤੇ ਓਮ ਪ੍ਰਕਾਸ਼ ਬਿੱਟੂ (ਸਰਗਰਮ ਵਰਕਰ, ਪੰਜਾਬ ਕਾਗਰਸ਼) ਜੀ ਨੇ ਵਧਾਈ ਦਿੱਤੀ ਅਤੇ ਆਪਣੇ ਪਿੰਡ ਤੇ ਮਾਣ ਮਹਿਸੂਸ ਕੀਤਾ।

Ambleton
A Qualico Community

ਛੋਟੀਆਂ ਚੀਜਾਂ ਦਾ ਆਨੰਦ ਮਾਣੋ.
ਕੈਲਗਰੀ ਦਾ ਨਵਾਂ ਉੱਤਰੀ ਏਰੀਆ




ਜੂਨ 2021 ਵਿੱਚ ਸ਼ੋਅ ਹੋਮ ਵੀ ਖੁੱਲ ਜਾਣਗੇ



ਲੇਨਡ ਹੋਮ
$400s
ਤੋਂ ਸ਼ੁਰੂ ਹਨ



ਫਰੰਟ ਗੈਰਾਜ
$500s
ਤੋਂ ਸ਼ੁਰੂ ਹਨ

ਕੈਲਗਰੀ ਦੇ ਨਾਰਥ ਵੈਸਟ ਏਰੀਆ ਅੰਦਰ ਕੁਦਰਤ ਵੱਲੋਂ ਸਿਰਜੀ ਹੋਈ ਵਿਲੱਖਣ ਜਗ੍ਹਾ ਐਮਬੈਲਟਨ ਦੇ ਰੂਪ ਵਿੱਚ ਹੈ। ਖੇਡਣ ਵਾਲੇ ਖੇਤਰ,ਸਥਾਨਿਕ ਅਤੇ ਖੇਤਰੀ ਮਾਰਗ ਦੇ ਨੈਟਵਰਕ ਕਮਿਓਨਿਟੀ ਦੀ ਪੜਚੋਲ ਨੂੰ ਆਸਾਨ ਬਣਾਉਂਦੇ ਹਨ। ਕਾਫੀ ਪ੍ਰਚੂਨ, ਨੇੜਲੇ ਸਕੂਲ ਅਤੇ ਭਵਿੱਖ ਦੇ ਹਾਈ ਸਕੂਲ ਸਮੇਤ ਐਮਬਲੇਟਨ ਵਿੱਚ ਉਹ ਸਭ ਕੁੱਝ ਹੈ ਜਿਸ ਜਿਸ ਦੀ ਤੁਸੀਂ ਕਲਪਨਾ ਕਰ ਸਕਦੇ ਹੋ

ਐਮਬਲੇਟਨ ਦੇ ਅੰਤਰ ਬਾਰੇ ਹੋਰ ਜਾਣੋ : liveinambleton.com

ਐਵਾਰਡ ਜੇਤੂ ਬਿਲਡਰ: · Shane Homes · Sterling Homes · Trico Homes · Broadview Homes · Jayman Built




ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .

QUALICO communities

# ਪੇਸ਼ੀ ਮਗਰੋਂ ਪੁਲਿਸ ਹਿਰਾਸਤ ਵਿੱਚ ਮਰੇ ਵਿਅਕਤੀ ਬਾਰੇ ਹਾਲੇ ਜਾਂਚ ਚੱਲ ਰਹੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਏਅਰਡਰੀ ਆਰ.ਸੀ.ਐਮ.ਪੀ. ਦੀ ਹਿਰਾਸਤ ਵਿੱਚ ਮਾਰੇ ਗਏ ਵਿਅਕਤੀ ਦੀ ਔਟੋਪਸੀ ਰਿਪੋਰਟ ਵਿੱਚ ਉਸ ਦੇ ਸਰੀਰ ਉੱਪਰ ਕਿਸੇ ਸੱਟ ਜਾਂ ਮਾਰ-ਕੁਟਾਈ ਦਾ ਨਿਸ਼ਾਨ ਨਹੀਂ ਹੋਣ ਮਗਰੋਂ ਹੁਣ ਉਸ ਦੀ ਟੌਕਸੀ-ਕੌਲੋਜੀ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ। ਇਸ ਮਾਮਲੇ ਦੀ ਜਾਂਚ ਐਲਬਰਟਾ ਸੀਰੀਅਸ ਇੰਸਿਡੈਂਟ ਰੈਸਪੌਂਸ ਟੀਮ - 'ਏਸਰਟ' ਵੱਲੋਂ ਕੀਤੀ ਜਾ ਰਹੀ ਹੈ। ਏਸਰਟ ਦਾ ਕਹਿਣਾ ਹੈ ਕਿ ਇਸ ਵਿਅਕਤੀ ਨੂੰ ਹਿਰਾਸਤ ਵਿੱਚ ਲਏ ਜਾਣ ਮਗਰੋਂ 7 ਜੂਨ ਵਾਲੇ ਦਿਨ ਉਸ ਨੂੰ ਮੈਡਿਕਲ ਸਹਾਇਤਾ ਦੀ ਲੋੜ ਪੈ ਗਈ ਸੀ ਤੇ ਉਸ ਨੂੰ ਹਸਪਤਾਲ ਲੈ ਜਾਇਆ ਗਿਆ ਜਿੱਥੇ ਮਗਰੋਂ ਉਸ ਦੀ ਮੌਤ ਹੋ ਗਈ ਸੀ। 6 ਜੂਨ ਵਾਲੇ ਦਿਨ ਦਿਨੇ ਡੇਢ ਵਜੇ ਉਸ ਨੂੰ ਉਸ ਸਮੇਂ ਹਿਰਾਸਤ ਵਿੱਚ ਲਿਆ ਗਿਆ ਸੀ ਜਦੋਂ ਉਸ ਬਾਰੇ ਸ਼ਿਕਾਇਤ ਕੀਤੀ ਗਈ ਸੀ ਕਿ ਉਹ ਧਮਕੀਆਂ ਦੇ ਰਿਹਾ ਸੀ ਤੇ ਉਸ ਤੋਂ ਪਹਿਲਾਂ ਉਸ ਨੂੰ ਇਕ ਸ਼ੱਕੀ ਗੱਡੀ ਵਿੱਚ ਵੇਖਿਆ ਗਿਆ ਸੀ। ਪੁਲਿਸ ਨੇ ਉਸ ਨੂੰ ਜ਼ਮੀਨ 'ਤੇ ਢਾਹ ਕੇ ਹੱਥਕੜੀਆਂ ਲਗਾਈਆਂ ਸਨ ਤੇ ਉਸ ਦੌਰਾਨ ਵਿਰੋਧ ਕਰਨ ਕਰਕੇ ਉਸ ਨੂੰ ਮਾਮੂਲੀ ਸੱਟਾਂ ਜ਼ਰੂਰ ਲੱਗੀਆਂ ਸਨ। ਅਗਲੇ ਦਿਨ ਉਸ ਦੀ ਕੈਮਰੇ ਅੱਗੇ ਅਦਾਲਤੀ ਪੇਸ਼ੀ ਹੋਈ ਸੀ ਤੇ ਮਗਰੋਂ ਸਿਹਤ ਵਿਗੜ ਗਈ ਤੇ ਸ਼ਾਮ ਨੂੰ ਉਹ ਮਰ ਗਿਆ। ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।




## ਹੁਣ ਮੂਲ ਨਿਵਾਸੀ ਭਾਈਚਾਰੇ ਦੇ ਲੋਕ ਆਪਣਾ ਅਸਲੀ ਨਾਂ ਲਿਖਾ ਸਕਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਟਰੁਥ ਐਂਡ ਰਿਕੌਂਸਿਲਿਏਸ਼ਨ ਕਮਿਸ਼ਨ ਦੀਆਂ ਸਿਫਾਰਿਸ਼ਾਂ 'ਤੇ ਫੈਡਰਲ ਸਰਕਾਰ ਨੇ ਮੂਲ ਨਿਵਾਸੀ ਭਾਈਚਾਰੇ ਦੇ ਲੋਕਾਂ ਨੂੰ ਆਪੋ ਆਪਣੇ ਪਾਸਪੋਰਟਾਂ ਅਤੇ ਹੋਰ ਆਈਡੀ'ਜ਼ ਉੱਪਰ ਪਾਰੰਪਰਿਕ ਤੇ ਸੱਭਿਆਚਾਰਕ ਨਾਮ ਵੀ ਲਿਖਵਾ ਸਕਣ ਦੀ ਆਗਿਆ ਦੇ ਦਿੱਤੀ ਹੈ। ਰੈਜ਼ਿਡੈਂਸ਼ੀਅਲ ਸਕੂਲਾਂ ਵਿੱਚ ਪੜ੍ਹਣ ਵਾਲੇ ਹਜ਼ਾਰਾਂ ਬੱਚਿਆਂ ਨੂੰ ਉਹਨਾਂ ਦੇ ਅਸਲ ਅਤੇ ਮੂਲ ਨਿਵਾਸੀ ਨਾਮਾਂ ਤੋਂ ਵਾਂਝਿਆਂ ਕਰ ਦਿੱਤਾ ਗਿਆ ਸੀ ਤੇ ਉਹਨਾਂ ਨੂੰ ਅੰਗਰੇਜ਼ੀ ਨਾਮ ਦਿੱਤੇ ਗਏ ਸਨ। ਜੇ ਉਹ ਆਪਣਾ ਅਸਲ ਨਾਮ ਵਰਤਦੇ ਸਨ ਤਾਂ ਉਹਨਾਂ ਦੀ ਮਾਰ-ਕੁਟਾਈ ਕੀਤੀ ਝਾਂਦੀ ਸੀ। ਹੁਣ ਫੈਡਰਲ ਸਰਕਾਰ ਨੇ ਟਰੁਥ ਐਂਡ ਰਿਕੌਂਸਿਲਿਏਸ਼ਨ ਕਮਿਸ਼ਨ ਦੀਆਂ ਸਿਫਾਰਿਸ਼ਾਂ ਨੂੰ ਸਵੀਕਾਰ ਕਰਦਿਆਂ ਮੂਲ ਨਿਵਾਸੀਆਂ ਨੂੰ ਆਪੋ ਆਪਣੇ ਪੁਰਾਣੇ ਨਾਮ ਆਪਣੇ ਪਾਸਪੋਰਟਾਂ ਅਤੇ ਹੋਰ ਆਈਡੀਜ਼' ਵਿੱਚ ਲਿਖਵਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਅਜਿਹਾ ਕਰਨ ਲਈ ਉਹਨਾਂ ਕੋਲੋਂ ਕੋਈ ਫੀਸ ਵੀ ਨਹੀਂ ਲਈ ਜਾਵੇਗੀ ਤੇ ਇਹ ਫੈਸਲਾ ਤੁਰੰਤ ਲਾਗੂ ਕਰ ਦਿੱਤਾ ਗਿਆ ਹੈ।

## ਹਾਲੇ ਅਲਬਰਟਾ ਆਲੇ, ਬੀ ਸੀ ਵੱਲ ਘੁੰਮਣ ਫਿਰਨ ਨਹੀਂ ਜਾ ਸਕਦੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਪ੍ਰੀਮੀਅਰ ਜੌਨ ਹੌਰਗਨ ਦਾ ਕਹਿਣਾ ਹੈ ਕਿ ਸੂਬੇ ਵਿੱਚ ਇੱਕ ਹੈਲਥ ਜ਼ੋਨ ਤੋਂ ਦੂਜੇ ਹੈਲਥ ਜ਼ੋਨ ਵਿੱਚ ਜਾਣ ਦੀ ਖੁੱਲ੍ਹ ਦੇ ਦਿੱਤੀ ਗਈ ਹੈ ਪਰ ਦੂਜੇ ਸੂਬਿਆਂ ਦੇ ਲੋਕਾਂ ਨੂੰ ਫਿਲਹਾਲ ਬੀ.ਸੀ. ਵੱਲ ਆਉਣ ਤੋਂ ਗ਼ੁਰੇਜ਼ ਹੀ ਕਰਨਾ ਚਾਹੀਦਾ ਹੈ। ਸੂਬੇ ਵਿੱਚ 15 ਜੂਨ ਤੋਂ ਰੀ--ਪਨਿੰਗ ਦਾ ਦੂਜਾ ਪੜਾਅ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਗ਼ਰਮੀਆਂ ਵਿੱਚ ਵੱਡੀ ਗਿਣਤੀ ਵਿੱਚ ਐਲਬਰਟਾ ਵਾਸੀ ਬੀਸੀ ਵੱਲ ਜਾਂਦੇ ਹਨ ਪਰ ਅਜੇ ਇਸ ਦੀ ਆਗਿਆ ਨਹੀਂ ਦਿੱਤੀ ਗਈ ਹੈ।

PUNJABI SWEETS
HOUSE & RESTAURANT
TAKE OUT
We do catering also
ALL KINDS OF SWEETS NON-VEG & VEGI FOOD
FAST & BEST FRIENDLY SERVICE
ਤਾਜ਼ਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir. N.E. T3J 0C9

SSSS
IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

ਕੀ ਤੁਹਾਨੂੰ ਪਤਾ ਹੈ?
ਤੁਹਾਡੇ ਘਰ ਦੀਆਂ ਚਾਬੀਆਂ ਖੁਸ਼ ਸਿੱਧੂ ਕੋਲ ਹਨ।
Luxuria Homes Luxury Comes Standard
LUXURIA HOMES
inspired homes for inspired living
Fully loaded Front Garage homes
starting from low $450,000.00,
1720 sqft with built in standard kitchen appliance package
• ਤੁਸੀਂ ਨਵਾਂ ਘਰ ਸਾਥੋਂ ਖਰੀਦੋ ਅਸੀਂ ਤੁਹਾਡਾ ਪੁਰਾਣਾ ਘਰ ਫਰੀ ਲਿਸਟ ਕਰਾਂਗੇ
• ਇੱਕ ਮਹੀਨੇ ਵਿੱਚ ਡੀਲ ਸਿਰੇ ਚਾੜ੍ਹਦੇ ਹੋ ਤਾਂ ਫਰੀ ਡੈੱਕ ਬਣਵਾ ਸਕਦੇ ਹੋ
• 36 ਫੁੱਟ ਚੌੜੀਆਂ ਰੈਗੂਲਰ ਰਵਾਇਤੀ ਲਾਟਾਂ
• 33 ਫੁੱਟ ਚੌੜੀਆਂ ਜ਼ੀਰੋ ਲਾਟਾਂ
• ਵਾਕ ਆਊਟ ਪੌਂਡ ਦੇ ਕਿਨਾਰੇ ਵਾਲੀਆਂ ਲਾਟਾਂ
• ਨਾਰਥ ਅਤੇ ਈਸਟ ਫੇਸ ਕਰਦੀਆਂ ਲਾਟਾਂ
ਕਾਰਨਰ ਸਟੋਨ ਵਿੱਚ ਨਵਾਂ ਘਰ ਖਰੀਦਣ ਲਈ ਸੰਪਰਕ ਕਰੋ
ਖੁਸ਼ ਸਿੱਧੂ ਕਮਿਓਨਿਟੀ ਮੈਨੇਜਰ
ਲਗਜ਼ਰੀਆ ਹੋਮਜ਼ ਕਾਰਨਰ ਸਟੋਨ ਕੈਲਗਰੀ
Above the Crowd!®
RE/MAX COMPLETE REALTY
REAL ESTATE PERFECTIONIST
(403) 918-0152
KHUSH SIDHU
B.B.A, S R E S, A B R
REALTOR

# ਔਨਲਾਇਨ ਹਿੰਸਕ ਅਤੇ ਅਤਿਵਾਦੀ ਮੈਟੀਰੀਅਲ ਹਟਾਉਣ ਅਤੇ ਇਸ ਵਾਸਤੇ ਇੱਕ ਕਾਨੂੰਨ ਬਣਾਉਣ ਸਬੰਧੀ ਟਰੂਡੋ ਸਾਹਿਬ ਵੱਲੋਂ ਢਿੱਲ ਮੱਠ ਦਿਖਾਈ ਗਈ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) 15 ਮਾਰਚ 2019 ਵਾਲੇ ਦਿਨ ਨਿਊਜ਼ੀ ਲੈਂਡ ਵਿੱਚ ਇਕ ਮਸਜਿਦ ਵਿੱਚ ਹੋਏ ਕਾਤਲਾਨਾ ਹਮਲੇ ਮਗਰੋਂ ਕੈਨੇਡਾ ਦੇ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਨੇ ਐਲਾਨ ਕੀਤਾ ਸੀ ਕਿ ਉਹ ਦੇਸ਼ ਵਿੱਚੋਂ ਔਨਲਾਇਨ ਹਿੰਸਕ ਅਤੇ ਅਤਿਵਾਦੀ ਮੈਟੀਰੀਅਲ ਹਟਾਉਣਗੇ ਅਤੇ ਇਸ ਵਾਸਤੇ ਇੱਕ ਕਾਨੂੰਨ ਬਣਾਇਆ ਜਾਵੇਗਾ ਪਰ ਅਜੇ ਤੱਕ ਅਜਿਹਾ ਨਹੀਂ ਹੋ ਸਕਿਆ ਹੈ ਜਦੋਂ ਕਿ ਪਾਰਲੀਮੈਂਟ ਦਾ ਚਾਲੂ ਸੈਸ਼ਨ ਖ਼ਤਮ ਹੋਣ ਵਿੱਚ ਕੁੱਝ ਦਿਨ ਬਾਕੀ ਰਹਿ ਗਏ ਹਨ ਤੇ ਇਸ ਤੋਂ ਬਾਦ ਫੈਡਰਲ ਚੋਣਾਂ ਦਾ ਐਲਾਨ ਹੋਣ ਦੀ ਸੰਭਾਵਨਾ ਹੈ। ਉੱਧਰ ਹੁਣ ਲੰਡਨ, -ਟੈਰੀ- ਵਿੱਚ ਇੱਕ ਮੁਸਲਮਾਨ ਪਰਿਵਾਰ ਉੱਪਰ ਜਾਨਲੇਵਾ ਹਮਲਾ ਹੋ ਜਾਣ ਮਗਰੋਂ ਸਰਕਾਰ ਉੱਤੇ ਇਹ ਕਾਨੂੰਨ ਲਿਆਉਣ ਦਾ ਦਬਾਅ ਵਧਣ ਲੱਗਿਆ ਹੈ। ਵਿਰੋਧੀਆਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਦਾ ਕਹਿਣਾ ਹੈ ਕਿ ਪ੍ਰਾਇਮ ਮਨਿਸਟਰ ਨੇ ਸਿਰਫ਼ ਖੋਖਲਾ ਵਾਦਾ ਹੀ ਕੀਤਾ ਸੀ ਤੇ ਹੁਣ ਤਕ ਇਸ ਦਿਸ਼ਾ ਵਿੱਚ ਕੋਈ ਕਦਮ ਵੀ ਨਹੀਂ ਚੁੱਕਿਆ ਗਿਆ ਹੈ। ਉੱਧਰ ਹੈਰਿਟੇਜ ਮਨਿਸਟਰ ਸਟੀਵਨ ਗਿਲਬਾਉ ਦਾ ਕਹਿਣਾ ਹੈ ਕਿ ਸਮੇਂ ਸਿਰ ਇਸ ਸੰਬੰਧੀ ਬਿਲ ਲਿਆਂਦਾ ਜਾਵੇਗਾ।

# ਵਿਕਸਿਤ ਸੱਤ ਦੇਸ਼ਾਂ ਦੇ ਸਮੂਹ ਜੀ-ਸੈਵਨ ਦਾ ਸਿਖ਼ਰ ਸੰਮੇਲਨ ਖ਼ਤਮ ਹੋਇਆ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਦੁਨੀਆ ਦੇ ਸਭ ਤੋਂ ਵੱਧ ਵਿਕਸਿਤ ਸੱਤ ਦੇਸ਼ਾਂ ਦੇ ਸਮੂਹ ਜੀ-ਸੈਵਨ ਦਾ ਸਿਖ਼ਰ ਸੰਮੇਲਨ ਖ਼ਤਮ ਹੋ ਗਿਆ ਹੈ। 25 ਸਫਿਆ ਦੇ ਇੱਕ ਐਲਾਨ-ਨਾਮੇ ਵਿੱਚ ਦੱਸਿਆ ਗਿਆ ਹੈ ਕਿ ਮਹਾਮਾਰੀ ਦੇ ਖਾਤਮੇ ਅਤੇ ਭਵਿੱਖ ਪ੍ਰਤੀ ਤਿਆਰੀਆਂ ਕਰਨ, ਗ੍ਰੀਨ ਐਨਰਜੀ ਵਿੱਚ ਕ੍ਰਾਂਤੀ ਲਿਆਉਣ ਅਤੇ ਆਪੋ ਆਪਣੀਆਂ ਇਕੋਨੋਮੀਜ਼ ਨੂੰ ਮੁੜ ਲੀਹੇ ਲਿਆਉਣ ਲਈ ਸਾਂਝੇ ਯਤਨ ਕੀਤੇ ਜਾਣਗੇ। ਚੀਨ ਵਿੱਚ ਹੋ ਰਹੇ ਮੱਨੁਖੀ ਅਧਿਕਾਰਾਂ ਦੇ ਘਾਣ ਦਾ ਵਿਰੋਧ ਕਰਨ ਲਈ ਸਖ਼ਤ ਸਟੈਂਡ ਲੈਣ ਦੀ ਥਾਂ ਨਰਮ ਭਾਸ਼ਾ ਵਰਤੀ ਗਈ ਹੈ। ਸਾਰੇ ਦੇਸ਼ਾਂ ਨੇ ਗ਼ਰੀਬ ਮੁਲਕਾਂ ਨੂੰ ਵੈਕਸਿਨ ਦੇਣ ਲਈ ਅਹਿਦ ਲਿਆ ਹੈ ਤੇ ਕੈਨੇਡਾ ਵੱਲੋਂ 100 ਮਿਲੀਅਨ ਡੋਜ਼ਿਜ਼ ਦੇਣ ਦਾ ਐਲਾਨ ਕੀਤਾ ਗਿਆ ਹੈ। ਦੇਸ਼ ਦੇ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਨੇ ਇਸ ਮੌਕੇ ਕਿਹਾ ਕਿ ਕੈਨੇਡਾ ਇਸ ਔਖੀ ਘੜੀ ਵਿੱਚ ਆਪਣੇ ਭਾਈਵਾਲ ਦੇਸ਼ਾਂ ਦੇ ਨਾਲ ਹੈ ਅਤੇ ਗ਼ਰੀਬ ਦੇਸ਼ਾਂ ਪ੍ਰਤੀ ਵਚਨਬੱਧਤਾ 'ਤੇ ਪੂਰਾ ਉੱਤਰੇਗਾ। ਪ੍ਰਾਇਮ ਮਨਿਸਟਰ ਨੇ ਕੈਨੇਡਾ ਦੀ ਕਲਾਇਮੇਟ ਕੰਟ੍ਰਿਬਿਉਸ਼ਨ 2.65 ਬਿਲੀਅਨ ਡਾਲਰ ਤੋਂ ਵਧਾ ਕੇ 5.3 ਬਿਲੀਅਨ ਡਾਲਰ ਕਰਨ ਦਾ ਵੀ ਐਲਾਨ ਕੀਤਾ ਹੈ। ਇਹ ਰਕਮ ਅਗਲੇ 5 ਸਾਲਾ ਵਿੱਚ ਖ਼ਰਚੀ ਜਾਵੇਗੀ। ਪ੍ਰਾਇਮ ਮਨਿਸਟਰ ਨੈਟੋ ਸਿਖ਼ਰ ਸੰਮੇਲਨ ਵਿੱਚ ਹਿੱਸਾ ਲੈਣ ਲਈ ਬੈਲਜੀਅਮ ਦੀ ਰਾਜਧਾਨੀ ਬ੍ਰੱਸਲਜ਼ ਪਹੁੰਚ ਗਏ ਹਨ ਜਿੱਥੇ ਉਹ ਵੱਖ ਵੱਖ ਦੇਸ਼ਾਂ ਦੇ ਮੁਖੀਆਂ ਨਾਲ ਮੁਲਾਕਾਤ ਕਰਨਗੇ।

# ਪੰਜਾਬੀ ਕੌਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਸੈਕਸੂਅਲ ਹੈਰੈਸਮੈਂਟ ਦਾ ਕੇਸ ਵਿੱਚ 40 ਹਜਾਰ ਡਾਲਰ ਵਿੱਚ ਭੁਗਤੇਗਾ


ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) - 'ਟੈਰੀ- ਵਿੱਚ ਬ੍ਰੈਂਪਟਨ ਦੇ ਸਿਟੀ ਕੌਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਨੂੰ ਇੱਕ ਔਰਤ ਦੇ ਸੈਕਸੂਅਲ ਹੈਰੈਸਮੈਂਟ ਦੇ ਮਾਮਲੇ ਵਿੱਚ ਸਜ਼ਾ ਸੁਣਾਈ ਗਈ ਹੈ। ਕੌਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਸਿਟੀ ਨੂੰ 20 ਹਜ਼ਾਰ ਡਾਲਰ ਦਾ ਭੁਗਤਾਨ ਕਾਨੂੰਨੀ ਖ਼ਰਚੇ ਵੱਜੋਂ ਅਦਾ ਕਰੇਗਾ ਅਤੇ 20 ਹਜ਼ਾਰ ਡਾਲਰ ਦਾ ਖ਼ਰਚਾ ਇੰਟੈਗਰਿਟੀ ਕਮਿਸ਼ਨਰ ਦੇ ਖ਼ਰਚੇ ਵੱਜੋਂ ਅਦਾ ਕਰੇਗਾ। ਪਿਛਲੇ ਸਾਲ ਅਗਸਤ ਵਿੱਚ ਸਿਟੀ ਕੌਂਸਲ ਨੇ ਉਸ ਦੇ ਖਿਲਾਫ਼ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਅਸਤੀਫਾ ਦੇਣ, ਕਾਨੂੰਨ ਅਨੁਸਾਰ ਸਜ਼ਾ ਭੁਗਤਣ ਲਈ ਦਰਖ਼ਾਸਤ ਦੇਣ, 90 ਦਿਨਾਂ ਲਈ ਸਸਪੈਂਡ ਕਰਨ ਨੂੰ ਕਹਿਣ ਨੂੰ ਆਦੇਸ਼ ਜਾਰੀ ਕੀਤਾ ਸੀ। ਨਵੰਬਰ 2019 ਵਿੱਚ ਕੌਂਸਲਰ ਢਿੱਲੋਂ ਕੈਨੇਡੀਅਨ ਟਰਕਿਸ਼ ਬਿਜ਼ਨਿਸ ਕੌਂਸਲ ਵਿੱਚ ਹਿੱਸਾ ਲੈਣ ਲਈ ਵਿਦੇਸ਼ ਗਿਆ ਹੋਇਆ ਸੀ ਜਿੱਥੇ ਉਸ ਨੇ ਇੱਕ ਔਰਤ ਨੂੰ ਬਿਨਾ ਇਜਾਜ਼ਤ, ਬਿਨਾ ਸਹਿਮਤੀ, ਬੇਲੋੜੇ ਢੰਗ ਨਾਲ ਛੂਹਿਆ ਤੇ ਇਹ ਘਟਨਾ ਹੋਟੈਲ ਦੇ ਇੱਕ ਰੂਮ ਵਿੱਚ ਵਾਪਰੀ ਸੀ। ਢਿੱਲੋਂ ਤੇ ਉਸ ਦੀ ਲੀਗਲ ਟੀਮ ਨੇ ਇਹਨਾਂ ਦੋਸ਼ਾਂ ਦਾ2 ਖੰਡਨ ਕੀਤਾ ਹੈ ਪਰ ਇੰਟੈਗਰਿਟੀ ਕਮਿਸ਼ਨਰ ਦੀ ਰਿਪੋਰਟ ਇਹਨਾਂ ਦੋਸ਼ਾਂ ਨੂੰ ਠੀਕ ਠਹਿਰਾਉਂਦੀ ਹੈ। ਢਿੱਲੋਂ ਨੇ ਇੰਟੈਗਰਿਟੀ ਕਮਿਸ਼ਨਰ ਦੀ ਰਿਪੋਰਟ ਨੂੰ ਲੈਕੇ ਮੁਕੱਦਮਾ ਕੀਤਾ ਸੀ ਤੇ ਕੋਰਟ ਨੇ ਵੀ ਕੌਂਸਲ ਅਤੇ ਇੰਟੈਗਰਿਟੀ ਕਮਿਸ਼ਨਰ ਦੇ ਫੈਸਲੇ ਨੂੰ ਸਹੀ ਠਹਿਰਾ ਦਿੱਤਾ ਹੈ। ਪੀੜਤ ਔਰਤ ਬ੍ਰੈਂਪਟਨ ਦੀ ਹੀ ਨਿਵਾਸੀ ਦੱਸੀ ਜਾਂਦੀ ਹੈ।

# ਕੈਪਟਨ ਅਤੇ ਸਿੱਧੂ ਦੇ ਵਿਵਾਦ 'ਚ ਜਾਖੜ ਹੋਣਗੇ ਸ਼ਿਕਾਰ !


ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਕਾਂਗਰਸ ਦੇ ਅੰਦਰੂਨੀ ਕਲੇਸ਼ ਦਾ ਨਿਬੇੜਾ ਕਰਨ ਲਈ ਮਲਿੱਕਾਰਜੁਨ ਖੜਗੇ ਕਮੇਟੀ ਨੇ ਆਪਣੀ ਰਿਪੋਰਟ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਸੌਂਪ ਦਿੱਤੀ ਹੈ ਅਤੇ ਅੰਤਿਮ ਫ਼ੈਸਲਾ ਸੋਨੀਆ ਗਾਂਧੀ ਵਲੋਂ ਹੀ ਲਿਆ ਜਾਣਾ ਹੈ, ਪਰ ਇੱਕ ਗੱਲ ਸਪੱਸ਼ਟ ਹੈ ਕਿ ਜਦੋਂ ਵੀ ਕਾਂਗਰਸ ਦੀ ਅੰਦਰੂਨੀ ਖਾਨਾਜੰਗੀ ਹੋਈ ਹੈ ਤਾਂ ਕੈਪਟਨ ਧੜੇ ਵਜੋਂ ਇਸ ਦਾ ਖ਼ਾਮਿਆਜ਼ਾ ਸੁਨੀਲ ਜਾਖੜ ਨੂੰ ਹੀ ਭੁਗਤਣਾ ਪਿਆ ਹੈ। ਚਰਚਾ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਦਰਮਿਆਨ ਵਿਵਾਦ 'ਚ ਕੀ ਸੁਨੀਲ ਜਾਖੜ ਬਲੀ ਦਾ ਬੱਕਰਾ ਬਣਨਗੇ ? ਇਹ ਚਰਚਾ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦੇ ਬਿਆਨ ਨਾਲ ਸ਼ੁਰੂ ਹੋਈ ਹੈ।

ਜਾਖੜ ਨੇ ਬਿਆਨ ਦਿੱਤਾ ਕਿ ਜੇਕਰ ਉਨ੍ਹਾਂ ਦੀ ਪ੍ਰਧਾਨਗੀ ਜਾਣ ਨਾਲ ਕਾਂਗਰਸ ਦਾ ਮਸਲਾ ਹੱਲ ਹੁੰਦਾ ਤਾਂ ਉਹ ਪ੍ਰਧਾਨਗੀ ਛੱਡਣ ਨੂੰ ਤਿਆਰ ਹਨ। ਜਾਖੜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਅਤਿ ਨਜ਼ਦੀਕੀਆਂ 'ਚ ਸ਼ੁਮਾਰ ਹਨ। ਕੈਪਟਨ ਨੇ ਪਾਰਟੀ ਹਾਈ ਕਮਾਨ ਅੱਗੇ ਅਜਿਹੀ ਨੌਬਤ ਖੜ੍ਹੀ ਕਰ ਦਿੱਤੀ ਸੀ ਕਿ ਜੇਕਰ ਉਨ੍ਹਾਂ (ਕੈਪਟਨ) ਨੂੰ ਪ੍ਰਧਾਨ ਨਹੀਂ ਬਣਾਇਆ ਜਾਂਦਾ ਤਾਂ ਉਹ ਅਲੱਗ ਤੋਂ ਪਾਰਟੀ ਬਣਾ ਲੈਣਗੇ। ਓਦੋਂ ਦਿੱਲੀ ਦਰਬਾਰ ਨੇ ਵਿਧਾਇਕਾਂ ਅਤੇ ਪਾਰਟੀ ਆਗੂਆਂ ਦਾ ਕਾਟੋ ਕਲੇਸ਼ ਖ਼ਤਮ ਕਰਨ ਲਈ ਵਿਚਕਾਰਲਾ ਰਸਤਾ ਕੱਢਦੇ ਹੋਏ ਬਾਜਵਾ ਦੀ ਥਾਂ ਕੈਪਟਨ ਨੂੰ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਸੌਂਪ ਦਿੱਤੀ ਸੀ। ਉਥੇ ਦਲਿਤ ਪੱਤਾ ਖੇਡਦੇ ਹੋਏ ਸੁਨੀਲ ਜਾਖੜ ਦੀ ਥਾਂ 'ਤੇ ਚਰਨਜੀਤ ਸਿੰਘ ਚੰਨੀ ਨੂੰ ਵਿਰੋਧੀ ਧਿਰ ਦਾ ਨੇਤਾ ਬਣਾ ਦਿੱਤਾ। ਓਦੋਂ ਕੈਪਟਨ ਬਨਾਮ ਬਾਜਵਾ ਦਰਮਿਆਨ ਛੱਤੀਆਂ ਦਾ ਅੰਕੜਾ ਚੱਲ ਰਿਹਾ ਸੀ ਅਤੇ ਹੁਣ ਕੈਪਟਨ ਬਨਾਮ ਸਿੱਧੂ ਵਿਚਕਾਰ ਲਾਈਨ ਖਿੱਚੀ ਗਈ ਹੈ ਤਾਂ ਪਾਰਟੀ ਦੇ ਜਥੇਬੰਦਕ ਢਾਂਚੇ 'ਚ ਬਦਲਾਅ ਦੀਆਂ ਕਨਸੋਆਂ ਮਿਲ ਰਹੀਆਂ ਹਨ। ਭਾਜਪਾ ਨੇ ਦਲਿਤ ਆਗੂ ਨੂੰ ਮੁੱਖ ਮੰਤਰੀ ਅਤੇ ਅਕਾਲੀ ਦਲ ਨੇ ਦਲਿਤ ਆਗੂ ਨੂੰ ਉੱਪ ਮੁੱਖ ਮੰਤਰੀ ਬਣਾਉਣ ਦਾ ਐਲਾਨ ਕੀਤਾ ਹੈ। ਕਾਂਗਰਸ ਵਲੋਂ ਸੂਬੇ 'ਚ ਦੋ ਵਰਕਿੰਗ ਪ੍ਰਧਾਨ ਇੱਕ ਹਿੰਦੂ ਅਤੇ ਇੱਕ ਦਲਿਤ ਅਤੇ ਮੰਤਰੀ ਮੰਡਲ 'ਚ ਫ਼ੇਰਬਦਲ ਕਰਦੇ ਹੋਏ ਉੱਪ ਮੁੱਖ ਮੰਤਰੀ ਬਣਾਉਣ ਦੀਆਂ ਕਨਸੋਆਂ ਮਿਲ ਰਹੀਆਂ ਹਨ। ਦਿਲਚਸਪ ਗੱਲ ਹੈ ਕਿ ਖੜਗੇ ਕਮੇਟੀ ਨੇ ਨਵਜੋਤ ਸਿੱਧੂ ਨੂੰ ਹਰ ਹਾਲਤ 'ਚ ਐਡਜਸਟ ਕਰਨ ਦੀ ਗੱਲ ਕੀਤੀ ਹੈ। ਨਵਜੋਤ ਸਿੱਧੂ ਮੁੱਖ ਮੰਤਰੀ ਦੇ ਨਾਲ ਮੰਤਰੀ ਮੰਡਲ 'ਚ ਜਾਣ ਨੂੰ ਤਿਆਰ ਨਹੀਂ। ਸਿੱਧੂ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨਾ ਚਾਹੁੰਦੇ ਹਨ ਜਦੋਂਕਿ ਕੈਪਟਨ ਸਪੱਸ਼ਟ ਕਹਿ ਚੁਕੇ ਹਨ ਕਿ ਉਹ ਨਵਜੋਤ ਸਿੱਧੂ ਦਾ ਵਿਰੋਧ ਕਰਨਗੇ ਕਿਉਂਕਿ ਸੁਨੀਲ ਜਾਖੜ ਬਹੁਤ ਚੰਗਾ ਕੰਮ ਕਰ ਰਹੇ ਹਨ। ਹੁਣ ਜਦੋਂ ਕਾਂਗਰਸ 'ਚ ਕਾਟੋ-ਕਲੇਸ਼ ਚੱਲ ਰਿਹਾ ਹੈ ਅਤੇ ਖੜਗੇ ਕਮੇਟੀ ਸੋਨੀਆਂ ਗਾਂਧੀ ਨੂੰ ਰਿਪੋਰਟ ਸੌਂਪ ਚੁੱਕੀ ਹੈ ਤਾਂ ਅਜਿਹੇ ਮੌਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦੇ ਬਿਆਨ ਕਈ ਮਾਅਨੇ ਨਿਕਲਦੇ ਹਨ।

# ਇੰਗਲੈਂਡ ਅਤੇ ਅਮੈਰਿਕਾ ਵੀ ਚੀਨ ਨੂੰ ਤਾਕਤ ਬਣਨ ਤੋਂ ਰੋਕਣਾ ਚਾਹੁੰਦੇ ਹਨ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਨੈਟੋ ਜਨਰਲ ਸੈਕ੍ਰੇਟਰੀ ਜੈਂਨਜ਼ ਸਟੌਲਟਨਬਰਗ਼ ਨੇ ਚੀਨ ਦੇ ਵਧਦੇ ਹੋਏ ਕੱਦ ਨੂੰ 'ਔਗ਼ੇਨਾਇਜ਼ਡ ਚੈਲੇਂਜ' ਕਰਾਰ ਦਿੰਦਿਆਂ ਪੱਛਮੀ ਮੁਲਕਾਂ ਨੂੰ ਕਿਹਾ ਹੈ ਕਿ ਉਹ ਚੀਨ ਨੂੰ ਢੁਕਵਾਂ ਜਵਾਬ ਦੇਣ। ਇੰਗਲੈਂਡ ਅਤੇ ਅਮੈਰਿਕਾ ਨੇ ਸਟੌਲਟਨਬਰਗ਼ ਦੀ ਇਸ ਟਿੱਪਣੀ ਨਾਲ ਸਹਿਮਤੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਚੀਨ ਇੱਕ ਨਵੀਂ ਤਾਕਤ ਬਣ ਕੇ ਸੰਸਾਰ ਲਈ ਵੱਡਾ ਖ਼ਤਰਾ ਬਣਨ ਦੀ ਤਿਆਰੀ ਕਰ ਰਿਹਾ ਹੈ ਤੇ ਇਸ ਨੂੰ ਰੋਕਣਾ ਪਵੇਗਾ।




ਵਿਚਲੀ ਗੱਲ

# ਬਹੁੜੀਂ ਵੇ ਤਬੀਬਾ..!

(ਚਰਨਜੀਤ ਭੁੱਲਰ)

ਕਵੀ ਸੈਲੇਂਦਰ ਦਾ ਗੀਤ, ਗਾਇਆ ਮੁਕੇਸ ਨੇ, ਚੇਤਿਆਂ 'ਚ ਵਸਿਐ, 'ਮੇਰਾ ਜੂਤਾ ਹੈ ਜਾਪਾਨੀ, ਯੇ ਪਤਲੂਨ ਇੰਗਲਿਸਤਾਨੀ, ਸਿਰ ਪੇ ਲਾਲ ਟੋਪੀ ਰੂਸੀ, ਫ਼ਿਰ ਭੀ ਦਿਲ ਹੈ ਹਿੰਦੁਸਤਾਨੀ'। ਦਿਲ ਦੀ ਗੰਢ ਰਾਜ ਕਪੂਰ ਨੇ ਤਾਂ ਖੋਲ੍ਹ'ਤੀ, ਕੈਪਟਨ ਅਮਰਿੰਦਰ ਨੇ ਭੇਤ ਰੱਖਿਐ। ਠੇਡਾ ਸਿਆਸੀ ਗ੍ਰਹਿ ਖਾ ਜਾਣ, ਉਦੋਂ ਲੰਚ ਦਿੰਦੇ ਨੇ, ਡਿਨਰ ਦਿੰਦੇ ਨੇ, ਹੁਣੇ ਹੁਣੇ ਭਾਸ਼ਣ ਵੀ ਦਿੱਤੈ..'ਸਰਕਾਰੀ ਸਕੂਲਾਂ 'ਚ ਚੀਨੀ, ਅਰਬੀ ਤੇ ਫ਼ਰੈਂਚ ਭਾਸ਼ਾ ਪੜ੍ਹਾਵਾਂਗੇ।' ਅਧਰੰਗ ਦਾ ਦੌਰਾ ਜ਼ਜਰੂਰ ਉੜੇ ਆੜੇ ਨੂੰ ਪਿਆ ਹੋਊ। ਸਿੱਖਿਆ ਮੰਤਰੀ ਝੁੱਕ ਕੇ ਬੋਲੇ, ਹਜ਼ੂਰ! ਗੋਲੀ ਕੀਹਦੀ ਤੇ ਗਹਿਣੇ ਕੀਹਦੇ।

ਅਨਮੋਲ ਵਚਨ ਐ, 'ਸਾਰੰਗੀ ਦਾ ਪਤਾ, ਉਸ ਦੇ ਸੁਰਾਂ ਤੋਂ ਲੱਗਦਾ ਹੈ।' ਨਵੀਂ ਤਾਲ ਛੇੜੀ ਗਈ ਹੈ। ਬਈ! ਚੀਨੀ ਤੇ ਫ਼ਰੈਂਚ ਭਾਸ਼ਾ, ਮੁੰਡਿਆਂ ਦੇ ਵਿਦੇਸ਼ਾਂ 'ਚ ਕੈਰੀਅਰ ਬਣਾਉਣ ਦੇ ਕੰਮ ਆਊ। 'ਮਾਂ ਮਜ਼ਦੂਰ, ਪੁੱਤ ਆਲਮ ਖਾਂ'। ਮੱਥੇ 'ਤੇ ਹੱਥ ਪੰਜਾਬੀ 'ਵਰਸਿਟੀ ਨੇ ਮਾਰਿਆ। ਗੁਰੂਆਂ ਪੀਰਾਂ, ਸੂਫ਼ੀ ਸੰਤ- ਫ਼ਕੀਰਾਂ ਨੂੰ ਧਰਤੀ ਵਿਹਲ ਨਾ ਦੇਵੇ। ਤੁਸੀਂ ਤੋੜਾ ਭੰਨੋਗੇ, 'ਪੰਜਾਬ ਪੁਰਾਣੇ ਜਨਮਾਂ ਦਾ ਫ਼ਲ ਭੋਗ ਰਿਹੈ।' ਅਕਾਲੀ ਚਿੱਕੜ ਸੁੱਟਣਗੇ, 'ਮਹਾਰਾਜਾ ਤਾਂ ਚੋਣਾਂ ਮੌਕੇ ਹੀ ਪੰਜਾਬੀ ਬੋਲਦੈ'। ਅਮਰਿੰਦਰ ਦੇ ਗੁਮਾਸਤੇ ਦਾ ਜੁਆਬ ਸੁਣੋ, 'ਮਹਾਰਾਜੇ ਦੀ ਫ਼ੋਕਲ ਪੁਆਇੰਟੀ ਸੋਚ ਨਹੀਂ।' ਵਿੱਚੋਂ ਕਵੀ ਸੈਲੇਂਦਰ ਨੇ ਟੋਕਿਐ..'ਸੋਚਾਂ ਨੂੰ ਛੱਡੋ, ਦਿਲ ਬਾਰੇ ਦੱਸੋ।'

ਸਿਆਣੇ ਆਖਦੇ ਨੇ 'ਵਹਿਮ ਤਾਂ ਰੋਗ ਨਾਲੋਂ ਵੀ ਭੈੜਾ ਹੁੰਦੈ।' ਅਕਾਲੀ ਭਾਸ਼ਣ ਕੰਨੀਂ ਗੂੰਜਦੇ ਨੇ, 'ਪੰਜਾਬ ਨੂੰ ਪੈਰਿਸ ਬਣਾ ਦਿਆਂਗੇ।' ਦਸੌਂਧਾ ਸਿਓਂ ਖੜ੍ਹੇ ਪੈਰ ਜੁਆਬ ਮੰਗਦੈ, ਭਲਿਓ! ਨੁਕਤਾਚੀਨ ਨਾ ਬਣੋ..ਓਹ ਤਾਂ ਪੰਜਾਬ ਨੂੰ ਪੈਰਿਸ ਬਣਾ ਗਏ। ਫ਼ਰਾਂਸ ਦੀ ਮਾਂ -ਬੋਲੀ ਐ ਫ਼ਰੈਂਚ। ਮਹਾਰਾਜੇ ਦੀ ਸਰਕਾਰ ਫ਼ਰੈਂਚ ਪੜ੍ਹਾਏਗੀ। ਘਰ ਬੈਠੇ ਹੀ ਲੁੱਟੋ ਪੈਰਿਸ ਵਾਲੇ ਬੁੱਲ੍ਹੇ। ਬਾਬਾ ਬੁੱਲ੍ਹੇ ਸਾਹ ਤੋਂ ਰਿਹਾ ਨਾ ਗਿਆ, ਬਾਦਸ਼ਾਹੋ! ਵਿਦੇਸੀ ਭਾਸਾਵਾਂ ਵਾਲਾ ਹਲਟ ਜਿੰਨਾ ਮਰਜ਼ੀ ਚਲਾਓ, ਪਰ ਪੰਜਾਬੀ ਨੂੰ ਖਰਾਦ 'ਤੇ ਨਾ ਲਾਓ। ਅਮਰਿੰਦਰ ਦੀ ਸੋਚ ਦਾ ਖੇਤਰਫ਼ਲ, ਪੰਜਾਬ ਨਾਲੋਂ ਵੀ ਕਿਤੇ ਵੱਡੈ। ਜਰਮਨ ਨੂੰ ਜਰਮਨ ਪਿਆਰੀ, ਫ਼ਰਾਂਸ ਲਈ ਫ਼ਰੈਂਚ ਨਿਆਰੀ। ਪੱਛਮੀ ਬੰਗਾਲ 'ਚ ਬੰਗਾਲੀ ਦੀ ਕਿਆਰੀ, ਕਦੋਂ ਦੀ ਨਿੱਸਰੀ ਐ, ਰਾਖੀ 'ਤੇ ਮਮਤਾ ਬੈਨਰਜੀ ਬੈਠੀ ਐ। 'ਪੰਜਾਬੀ' ਦੇ ਖੇਤ, ਵਾੜ ਨੇ ਹੀ ਚਰ ਲਏ। ਬਾਬਿਆਂ ਨੇ ਪੰਜਾਬੀ ਦਾ ਛਿੱਟਾ ਦਿੱਤਾ, ਫ਼ਿਰੰਗਪੁਰੀਏ ਸੁਹਾਗੇ ਚਲਾ ਗਏ। 'ਸਾਜਣ ਦੇ ਹੱਥ ਡੋਰ ਅਸਾਡੀ, ਮੈਂ ਸਾਜਣ ਦੀ ਗੁੱਡੀ।' ਪੰਜਾਬੀਓ! ਬੱਸ ਮੋਹਰਾਂ ਪੰਜੇ 'ਤੇ ਲਾ ਦਿਓ, ਚੀਨੀ ਤੇ ਫ਼ਰੈਂਚ ਦੀ ਗੁੱਡੀ ਚੜ੍ਹਾ ਦਿਓ।

'ਪਰਾਇਆ ਗਹਿਣਾ ਪਾਇਆ, ਅੱਧਾ ਰੂਪ ਗਵਾਇਆ।' ਹੁਣ ਟਿੰਡ 'ਚ ਕਾਨਾ ਛੱਜੂ ਰਾਮ ਨੇ ਪਾਇਐ। ਪੁੱਛਦਾ ਪਿਆ ਏ 'ਘਰ-ਘਰ ਰੁਜ਼ਗਾਰ' ਵਾਲੀ ਹੱਟੀ ਦਾ ਕੀ ਬਣੂ। ਛੱਜੂ ਨੇ ਅੰਦਰਲੀ ਬੁੱਝੀ ਐ। ਹਕੂਮਤ ਵਿਦੇਸੀ ਭਾਸ਼ਾ ਸਿਖਾ ਮੁੰਡੇ ਵਿਦਸ਼ ਭੇਜ ਦੇਵੇਗੀ। ਫ਼ੇਰ ਕੌਣ ਟਾਵਰਾਂ 'ਤੇ ਚੜ੍ਹੂ ? ਮਾਤ ਭਾਸ਼ਾ ਤਾਂ ਮੂੰਹ ਪਰਨੇ ਡਿੱਗੀ ਐ। ਮਾਸੀ ਤੇ ਤਾਈ ਭਾਸ਼ਾ ਨੇ ਕਿੱਕਲੀ ਪਾਈ ਐ। ਵਾਰਿਸ ਸ਼ਾਹ ਫ਼ੱਟੀ ਫ਼ੜਾ ਬੋਲੇ ਸਨ, 'ਸੋਹਣੀ ਸੋਹਣੀ ਪੰਜਾਬੀ ਲਿਖਿਓ।' ਅੰਗਰੇਜ਼ਾਂ ਨੇ ਗਾਚਨੀ ਦੇ ਢੇਰ ਲਾ'ਤੇ..ਆਪਣਿਆਂ ਨੇ ਫ਼ੱਟੀ ਪੋਚਤੀ। ਔਹ ਦੇਖੋ, ਕਵੀ ਹਰਮਨਜੀਤ 'ਚਾਨਣ ਦਾ ਬਸਤਾ' ਚੁੱਕੀ ਫ਼ਿਰਦੈ। ਸਤਿੰਦਰ ਸਰਤਾਜ ਗਾਉਣੋਂ ਨਹੀਂ ਹਟ ਰਿਹਾ..'ਮੈਂ ਗੁਰਮੁਖੀ ਦਾ ਬੇਟਾ, ਮੈਨੂੰ ਤੋਰਦੇ ਨੇ ਅੱਖਰ/ਮਾਂ ਖੇਲਣੇ ਨੂੰ ਦਿੱਤੇ, ਬੜੀ ਲੋਰ ਦੇ ਨੇ ਅੱਖਰ।'

'ਕਦੇ ਦਾਦੇ ਦੀਆਂ, ਕਦੇ ਪੋਤੇ ਦੀਆਂ'। ਮਹਾਰਾਜਾ ਭੁਪਿੰਦਰ ਸਿੰਘ ਦਾ 'ਪੰਜਾਬੀ ਮੋਹ' ਗਜ਼ਬ ਦਾ ਸੀ। ਗੁਰਬਚਨ ਸਿੰਘ ਭੁੱਲਰ ਦੀ ਕਿਤਾਬ 'ਕਲਮ ਸਿਆਹੀ' ਪੜ੍ਹੋਗੇ, ਦਿਮਾਗ 'ਚ ਲਾਟੂ ਜਗਣਗੇ। ਮਹਾਰਾਜਾ ਭੁਪਿੰਦਰ ਸਿੰਘ ਨੇ ਪੰਜਾਬੀ ਨੂੰ ਰਿਆਸਤ ਦੀ ਰਾਜ ਭਾਸ਼ਾ ਬਣਾਇਆ। 'ਮਹਿਕਮਾ ਪੰਜਾਬੀ' ਬਣਾ ਗੱਦੀ ਬਿਠਾਇਆ, ਹੁਣ ਭਾਸ਼ਾ ਵਿਭਾਗ ਆਖਦੇ ਨੇ। ਭਾਈ ਕਾਹਨ ਸਿੰਘ ਨਾਭਾ ਕੋਲ ਮਹਾਨਕੋਸ਼ ਦੀ ਪਹਿਲੀ ਛਪਾਈ ਲਈ ਪੈਸੇ ਦੀ ਥੁੜ੍ਹ ਸੀ, ਮਹਾਰਾਜਾ ਭੁਪਿੰਦਰ ਸਿੰਘ ਨੇ ਖ਼ਜ਼ਾਨੇ ਦਾ ਮੂੰਹ ਖੋਲ੍ਹ ਦਿੱਤਾ। 'ਵੇਲੇ -ਵੇਲੇ ਦਾ ਮੰਗਲ ਹੁੰਦੈ।'




ਮਮਤਾ ਬੈਨਰਜੀ ਦੀ ਪੰਜਾਬੀ ਪ੍ਰਤੀ ਮਮਤਾ ਦਾ ਕਮਾਲ ਦੇਖੋ। ਖੁੱਲ੍ਹੀ ਔਫ਼ਰ ਭੇਜੀ, 'ਬੰਗਾਲ ਆਓ, ਪੰਜਾਬੀ ਭਵਨ ਬਣਾਓ, ਚਾਹੇ ਪੰਜਾਬੀ ਅਕਾਦਮੀ ਬਣਾਓ, ਖਰਚਾ ਬੰਗਾਲ ਸਰਕਾਰ ਚੁੱਕੇਗੀ।' ਚੇਤੇ ਮਨਪ੍ਰੀਤ ਬਾਦਲ ਵੀ ਆਏ ਨੇ। ਪੰਜਾਬੀ ਭਵਨ ਲੁਧਿਆਣਾ ਦਾ ਵਿਹੜਾ, ਗੱਠਜੋੜ ਸਰਕਾਰ ਸੀ ਤੇ ਮੁੱਖ ਮਹਿਮਾਨ ਮਨਪ੍ਰੀਤ ਬਾਦਲ ਸਨ। ਕਵੀਆਂ ਨੇ ਸੰਗਦੇ -ਸੰਗਦੇ 10 ਲੱਖ ਦੀ ਗਰਾਂਟ ਮੰਗੀ। ਮਨਪ੍ਰੀਤ ਦੀ ਫ਼ਰਾਖਦਿਲੀ ਵੇਖੋ..'ਪੰਜਾਬੀ ਦੇ ਵਾਰਸੋ! ਕੇਵਲ 10 ਲੱਖ, ਥੋਨੂੰ ਤਾਂ ਮੰਗਣਾ ਵੀ ਨਹੀਂ ਆਇਆ, ਏਨਾ ਵੱਡਾ ਪੰਜਾਬ ਦਾ ਖਜ਼ਾਨਾ, ਪੂਰੇ 5 ਕਰੋੜ ਦਿਆਂਗਾ। ਤਾੜੀਆਂ ਦੀ ਗੂੰਜ ਨੇ ਭਵਨ ਹਿਲਾ'ਤਾ। ਚਾਅ ਨਾ ਚੁੱਕਿਆ ਜਾਏ। ਕਵੀ ਤਾਂ ਭੋਲੇ ਪੰਛੀ ਹੁੰਦੇ ਨੇ। ਹੁਣ ਕਿੰਨੇ ਹੀ ਵਰ੍ਹੇ ਬੀਤ ਚੱਲੇ ਨੇ..। ਲੇਖਕ ਪੰਜਾਬੀ ਭਵਨ ਦੀ ਦੇਹਲੀ 'ਤੇ ਬੈਠੇ ਨੇ.. ਨੋਟਾਂ ਵਾਲਾ ਟਰੱਕ ਉਡੀਕਦੇ ਪਏ ਨੇ। ਭਾਸ਼ਾ ਵਿਭਾਗ ਦੇ ਖਰੜਿਆਂ ਨਾਲ ਜੋ ਜੱਗੋਂ ਤੇਰ੍ਹਵੀਂ ਹੋਈ, ਉਹ ਕਦੇ ਫ਼ੇਰ ਦੱਸਾਂਗੇ। ਨੇਤਾ ਜਨੋ! ਘੱਟੋ- ਘੱਟ ਮਹਿੰਦਰ ਸਿੰਘ ਰੰਧਾਵਾ ਵਾਲੀ ਡੰਡੀ 'ਤੇ ਹੀ ਤੁਰ ਪੈਂਦੇ। ਵੱਡੇ ਬਾਦਲ ਦੇ ਸਿਆਸੀ ਗੁਰੂ ਗਿਆਨੀ ਕਰਤਾਰ ਸਿੰਘ ਸਨ। ਗਿਆਨੀ ਜੀ ਮਾਲ ਮੰਤਰੀ ਸਨ, ਉਨ੍ਹਾਂ ਪੰਜਾਬੀ ਭਵਨ ਲਈ 2 ਕਿੱਲੇ ਜ਼ਮੀਨ ਅਲਾਟ ਕੀਤੀ ਸੀ। ਇੱਕ ਕਿੱਲਾ ਵੱਡੇ ਬਾਦਲ ਨੇ ਵੀ 'ਲੇਖਕ ਭਵਨ' ਲਈ ਐਲਾਨਿਆ ਸੀ। ਲੇਖਕ ਜਰੀਬਾਂ ਚੁੱਕੀ ਫ਼ਿਰਦੇ ਨੇ, ਮੁਹਾਲੀ 'ਚ ਕਿਧਰੇ ਕਿੱਲਾ ਲੱਭਾ ਨਹੀਂ। 'ਸੱਚ ਕਹੇ ਮੈਂ ਨੰਗਾ ਚੰਗਾ'। ਪੁਆੜੇ ਦੀ ਜੜ੍ਹ ਮਰਹੂਮ ਮੁੱਖ ਮੰਤਰੀ ਲਛਮਣ ਸਿੰਘ ਗਿੱਲ ਨੇ। ਐਸੀ ਮੁਹਾਰਨੀ ਫ਼ੜੀ, 'ਰਾਜ ਭਾਸ਼ਾ ਐਕਟ-1967' ਬਣਾ ਕੇ ਹਟੇ। ਪੰਜਾਬੀ ਭਾਸ਼ਾ ਨੂੰ ਤਖ਼ਤ 'ਤੇ ਗੱਦੀਨਸ਼ੀਨ ਕੀਤਾ। ਜਥੇਦਾਰ ਤੋਤਾ ਸਿੰਘ ਵੀ ਕਿਤੇ ਘੱਟ ਨੇ।

ਬਤੌਰ ਸਿੱਖਿਆ ਮੰਤਰੀ ਗਰਜੇ, 'ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਵਾਂਗੇ।' ਜਥੇਦਾਰ ਜੀ ਨੇ ਲਛਮਣ ਗਿੱਲ ਦੇ ਪਿੰਡ ਚੂਹੜਚੱਕ ਤੋਂ ਅੰਗਰੇਜ਼ੀ ਵਾਲਾ ਫ਼ੀਤਾ ਖਿੱਚਿਆ। ਪੰਜਾਬੀ ਦਾ ਅਖਾਣ ਚੇਤੇ ਹੋਏਗਾ..'ਹਿੱਕ 'ਤੇ ਦੀਵਾ ਬਾਲਣਾ'। ਪੰਜਾਬੀ ਦਾ ਢੂਲਾ ਹਿੱਲਿਐ। ਅੰਗਰਜ਼ੀ ਚੁਬਾਰੇ ਚੜ੍ਹ ਬੈਠੀ ਹੈ। ਵੱਡੇ ਬਾਦਲ ਨੇ ਅਗਲੀ ਪਾਰੀ 'ਚ, 'ਰਾਜ ਭਾਸ਼ਾ ਐਕਟ' 'ਚ ਸੋਧ ਕਰ ਕੇ, ਮਾਂ ਬੋਲੀ ਦੇ ਮੁੜ ਪੈਰੀਂ ਹੱਥ ਲਾਏ। ਅਕਾਲੀਆਂ ਨੇ ਨਾਅਰੇ ਲਾਏ, 'ਮਾਂ - ਬੋਲੀ ਦਾ ਰਾਖਾ ਜ਼ਿੰਦਾਬਾਦ'। ਭਾਸ਼ਾ ਬੱਸ ਆਹ ਦਿਨ ਭਾਸ਼ਾ ਵਿਭਾਗ ਨੂੰ ਕਦੇ 'ਪੰਜਾਬ ਦਿਵਸ' ਮਨਾਉਣ ਜੋਗੇ ਪੈਸੇ ਵੀ ਨਹੀਂ ਜੁੜੇ। ਮਾਤ ਭਾਸ਼ਾ ਦੇ ਹੱਡ-ਪੈਰ ਜੁੜੇ ਨੇ, ਕੋਈ ਵੈਦ ਤਾਂ ਬਹੁੜੇ। ਲੇਖਕਾਂ ਕੋਲ ਬਹੁਤਾ ਪੈਸਾ- ਧੇਲਾ ਤਾਂ ਹੁੰਦਾ ਨਹੀਂ। ਜਸਵੰਤ ਸਿੰਘ ਰਾਹੀ ਵਾਂਗੂ ਅੱਖਰ ਝਰੀਟਣ ਜੋਗੇ ਨੇ..'ਗੌਰਮਿੰਟ ਨੇ ਝੱਗਾ ਦਿੱਤਾ, ਪਾ ਲਓ ਲੋਕੋ ਪਾ ਲਓ/ਅੱਗਾ ਪਿੱਛਾ ਹੈ ਨਹੀਂ ਜੇ ਤੇ, ਬਾਹਵਾਂ ਆਪ ਲੁਆ ਲਓ।' ਕਿਤੇ ਤੱਪੜਾਂ ਵਾਲੇ ਸਕੂਲਾਂ 'ਚ ਪੜ੍ਹੇ ਹੁੰਦੇ, ਨਿੱਕੇ ਹੁੰਦੇ ਪੰਜਾਬੀ ਵਾਲਾ 'ਗੂਠਾ ਚੁੰਘਦੇ ਹੁੰਦੇ ਤਾਂ ਏਹ ਨੇਤਾ ਭਾਵੇਂ ਪਤਲੂਨ ਇੰਗਲਿਸਤਾਨੀ ਹੀ ਪਾਉਂਦੇ, ਦਿਲ ਦੇ ਮੰਦਰ 'ਚ ਟੱਲ ਪੰਜਾਬੀ ਦੇ ਹੀ ਖੜਕਦੇ। ਫ਼ਿਲਪੀਨੀ ਫ਼ਰਮਾਉਂਦੇ ਨੇ..'ਬਿਨਾਂ ਆਪਣੀ ਬੋਲੀ ਦੇ ਕੋਈ ਵੀ ਕੌਮ ਬਿਨਾਂ ਦਿਲ ਵਾਲੀ ਕੌਮ ਅਖਵਾਉਂਦੀ ਹੈ।' ਅਸੈਂਬਲੀ 'ਚ ਵੀ ਮੁੱਖ ਮੰਤਰੀ ਨੇ 'ਚੀਨੀ ਭਾਸ਼ਾ' ਦੇ ਗੁਣ ਗਾਏ ਸਨ। ਪੰਜਾਬੀ ਦੇ ਜਥੇਦਾਰ ਜੋਦੜੀ ਕਰਦੇ ਪਏ ਨੇ, ਸਿਆਸੀ ਗੁਰਮੁਖੋ! ਹੇਕ ਕਿਸੇ ਮਰਜ਼ੀ ਭਾਸ਼ਾ ਦੀ ਗੱਜ- ਵੱਜ ਲਾਓ ਪਰ ਪੰਜਾਬੀ ਨੂੰ ਤਰਸਦੀਨ ਨਾ ਬਣਾਓ।

# ਜੈਪਾਲ ਭੁੱਲਰ ਨੂੰ ਮੁਕਾਬਲੇ 'ਚ ਨਹੀਂ ਤਸੀਹੇ ਦੇ ਮਾਰਿਆ ? ਪਰਿਵਾਰ ਨੇ ਕੀਤਾ ਹਾਈਕੋਰਟ ਦਾ ਰੁਖ਼

ਫ਼ਿਰੋਜ਼ਪੁਰ (ਪੰਜਾਬੀ ਅਖਬਾਰ ਬਿਊਰੋ) ਗੈਂਗਸਟਰ ਜੈਪਾਲ ਭੁੱਲਰ ਦੇ ਪਰਿਵਾਰ ਨੇ ਹਾਈਕੋਰਟ ਦਾ ਰੁਖ਼ ਕੀਤਾ ਹੈ। ਜੈਪਾਲ ਦੇ ਪਿਤਾ ਨੇ ਕਿਹਾ ਕਿ ਅਸੀਂ ਹਾਈਕੋਰਟ ਵਿੱਚ ਅਪੀਲ ਕਰਾਂਗੇ। ਉਨ੍ਹਾਂ ਨੇ ਮੁਕਾਬਲੇ 'ਤੇ ਸਵਾਲ ਖੜ੍ਹੇ ਕੀਤੇ ਹਨ। ਜੈਪਾਲ ਦੇ ਪਿਤਾ ਨੇ ਦੋਸ਼ ਲਾਇਆ ਸੀ ਕਿ ਜੈਪਾਲ ਨੂੰ ਤਸੀਹੇ ਦੇ ਕੇ ਮਾਰਿਆ ਗਿਆ ਸੀ ਤੇ ਮਗਰੋਂ ਮੁਕਾਬਲਾ ਕਹਿ ਦਿੱਤਾ ਗਿਆ ਸੀ।

ਉਨ੍ਹਾਂ ਦਾ ਕਹਿਣਾ ਹੈ ਕਿ ਮੁਕਾਬਲੇ ਤੋਂ ਪਹਿਲਾਂ ਉਸ ਦੀਆਂ ਪਸਲੀਆਂ ਤੋੜੀਆਂ ਗਈਆਂ ਸੀ। ਇਸ ਕਾਰਨ ਉਹ ਫ਼ਿਰ ਪੋਸਟ ਮਾਰਟਮ ਦੀ ਮੰਗ ਕਰ ਰਹੇ ਹਨ। ਫ਼ਿਰੋਜ਼ਪੁਰ ਦੇ ਪ੍ਰਸ਼ਾਸ਼ਨ ਨੇ ਕਿਹਾ ਕਿ ਸਿਰਫ਼ ਹਾਈਕੋਰਟ ਹੀ ਕੋਈ ਫ਼ੈਸਲਾ ਕਰ ਸਕਦੀ ਹੈ।



ਜ਼ਿਕਰਯੋਗ ਹੈ ਕਿ 9 ਜੂਨ ਨੂੰ ਗੈਂਗਸਟਰ ਜੈਪਾਲ ਭੁੱਲਰ ਦਾ ਕੋਲਕਾਤਾ ਵਿੱਚ ਪੰਜਾਬ ਪੁਲੀਸ ਦੀ ਓਕੂ ਤੇ ਐੱਸ.ਟੀ.ਐੱਫ਼. ਕੋਲਕਾਤਾ ਵਲੋਂ ਐਨਕਾਊਂਟਰ ਕਰ ਦਿੱਤਾ ਸੀ। ਉਸ ਤੋਂ ਬਾਅਦ 12 ਜੂਨ ਨੂੰ ਜੈਪਾਲ ਦੀ ਮ੍ਰਿਤਕ ਦੇਹ ਨੂੰ ਪੰਜਾਬ ਦੇ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਉਸ ਦੇ ਘਰ ਲਿਆਂਦਾ ਗਿਆ ਸੀ। ਗੈਂਗਸਟਰ ਦੇ ਪਿਤਾ ਨੇ ਲਾਸ਼ ਦੀ ਮੁੜ ਵੀਡੀਓਗ੍ਰਾਫ਼ੀ ਕਰਵਾ ਕੇ ਪੋਸਟ ਮਾਰਟਮ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਜਦ ਤਕ ਲਾਸ਼ ਦਾ ਦੁਬਾਰਾ ਪੋਸਟ ਮਾਰਟਮ ਨਹੀਂ ਕੀਤਾ ਜਾਂਦਾ ਉਦੋਂ ਤੱਕ ਉਹ ਆਪਣੇ ਪੁੱਤਰ ਦਾ ਸੰਸਕਾਰ ਨਹੀਂ ਕਰਨਗੇ। ਜੈਪਾਲ ਦੇ ਪਿਤਾ ਸੇਵਾ ਮੁਕਤ ਇੰਸਪੈਕਟਰ ਭੁਪਿੰਦਰ ਸਿੰਘ ਨੇ ਇਸ ਸਬੰਧੀ ਜ਼ਿਲ੍ਹਾ ਬਠਿੰਡਾ ਪ੍ਰਸ਼ਾਸ਼ਨ ਨੂੰ ਲਿਖਤੀ ਪੱਤਰ ਦਿੱਤਾ ਹੈ।

ਉਨ੍ਹਾਂ ਨੇ ਦੱਸਿਆ ਕਿ ਜਦੋਂ ਉਹ ਆਪਣੇ ਪੁੱਤਰ ਦੀ ਲਾਸ਼ ਲਿਆਉਣ ਲਈ ਕੋਲਕਾਤਾ ਗਿਆ ਸੀ ਤਾਂ ਪੁਲੀਸ ਵਾਲਿਆਂ ਨੇ ਉਸ ਨੂੰ ਦੱਸਿਆ ਕਿ ਲਾਸ਼ ਨੂੰ ਕੈਮੀਕਲ ਲਗਾ ਕੇ ਪੈਕ ਕੀਤਾ ਹੋਇਆ ਸੀ। ਉਨ੍ਹਾਂ ਕਿਹਾ ਕਿ ਪੈਕ ਬੌਡੀ ਨੂੰ ਖੋਲ੍ਹਿਆ ਨਾ ਜਾਵੇ। ਭੁਪਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਲਾਸ਼ ਖੋਲ੍ਹੀ ਗਈ ਤਾਂ ਉਸ ਦੇ ਸਰੀਰ 'ਤੇ ਕਈ ਥਾਂਵਾਂ 'ਤੇ ਸੱਟਾਂ ਦੇ ਨਿਸ਼ਾਨ ਸੀ। ਉਸ ਦਾ ਖੱਬਾ ਹੱਥ ਤੇ ਮੋਢਾ ਟੁੱਟਿਆ ਹੋਇਆ ਸੀ।

ਉਨ੍ਹਾਂ ਨੇ ਖਦਸ਼ਾ ਜ਼ਾਹਿਰ ਕੀਤਾ ਕਿ ਜੈਪਾਲ ਨੂੰ ਮੁਕਾਬਲੇ ਤੋਂ ਪਹਿਲਾਂ ਬੁਰੀ ਤਰ੍ਹਾਂ ਕੁੱਟਿਆ ਗਿਆ ਸੀ ਤੇ ਉਸ ਤੋਂ ਬਾਅਦ ਉਸ ਨੂੰ ਗੋਲੀ ਮਾਰ ਦਿੱਤੀ ਗਈ ਸੀ। ਦੂਜੇ ਪਾਸੇ ਐੱਸ.ਡੀ.ਐੱਮ. ਅਮਿਤ ਕੁਮਾਰ ਗੁਪਤਾ ਨੇ ਦੱਸਿਆ ਕਿ ਉਸ ਨੂੰ ਜੈਪਾਲ ਦੀ ਲਾਸ਼ ਦਾ ਦੁਬਾਰਾ ਪੋਸਟ ਮਾਰਟਮ ਕਰਵਾਉਣ ਲਈ ਪੱਤਰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਵਿਚਲੀ ਵਿਵਸਥਾ ਮੁਤਾਬਕ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

